ੴ ਵਾਹਿਗੁਰੂ ਜੀ ਕੀ ਫ਼ਤਹ॥

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦਾ

ਮਾਸਿਕ ਪੱਤਰ

# ਗੁਰਦੁਆਰਾ ਗਜ਼ਟ

ਅੱਸੂ — ਨਾਨਕਸ਼ਾਹੀ ਸੰਮਤ ੫੪੮
ਅੰਕ ੯ — ਜਿਲਦ ੯੩
ਸਤੰਬਰ — ੨੦੧੬

**ਸੰਪਾਦਕ** — **ਦਿਲਜੀਤ ਸਿੰਘ 'ਬੇਦੀ'**

**ਸਹਾਇਤਾ**

| **ਦੇਸ਼** | **ਵਿਦੇਸ਼** |
| --- | --- |
| ਸਾਲਾਨਾ ੨੦/- | ਸਾਲਾਨਾ ੫੦੦/- |
| ਲਾਈਫ਼ ੨੦੦/- | (ਹਵਾਈ ਡਾਕ) |



***Website : www.sgpc.net***
***E-mail : gurdwaragazette@gmail.com***
***info@sgpc.net***

***Phone: 0183-255 3956-60, Ext. 254***


## ਜ਼ਰੂਰੀ ਬੇਨਤੀ

ਸੰਗਤਾਂ ਦੀ ਸਹੂਲਤ ਨੂੰ ਮੁੱਖ-ਰਖਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਬਿਰਧ ਸਰੂਪਾਂ ਦੀ ਸਾਂਭ-ਸੰਭਾਲ 'ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ', ਗੁਰਦੁਆਰਾ ਸ੍ਰੀ ਰਾਮਸਰ ਸਾਹਿਬ (ਨਜ਼ਦੀਕ ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ 'ਸ਼ਹੀਦ') ਵਿਖੇ ਕਰਨ ਦਾ ਫ਼ੈਸਲਾ ਕੀਤਾ ਹੈ। ਪਾਵਨ ਬਿਰਧ ਸਰੂਪ ਲੈ ਕੇ ਆਈਆਂ ਸੰਗਤਾਂ ਇਥੋਂ ਹੀ ਪਾਵਨ ਸਰੂਪ ਵੀ ਪ੍ਰਾਪਤ ਕਰ ਸਕਦੀਆਂ ਹਨ। ਸੋ ਸਮੂਹ ਸੰਗਤਾਂ ਦੀ ਸੇਵਾ ਵਿਚ ਬਿਨੈ ਹੈ ਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਬਿਰਧ ਸਰੂਪ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਵਿਖੇ ਲਿਆਉਣ ਦੀ ਕ੍ਰਿਪਾਲਤਾ ਕਰਨ।

ਗੁਰੂ-ਪੰਥ ਦਾ ਦਾਸ,
ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

---


ਕੇਂਦਰੀ ਲਾਇਬ੍ਰੇਰੀ ਕਮੇਟੀ ਅਤੇ ਸੰਚਾਲਕ ਲੋਕ ਸੰਪਰਕ ਵਿਭਾਗ ਚੰਡੀਗੜ੍ਹ ਦੀ ਚਿੱਠੀ ਨੰ: ਲ. ਸ. ਵ. (ਲਾਇਬ)-੬੮/੧੦੨੫੮ ਮਿਤੀ ੨੦-੬-੬੭ ਰਾਹੀਂ ਸਰਕਾਰੀ ਲਾਇਬ੍ਰੇਰੀਆਂ ਲਈ ਪ੍ਰਵਾਨ ਹੈ।

---

ਗੋਲਡਨ ਆਫਸੈੱਟ ਪ੍ਰੈੱਸ, ਗੁਰਦੁਆਰਾ ਰਾਮਸਰ ਸਾਹਿਬ, ਸ੍ਰੀ ਅੰਮ੍ਰਿਤਸਰ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲਈ **ਦਿਲਜੀਤ ਸਿੰਘ** ਪ੍ਰਿੰਟਰ ਤੇ ਪਬਲਿਸ਼ਰ ਨੇ ਛਪਵਾ ਕੇ ਦਫ਼ਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਤੋਂ ਜਾਰੀ ਕੀਤਾ।

***ਪ੍ਰਤੀ ਕਾਪੀ 2/-ਰੁਪਏ***


# ਲੇਖ ਸੂਚੀ


| *ਲੇਖ* | *ਪੰਨਾ* |
| --- | --- |
| ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਦੀ ਪਵਿੱਤਰ ਮਰਯਾਦਾ | ੪ |
| ਇਤਿਹਾਸਕ ਦਿਹਾੜੇ | ੫ |
| ਗੁਰਬਾਣੀ ਵਿਚਾਰ | ੭ |
| ਸੰਪਾਦਕੀ | ੮ |
| ਗੁਰਬਾਣੀ ਇਸੁ ਜਗ ਮਹਿ ਚਾਨਣੁ *-ਜਥੇਦਾਰ ਅਵਤਾਰ ਸਿੰਘ* | ੧੩ |
| ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮੂਲ ਸਿਧਾਂਤ *-ਡਾ. ਪਰਮਵੀਰ ਸਿੰਘ* | ੧੬ |
| ਸ਼ਬਦ-ਗੁਰੂ ਕੀ ਹੈ? *-ਪ੍ਰਿੰ. ਕਰਮ ਸਿੰਘ* | ੩੧ |
| ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੱਭਿਆਚਾਰਕ ਪੱਖ *-ਪ੍ਰਿੰ. ਸਰਮੁਖ ਸਿੰਘ ਅਮੋਲ* | ੩੬ |
| ਸਿੱਖ ਅਰਦਾਸ: ਸੰਕਲਪ ਅਤੇ ਮਹੱਤਵ *-ਸ. ਬੀਰਦਵਿੰਦਰ ਸਿੰਘ* | ੫੫ |
| ਖ਼ਬਰਨਾਮਾ | ੫੭ |
| ਹਿਸਾਬ-ਕਿਤਾਬ | ੮੧ |
| ***English Section*** | |
| Historical Events | *98* |
| Sri Guru Tegh Bahadur Sahib Ji *- S. Surjit Singh 'Gandhi'* | 100 |

ੴ ਸਤਿਗੁਰ ਪ੍ਰਸਾਦਿ॥

# ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਦੀ ਪਵਿੱਤਰ ਮਰਯਾਦਾ

## (ਮਹੀਨਾ ਅੱਸੂ)

| | |
|---|---|
| * ਕਿਵਾੜ ਖੁੱਲ੍ਹਣ ਦਾ ਸਮਾਂ | ੨-੪੫ ਵਜੇ ਅੰਮ੍ਰਿਤ ਵੇਲੇ |
| * ਕੀਰਤਨ ਆਰੰਭ ਅੰਮ੍ਰਿਤ ਵੇਲੇ | ੨-੪੫ ਵਜੇ ਅੰਮ੍ਰਿਤ ਵੇਲੇ |
| * ਆਸਾ ਦੀ ਵਾਰ ਦਾ ਕੀਰਤਨ ਆਰੰਭ | ੩-੪੫ ਵਜੇ ਸਵੇਰੇ |
| * ਪਾਲਕੀ ਸਾਹਿਬ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਚੱਲਣ ਦਾ ਸਮਾਂ | ੪-੪੫ ਵਜੇ ਸਵੇਰੇ |
| * ਪਹਿਲਾ ਹੁਕਮਨਾਮਾ | ੫-੧੫ ਵਜੇ ਸਵੇਰੇ |
| * ਪਹਿਲੀ ਅਰਦਾਸ | ੫-੪੫ ਵਜੇ ਸਵੇਰੇ |
| * ਆਸਾ ੭ਦੀ ਵਾਰ ਦੀ ਸਮਾਪਤੀ | ੬-੪੫ ਵਜੇ ਸਵੇਰੇ |
| * ਦੂਸਰੀ ਅਰਦਾਸ ਤੇ ਹੁਕਮਨਾਮਾ | ੬-੪੫ ਤੋਂ ੭-੦੦ ਵਜੇ ਤੱਕ ਸਵੇਰੇ |

* ਸ਼ਾਮ ਨੂੰ ਸੋਦਰੁ, ਰਹਰਾਸਿ ਸਾਹਿਬ ਦਾ ਪਾਠ ਸੂਰਜ ਛਿਪਣ ਉਪਰੰਤ ਸ਼ੁਰੂ ਹੁੰਦਾ ਹੈ।

| | |
|---|---|
| * ਹੁਕਮਨਾਮਾ ਰਾਤ ਨੂੰ ਸਮਾਪਤੀ ਸਮੇਂ | ੯-੪੫ ਵਜੇ ਰਾਤ |
| * ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੋਂ ਪਾਲਕੀ ਸਾਹਿਬ ਚੱਲਣ ਦਾ ਸਮਾਂ | ੧੦-੦੦ ਵਜੇ ਰਾਤ |
| * ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪਹੁੰਚਣ ਦਾ ਸਮਾਂ | ੧੦-੧੫ ਵਜੇ ਰਾਤ |

* ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਕਿਵਾੜ ਖੁੱਲ੍ਹਣ ਤੋਂ ਲੈ ਕੇ ਸਮਾਪਤੀ ਤਕ ਅਖੰਡ ਕੀਰਤਨ ਹੁੰਦਾ ਰਹਿੰਦਾ ਹੈ।
* ਰਾਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਜਾਣ ਉਪਰੰਤ ਇਕ ਘੰਟਾ ਸੇਵਾ ਤੇ ਸਫਾਈ ਆਦਿ ਉਪਰੰਤ ਇਸ਼ਨਾਨ ਕਰਾਉਣ ਦੀ ਸੇਵਾ ਸ਼ਰਧਾਲੂ, ਸੇਵਾਦਾਰਾਂ ਦੇ ਸਹਿਯੋਗ ਨਾਲ ਕਰਦੇ ਹਨ।
* ਇਸ਼ਨਾਨ ਸਮੇਂ ਮਿਲ ਕੇ ਪ੍ਰੇਮੀ ਇਸ਼ਨਾਨ ਕਰਾਉਂਦੇ ਹਨ ਅਤੇ ਨਾਲ ਬੜੇ ਹੀ ਪ੍ਰੇਮ ਸਹਿਤ ਰਸ-ਭਿੰਨੀ ਸੁਰ ਵਿਚ ਗੁਰਬਾਣੀ ਦੇ ਸ਼ਬਦ ਗਾਇਨ ਕਰਦੇ ਹਨ। ਇਸ਼ਨਾਨ ਆਦਿ ਦੀ ਸੇਵਾ ਕਰਾਉਣ ਉਪਰੰਤ ਵਿਛਾਈਆਂ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਿੰਘਾਸਨ ਸਜਾ ਕੇ ਅਰਦਾਸ ਹੁੰਦੀ ਹੈ ਤੇ ਕੜਾਹ ਪ੍ਰਸ਼ਾਦਿ ਦੀ ਦੇਗ ਵਰਤਦੀ ਹੈ।
* ਫਿਰ ਤਿੰਨ-ਪਹਿਰੇ ਦੀ ਚੌਂਕੀ ਦਾ ਕੀਰਤਨ ਆਰੰਭ ਹੁੰਦਾ ਹੈ।
* ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਵਿਚਕਾਰਲੀ ਛੱਤ ਅਤੇ ਗੁੰਬਦ ਵਿਚ ਹਰ ਵਕਤ ਅਖੰਡ ਪਾਠ ਸਾਹਿਬ ਚੱਲਦੇ ਹਨ, ਜਿਨ੍ਹਾਂ ਦਾ ਵਾਰੀ ਨਾਲ ਰੋਜ਼ਾਨਾ ਇਕ ਅਖੰਡ ਪਾਠ ਸਾਹਿਬ ਦਾ ਭੋਗ ਪੈਂਦਾ ਹੈ।

*ਪਾਠਕ/ਲੇਖਕ 'ਗੁਰਦੁਆਰਾ ਗਜ਼ਟ' ਲਈ ਰਚਨਾਵਾਂ, ਸਹਾਇਤਾ ਅਤੇ ਸੁਝਾਅ ਹੇਠ ਲਿਖੇ ਪਤੇ 'ਤੇ ਭੇਜਣ ਦੀ ਕ੍ਰਿਪਾਲਤਾ ਕਰਨ :*

**ਸਕੱਤਰ,**
**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ-੧੪੩੦੦੬**
**ਫੋਨ : ੦੦੯੧-੧੮੩-੨੫੫੩੯੫੭,੫੮,੫੯**

# ੧੬ ਸਤੰਬਰ ਤੋਂ ੧੫ ਅਕਤੂਬਰ ਵਿਚਲੇ ਇਤਿਹਾਸਕ ਦਿਹਾੜੇ

੧੬ ਸਤੰਬਰ (ੳ) ਸ. ਅਜੀਤ ਸਿੰਘ ਤੇ ਸ. ਲਹਿਣਾ ਸਿੰਘ ਸੰਧਾਵਾਲੀਆ ਦਾ ਕਤਲ ਕੀਤਾ ਗਿਆ। (੧੬-੯-੧੮੪੩)

(ਅ) ਬਿਲਾਸਪੁਰ ਦਾ ਰਾਜਾ ਭੀਮ ਚੰਦ ਚਲਾਣਾ ਕਰ ਗਿਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਉਸ ਦੀ ਅੰਤਮ ਰਸਮ ਸਮੇਂ ਬਿਲਾਸਪੁਰ ਗਏ। (੧੬-੯-੧੬੯੨)

(ੲ) ਖਾਲਸਾ ਕਾਲਜ ਅੰਮ੍ਰਿਤਸਰ ਦੇ ਵਿਦਿਆਰਥੀਆਂ ਵੱਲੋਂ ਚੰਦੋ ਕਲਾਂ (ਹਰਿਆਣਾ) ਵਿਖੇ ਪੁਲਿਸ ਵੱਲੋਂ ਕੀਤੀ ਵਧੀਕੀ ਦੇ ਵਿਰੁੱਧ ਰੋਸ ਮਾਰਚ ਕਰਨ 'ਤੇ ਪੁਲਿਸ ਨੇ ਕਾਲਜ ਦੇ ਅੰਦਰ ਦਾਖਲ ਹੋ ਕੇ ਵਿਦਿਆਰਥੀਆਂ 'ਤੇ ਹਮਲਾ ਕੀਤਾ ਜਿਸ ਕਾਰਨ ਕਈ ਫੱਟੜ ਹੋ ਗਏ ਤੇ ਕੁਝ ਪੁਲਿਸ ਨੇ ਗ੍ਰਿਫਤਾਰ ਕਰ ਲਏ। (੧੬-੯-੧੯੮੧)

੧੮ ਸਤੰਬਰ (ੳ) ਪਾਉਂਟਾ ਸਾਹਿਬ ਤੋਂ ੭-੮ ਮੀਲ ਦੀ ਦੂਰੀ 'ਤੇ ਭੰਗਾਣੀ ਦੇ ਸਥਾਨ 'ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪਹਾੜੀ ਰਾਜੇ ਫਤਹਿ ਸ਼ਾਹ ਨਾਲ ਪਹਿਲੀ ਜੰਗ ਹੋਈ। ਇਸ ਯੁੱਧ ਵਿਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਸਪੁੱਤਰੀ ਬੀਬੀ ਵੀਰੋ ਜੀ ਦੇ ਸਪੁੱਤਰ ਭਾਈ ਸੰਗੋਸ਼ਾਹ ਜੀ ਤੇ ਭਾਈ ਜੀਤ ਮੱਲ, ਭਾਈ ਮਨੀ ਸਿੰਘ ਜੀ ਦੇ ਭਰਾ ਭਾਈ ਹਰੀ ਦਾਸ, ਭਾਈ ਖੇਮਾ ਚੰਦਨੀਆ ਦੇ ਸਪੁੱਤਰ ਭਾਈ ਊਦਾ ਆਦਿ ਨੇ ਬੜੀ ਬੀਰਤਾ ਨਾਲ ਲੜਾਈ ਲੜੀ ਤੇ ਸ਼ਹੀਦੀ ਪ੍ਰਾਪਤ ਕੀਤੀ। (੧੮-੯-੧੬੮੮)

(ਅ) ਸਿੱਖ ਰਾਜ ਦੇ ਆਖਰੀ ਰਾਜੇ ਸ. ਦਲੀਪ ਸਿੰਘ ਨੂੰ ਰਾਜ ਤਿਲਕ ਮਿਲਿਆ। (੧੮-੯-੧੮੪੩)

੨੦ ਸਤੰਬਰ (ੳ) ਮਾਸਟਰ ਤਾਰਾ ਸਿੰਘ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਚੁਣੇ ਗਏ। (੨੦-੯-੧੯੫੫)

(ਅ) ਸ਼੍ਰੋਮਣੀ ਅਕਾਲੀ ਦਲ ਦੇ ਲੀਡਰਾਂ ਦੀ ਗ੍ਰਹਿ ਮੰਤਰੀ ਲਾਲ ਬਹਾਦਰ ਸ਼ਾਸਤਰੀ ਨਾਲ ਪੰਜਾਬੀ ਸੂਬੇ ਸਬੰਧੀ ਅਹਿਮ ਗੱਲਬਾਤ ਹੋਈ। (੨੦-੯-੧੯੬੧)

(ੲ) ਗੁਰਦੁਆਰਾ ਸਾਹਿਬਾਨ ਵਿਖੇ ਪੁਲਿਸ ਦਾਖਲੇ ਦੇ ਰੋਸ ਵਜੋਂ ਅਕਾਲੀ ਪਾਰਟੀ ਦੇ ਵਿਧਾਇਕਾਂ ਨੇ ਪੰਜਾਬ ਅਸੈਂਬਲੀ 'ਚੋਂ ਵਾਕ ਆਊਟ ਕੀਤਾ। (੨੦-੯-੧੯੬੧)

੨੧ ਸਤੰਬਰ ਇਕ ਮਾਸੂਮ ਸਿੱਖ ਬੱਚੇ ਕਾਕਾ ਇੰਦਰਜੀਤ ਸਿੰਘ ਨੂੰ 'ਪੰਜਾਬੀ ਸੂਬੇ' ਦੇ ਨਾਅਰੇ ਲਗਾਉਣ 'ਤੇ ਕਰਨਾਲ ਵਿਚ ਪੁਲਿਸ ਨੇ ਜਾਨੋਂ ਮਾਰ ਦਿੱਤਾ ਤੇ ਉਸ ਦੀ ਲਾਸ਼ ਇਕ ਖੂਹ ਵਿਚ ਸੁੱਟ ਦਿੱਤੀ। (੨੧-੯-੧੯੬੦)

੨੩ ਸਤੰਬਰ ਪੰਜਾਬ ਸੰਬੰਧੀ ਅਤੇ ਹੋਰ ਮਸਲੇ ਵਿਚਾਰਨ ਲਈ ਭਾਰਤ ਸਰਕਾਰ ਨੇ ਇੰਦਰਾ ਗਾਂਧੀ, ਮਹਾਂਬੀਰ ਤਿਆਗੀ ਅਤੇ ਵਾਈ. ਬੀ. ਚਵਾਨ 'ਤੇ ਅਧਾਰਤ ਇਕ ਤਿੰਨ ਮੈਂਬਰੀ ਕੈਬਨਿਟ ਕਮੇਟੀ ਕਾਇਮ ਕੀਤੀ। (੨੩-੯-੧੯੬੫)

੨੪ ਸਤੰਬਰ ਸਿੰਘ ਸਭਾ ਲਹਿਰ ਦੇ ਮੋਢੀ, ਮਹਾਨ ਸਿੱਖ ਮਿਸ਼ਨਰੀ ਤੇ ਪ੍ਰਸਿੱਧ ਵਿਦਵਾਨ ਪ੍ਰੋਫੈਸਰ ਗੁਰਮੁਖ ਸਿੰਘ ਚਲਾਣਾ ਕਰ ਗਏ। (੨੪-੯-੧੮੯੬)

੨੫ ਸਤੰਬਰ (ੳ) ਭਾਰਤ ਸਰਕਾਰ ਨੇ ਕਿਰਪਾਨ ਪਹਿਨਣ 'ਤੇ ਲਾਈ ਪਾਬੰਦੀ ਵਾਪਸ ਲਈ। (੨੫-੯-੧੯੩੫)

| | | |
|---|---|---|
| | (ਅ) | ਚੰਡੀਗੜ੍ਹ ਵਿਖੇ ਇਕ ਸਰਬ ਪਾਰਟੀ ਕਾਨਫਰੰਸ ਹੋਈ ਜਿਸ ਵਿਚ ਚੰਡੀਗੜ੍ਹ ਪੰਜਾਬ ਨੂੰ ਦੇਣ ਦੀ ਮੰਗ ਕੀਤੀ। (੨੫-੯-੧੯੬੯) |
| ੨੮ ਸਤੰਬਰ | | ਸ਼੍ਰੋਮਣੀ ਅਕਾਲੀ ਦਲ ਨੇ, ਮਹਾਤਮਾ ਗਾਂਧੀ ਵੱਲੋਂ 'ਸਿੱਖ ਕਿਰਪਾਨ' ਸਬੰਧੀ ਆਖੇ ਲਫਜ਼ਾਂ ਦੀ ਨਿੰਦਾ ਕੀਤੀ। (੨੮-੯-੧੯੪੦) |
| ੨੯ ਸਤੰਬਰ | (ੳ) | ਬਜਬਜ ਘਾਟ (ਕਲਕੱਤਾ) ਵਿਖੇ ਪੁਲਿਸ/ਫੌਜ ਦੀ ਫਾਇਰਿੰਗ ਨਾਲ ਕਾਮਾ-ਗਾਟਾ ਮਾਰੂ ਜਹਾਜ਼ ਦੇ ਕਈ ਸਿੱਖ ਯਾਤਰੂ ਮਾਰੇ ਗਏ। (੨੯-੯-੧੯੧੪) |
| | (ਅ) | ਸਾਕਾ ਨੀਲਾ ਤਾਰਾ ਤੋਂ ਬਾਅਦ ਭਾਰਤੀ ਫੌਜ ਸ੍ਰੀ ਦਰਬਾਰ ਸਾਹਿਬ ਸਮੂਹ 'ਚੋਂ ਬਾਹਰ ਨਿਕਲੀ। (੨੯-੯-੧੯੮੪) |
| ੩੦ ਸਤੰਬਰ | | ਭਾਰਤ ਸਰਕਾਰ ਨੇ ਭਾਰਤ ਦੀਆਂ ਅੰਦਰੂਨੀ ਹਵਾਈ ਉਡਾਨਾਂ ਵਿਚ ਵੀ 'ਕਿਰਪਾਨ' 'ਤੇ ਪਾਬੰਦੀ ਲਗਾ ਦਿੱਤੀ। (੩੦-੯-੧੯੮੧) |
| ੧ ਅਕਤੂਬਰ | | ਪੰਜਾਬੀ ਸੂਬੇ ਦੇ ਮਸਲੇ 'ਤੇ ਇਕ ਹਾਈ ਪਾਵਰ ਕਮਿਸ਼ਨ ਬਣਾਉਣ 'ਤੇ ਮਾਸਟਰ ਤਾਰਾ ਸਿੰਘ ਨੇ ਆਪਣੀ ਭੁੱਖ ਹੜਤਾਲ ਤੋੜ ਦਿੱਤੀ। (੧-੧੦-੧੯੬੧) |
| ੨ ਅਕਤੂਬਰ | | ਸੰਤ ਚੰਨਣ ਸਿੰਘ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਚੁਣੇ ਗਏ। (੨-੧੦-੧੯੬੨) |
| ੩ ਅਕਤੂਬਰ | | ਸਿੱਖਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਵਿਚ ਰਾਹੋਂ 'ਤੇ ਕਬਜ਼ਾ ਕੀਤਾ। (੩-੧੦-੧੭੧੦) |
| ੫ ਅਕਤੂਬਰ | (ੳ) | ਬਾਬਾ ਬੰਦਾ ਸਿੰਘ ਬਹਾਦਰ ਨੰਦੇੜ ਤੋਂ ਪੰਜਾਬ ਵੱਲ ਰਵਾਨਾ ਹੋਏ। (੫-੧੦-੧੭੦੮) |
| | (ਅ) | ਸਿੱਖਾਂ ਨੇ ਬਾਬੇ ਦੀ ਬੇਰ, ਸਿਆਲਕੋਟ (ਪਾਕਿਸਤਾਨ) ਦਾ ਪ੍ਰਬੰਧ ਮਹੰਤ ਪਾਸੋਂ ਆਪਣੇ ਅਧੀਨ ਲਿਆ। (੫-੧੦-੧੯੨੦) |
| | (ੲ) | ਸ. ਪ੍ਰੀਤਮ ਸਿੰਘ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਚੁਣੇ ਗਏ। (੫-੧੦-੧੯੫੨) |
| ੭ ਅਕਤੂਬਰ | (ੳ) | ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਧਰਮ ਪਤਨੀ ਮਾਤਾ ਸੁਲੱਖਣੀ ਜੀ ਅਕਾਲ ਚਲਾਣਾ ਕਰ ਗਏ। (੭-੧੦-੧੫੩੯) |
| | (ਅ) | ਗੁਰੂ-ਘਰ ਦੇ ਸ਼ਰਧਾਲੂ ਭਾਈ ਮੱਖਣ ਸ਼ਾਹ ਲੁਬਾਣਾ ਨੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਬਾਬਾ ਬਕਾਲਾ ਵਿਖੇ ਦਰਸ਼ਨ ਕੀਤੇ ਤੇ ਕੋਠੇ 'ਤੇ ਚੜ੍ਹ ਕੇ ਪੱਲਾ ਫੇਰਦਿਆਂ ਉੱਚੀ ਪੁਕਾਰ ਕੇ ਕਿਹਾ: "ਗੁਰੂ ਲਾਧੋ ਰੇ, ਗੁਰੂ ਲਾਧੋ ਰੇ"। (੭-੧੦-੧੬੬੪) |
| ੮ ਅਕਤੂਬਰ | | ਪਿੰਡ ਪੂਹਲਾ, ਜ਼ਿਲ੍ਹਾ ਲਾਹੌਰ (ਹੁਣ ਅੰਮ੍ਰਿਤਸਰ), ਦੇ ਵਾਸੀ ਭਾਈ ਤਾਰੂ ਸਿੰਘ ਨੂੰ ਸਿੰਘਾਂ ਦੀ ਸੇਵਾ ਕਰਨ ਦੇ ਦੋਸ਼ ਵਿਚ ਗ੍ਰਿਫਤਾਰ ਕੀਤਾ ਗਿਆ ਅਤੇ ਇਸਲਾਮ ਕਬੂਲ ਨਾ ਕਰਨ 'ਤੇ ਕੇਸਾਂ ਸਮੇਤ ਖੋਪਰੀ ਉਤਾਰ ਕੇ ਲਾਹੌਰ ਦੇ ਲੰਡੇ ਬਜ਼ਾਰ ਵਿਚ ਸ਼ਹੀਦ ਕਰ ਦਿੱਤਾ ਗਿਆ। (੮-੧੦-੧੭੪੫) |
| ੯ ਅਕਤੂਬਰ | | ਮਹਾਰਾਜਾ ਰਣਜੀਤ ਸਿੰਘ ਦੇ ਦੇਹਾਂਤ ਤੋਂ ਬਾਅਦ ਡੋਗਰਿਆਂ ਦੀ ਕਮੀਨੀ ਚਾਲ ਨਾਲ ਮਹਾਰਾਜਾ ਖੜਕ ਸਿੰਘ ਦੇ ਨਜ਼ਦੀਕੀ ਸਾਥੀ ਚੇਤ ਸਿੰਘ ਨੂੰ ਧਿਆਨ ਸਿੰਘ ਡੋਗਰੇ ਨੇ ਮਹਾਰਾਜਾ ਖੜਕ ਸਿੰਘ ਦੇ ਸਾਹਮਣੇ ਕਤਲ ਕੀਤਾ। (੯-੧੦-੧੮੩੯) |
| ੧੨ ਅਕਤੂਬਰ | | ਜਥੇਦਾਰ ਤੇਜਾ ਸਿੰਘ 'ਭੁੱਚਰ' ਦੀ ਜਥੇਦਾਰੀ ਹੇਠ ੨੫ ਸਿੰਘਾਂ ਦੇ ਜਥੇ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਪਹਿਲੀ ਸੇਵਾ ਸੰਭਾਲੀ। (੧੨-੧੦-੧੯੨੦) |

■

**ਗੁਰਬਾਣੀ ਵਿਚਾਰ:**

# ਅਸੁਨਿ ਪ੍ਰੇਮ ਉਮਾਹੜਾ...

**ਅਸੁਨਿ ਪ੍ਰੇਮ ਉਮਾਹੜਾ ਕਿਉ ਮਿਲੀਐ ਹਰਿ ਜਾਇ॥**
**ਮਨਿ ਤਨਿ ਪਿਆਸ ਦਰਸਨ ਘਣੀ ਕੋਈ ਆਣਿ ਮਿਲਾਵੈ ਮਾਇ॥**
**ਸੰਤ ਸਹਾਈ ਪ੍ਰੇਮ ਕੇ ਹਉ ਤਿਨ ਕੈ ਲਾਗਾ ਪਾਇ॥**
**ਵਿਣੁ ਪ੍ਰਭ ਕਿਉ ਸੁਖੁ ਪਾਈਐ ਦੂਜੀ ਨਾਹੀ ਜਾਇ॥**
**ਜਿੰਨ੍ਹੀ ਚਾਖਿਆ ਪ੍ਰੇਮ ਰਸੁ ਸੇ ਤ੍ਰਿਪਤਿ ਰਹੇ ਆਘਾਇ॥**
**ਆਪੁ ਤਿਆਗਿ ਬਿਨਤੀ ਕਰਹਿ ਲੇਹੁ ਪ੍ਰਭੂ ਲੜਿ ਲਾਇ॥**
**ਜੋ ਹਰਿ ਕੰਤਿ ਮਿਲਾਈਆ ਸਿ ਵਿਛੁੜਿ ਕਤਹਿ ਨ ਜਾਇ॥**
**ਪ੍ਰਭ ਵਿਣੁ ਦੂਜਾ ਕੋ ਨਹੀ ਨਾਨਕ ਹਰਿ ਸਰਣਾਇ॥**
**ਅਸੂ ਸੁਖੀ ਵਸੰਦੀਆ ਜਿਨਾ ਮਇਆ ਹਰਿ ਰਾਇ॥੮॥**

*(ਪੰਨਾ ੧੩੫)*

ਹੇ ਮਾਂ! (ਭਾਦਰੋਂ ਦੇ ਘੁੰਮੇ ਤੇ ਤ੍ਰਾਟਕੇ ਲੰਘਣ ਪਿੱਛੋਂ) ਅੱਸੂ (ਦੀ ਮਿੱਠੀ-ਮਿੱਠੀ ਰੁੱਤ) ਵਿਚ (ਮੇਰੇ ਅੰਦਰ ਪ੍ਰਭੂ-ਪਤੀ ਦੇ) ਪਿਆਰ ਦਾ ਉਛਾਲਾ ਆ ਰਿਹਾ ਹੈ, (ਮਨ ਤੜਫਦਾ ਹੈ ਕਿ) ਕਿਸੇ ਨਾ ਕਿਸੇ ਤਰ੍ਹਾਂ ਚੱਲ ਕੇ ਪ੍ਰਭੂ-ਪਤੀ ਨੂੰ ਮਿਲਾਂ। ਮੇਰੇ ਮਨ ਵਿਚ, ਮੇਰੇ ਤਨ ਵਿਚ ਪ੍ਰਭੂ ਦੇ ਦਰਸ਼ਨ ਦੀ ਬੜੀ ਪਿਆਸ ਲੱਗੀ ਹੋਈ ਹੈ। (ਚਿੱਤ ਲੋਚਦਾ ਹੈ ਕਿ) ਕੋਈ (ਉਸ ਪਤੀ ਨੂੰ) ਲਿਆ ਕੇ ਮੇਲ ਕਰਾ ਦੇਵੇ। (ਇਹ ਸੁਣ ਕੇ ਕਿ) ਸੰਤ-ਜਨ ਪ੍ਰੀਤਮ ਪਿਆਰੇ ਭਾਵ ਪਰਮਾਤਮਾ ਨਾਲ ਪ੍ਰੇਮ ਵਧਾਉਣ ਵਿਚ ਸਹਾਇਤਾ ਕਰਿਆ ਕਰਦੇ ਹਨ, ਮੈਂ ਉਨ੍ਹਾਂ ਦੀ ਚਰਨੀਂ ਲੱਗੀ ਹਾਂ। (ਹੇ ਮਾਂ!) ਪ੍ਰਭੂ ਤੋਂ ਬਿਨਾਂ ਸੁਖ ਆਨੰਦ ਨਹੀਂ ਮਿਲ ਸਕਦਾ, (ਕਿਉਂਕਿ ਸੁਖ-ਆਨੰਦ ਦੀ) ਹੋਰ ਕੋਈ ਥਾਂ ਹੀ ਨਹੀਂ।

ਜਿਨ੍ਹਾਂ (ਵਡਭਾਗੀਆਂ) ਨੇ ਪ੍ਰਭੂ-ਪਿਆਰ ਦਾ ਸੁਆਦ (ਇਕ ਵਾਰੀ) ਚੱਖ ਲਿਆ ਹੈ (ਉਨ੍ਹਾਂ ਨੂੰ ਮਾਇਆ ਦੇ ਸੁਆਦ ਭੁੱਲ ਜਾਂਦੇ ਹਨ, ਮਾਇਆ ਵੱਲੋਂ) ਉਹ ਰੱਜ ਜਾਂਦੇ ਹਨ, ਆਪਾ ਭਾਵ ਛੱਡ ਕੇ ਉਹ ਸਦਾ ਅਰਦਾਸਾਂ ਕਰਦੇ ਰਹਿੰਦੇ ਹਨ-ਹੇ ਪ੍ਰਭੂ! ਸਾਨੂੰ ਆਪਣੇ ਲੜ ਲਾਈ ਰੱਖ ।

ਜਿਸ ਜੀਵ-ਇਸਤਰੀ ਨੂੰ ਪ੍ਰਭੂ ਖਸਮ ਨੇ ਆਪਣੇ ਨਾਲ ਮਿਲਾ ਲਿਆ ਹੈ, ਉਹ (ਉਸ ਮਿਲਾਪ ਵਿੱਚੋਂ) ਵਿਛੁੜ ਕੇ ਹੋਰ ਕਿਸੇ ਥਾਂ ਨਹੀਂ ਜਾਂਦੀ, (ਕਿਉਂਕਿ) ਹੇ ਨਾਨਕ (ਉਸ ਨੂੰ ਨਿਸ਼ਚਾ ਆ ਜਾਂਦਾ ਹੈ ਕਿ ਸਦੀਵੀ ਸੁਖ ਵਾਸਤੇ) ਪ੍ਰਭੂ ਦੀ ਸ਼ਰਨ ਤੋਂ ਬਿਨਾਂ ਹੋਰ ਕੋਈ ਥਾਂ ਨਹੀਂ ਹੈ। ਉਹ ਸਦਾ ਪ੍ਰਭੂ ਦੀ ਸ਼ਰਨ ਪਈ ਰਹਿੰਦੀ ਹੈ।

ਅੱਸੂ (ਦੀ ਮਿੱਠੀ-ਮਿੱਠੀ ਰੁੱਤ) ਵਿਚ ਉਹ ਜੀਵ-ਇਸਤਰੀਆਂ ਸੁਖ ਵਿਚ ਵੱਸਦੀਆਂ ਹਨ, ਜਿਨ੍ਹਾਂ ਉੱਤੇ ਪਰਮਾਤਮਾ ਦੀ ਕਿਰਪਾ ਹੁੰਦੀ ਹੈ॥੮॥

■

*ਸੰਪਾਦਕੀ...*

# ਸਭੁ ਇਕੋ ਸਬਦੁ ਵਰਤਦਾ...

*ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਦੁਨੀਆਂ ਦੇ ਧਰਮ ਇਤਿਹਾਸ ਅੰਦਰ ਇੱਕ ਮਹੱਤਵਪੂਰਨ ਤੇ ਨਿਵੇਕਲਾ ਅਧਿਆਇ ਹੈ। ਮਨੁੱਖ ਦੀ ਅਧਿਆਤਮਿਕ ਅਗਵਾਈ ਲਈ ਇਲਾਹੀ ਬਾਣੀ ਦੇ ਵਡਮੁੱਲੇ ਖਜ਼ਾਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਹਿਮਾ ਵੱਡੀ ਹੈ, ਜਿਸ ਨੂੰ ਸ਼ਬਦਾਂ ਵਿਚ ਬਿਆਨ ਕਰਨਾ ਮਨੁੱਖੀ ਮਨ ਦੀ ਪਹੁੰਚ ਤੋਂ ਪਰ੍ਹੇ ਹੈ। ਕਰਤਾ ਪੁਰਖ ਦੇ ਦਰ-ਘਰ ਦਾ ਰਾਹ ਦੱਸਦੀ ਗੁਰਬਾਣੀ ਮਨੁੱਖ ਮਾਤਰ ਲਈ ਮਾਰਗ-ਦਰਸ਼ਨ ਹੈ, ਜਿਸ ਅਨੁਸਾਰ ਚੱਲ ਕੇ ਮਨੁੱਖ ਆਪਣਾ ਜੀਵਨ ਸਫ਼ਲ ਕਰ ਸਕਦਾ ਹੈ। ਅਧਿਆਤਮ ਦੇ ਮਾਰਗ 'ਤੇ ਚੱਲਣ ਲਈ ਦੁਨਿਆਵੀ ਰਸਾਂ ਦੀ ਗੁਲਾਮੀ ਤੋਂ ਮੁਕਤ ਹੋਣਾ ਮਨੁੱਖ ਲਈ ਅਵੱਸ਼ਕ ਹੈ। ਇਹੀ ਪਾਵਨ ਗੁਰਬਾਣੀ ਦਾ ਉਪਦੇਸ਼ ਹੈ ਅਤੇ ਇਸੇ ਦੀ ਰੌਸ਼ਨੀ ਵਿਚ ਹੀ ਮਨੁੱਖ ਨੇ ਆਪਣੇ ਜੀਵਨ ਮਨੋਰਥ ਨੂੰ ਪੂਰਿਆਂ ਕਰਨਾ ਹੈ। ਗੁਰਬਾਣੀ ਦਾ ਇਸ ਨਿਰਣਾ ਹੈ ਕਿ ਜਿਹੜਾ ਮਨੁੱਖ ਸ਼ਬਦ ਦੇ ਗਹਿਰ-ਗੰਭੀਰ ਸਾਗਰ ਵਿਚ ਚੁੱਭੀ ਮਾਰ ਕੇ ਆਤਮ ਮੰਥਨ ਕਰੇਗਾ ਉਹ ਹੀ ਜੀਵਨ ਦੇ ਸੱਚ ਨੂੰ ਸਮਝ ਸਕੇਗਾ।*

*ਗੁਰਬਾਣੀ ਮਨੁੱਖ ਮਾਤਰ ਨੂੰ ਐਸੀ ਜੀਵਨ-ਜਾਚ ਦੱਸਦੀ ਹੈ ਕਿ ਉਹ ਸੰਸਾਰ ਵਿਚ ਵਿਚਰਦਿਆਂ, ਕੰਮ-ਕਾਰ ਕਰਦਿਆਂ ਭਾਵ ਆਪਣੇ ਦੁਨਿਆਵੀ ਫਰਜ਼ ਨਿਭਾਉਂਦਿਆਂ ਆਪਣੇ ਜੀਵਨ ਮੰਤਵ ਨੂੰ ਸਹਿਜ ਹੀ ਸਮਝ ਸਕੇ:*

***ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ॥***
***ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥***

*(ਪੰਨਾ ੫੨੨)*

*ਮਨੁੱਖ ਲਈ ਆਪਣੇ ਜੀਵਨ ਮਨੋਰਥ ਨੂੰ ਪ੍ਰਾਪਤ ਕਰਨ ਲਈ ਇਸ ਤੋਂ ਸਰਲ ਮਾਰਗ ਹੋਰ ਕੀ ਹੋ ਸਕਦਾ ਹੈ। ਧਰਮਾਂ ਦਾ ਇਤਿਹਾਸ ਗਵਾਹ ਹੈ ਕਿ ਜੀਵਨ ਮੰਤਵ ਨੂੰ ਪੂਰਿਆਂ ਕਰਨ ਲਈ ਕਿੰਨੀਆਂ ਕਠਿਨ ਪ੍ਰੀਖਿਆਵਾਂ ਵਿੱਚੋਂ ਲੰਘਣ ਲਈ ਮਨੁੱਖ ਨੂੰ ਪ੍ਰੇਰਤ ਕੀਤਾ ਜਾਂਦਾ ਸੀ ਪਰ ਗੁਰੂ ਸਾਹਿਬਾਨ ਨੇ ਸੰਸਾਰ ਦੇ ਕਾਰ-ਵਿਹਾਰ ਕਰਦਿਆਂ ਇਸ ਦੀ ਪ੍ਰਾਪਤੀ ਦਾ ਮਾਰਗ ਦੱਸਿਆ। ਇਹ ਇੱਕ ਕ੍ਰਾਂਤੀਕਾਰੀ ਕਦਮ ਸੀ। ਭਾਵ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਇਕ ਸਰਲ ਮਾਰਗ ਸਿਰਜਦੀ ਹੈ ਜਿਸ 'ਤੇ ਚੱਲ ਕੇ ਮਨੁੱਖ ਅਵੱਸ਼ਕ ਹੀ ਜੀਵਨ ਮਕਸਦ ਦੀ ਮੰਜ਼ਿਲ ਨੂੰ ਪਾ ਸਕਦਾ ਹੈ।*

*ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸ਼ਬਦ ਗੁਰੂ ਹਨ। ਸ਼ਬਦ ਸ੍ਰਿਸ਼ਟੀ ਦਾ ਆਧਾਰ ਹੈ। ਸ਼ਬਦ ਦੇ ਸਿਧਾਂਤ ਨੂੰ ਪੜ੍ਹਦਿਆਂ-ਵਾਚਦਿਆਂ ਸਪੱਸ਼ਟ ਹੁੰਦਾ ਹੈ ਕਿ ਸ਼ਬਦ ਤੋਂ ਬਗੈਰ ਮਨੁੱਖ ਅਧੂਰਾ ਹੈ। ਸ਼ਬਦ ਸੰਸਾਰ ਦੀ ਵਿਵਹਾਰਿਕਤਾ ਤੋਂ ਸ਼ੁਰੂ ਹੋ ਕੇ ਨਿਰੰਕਾਰ ਦੀ ਪ੍ਰਾਪਤੀ ਤਕ ਸਬੰਧ ਰੱਖਦਾ ਹੈ। ਗੁਰਬਾਣੀ ਵਿਚ ਸ਼ਬਦ ਦੀ ਵਡਿਆਈ ਨੂੰ ਰੂਪਮਾਨ ਕਰਦਿਆਂ ਇਸ ਦੀ ਸਰਬਵਿਆਪਕਤਾ ਅਤੇ ਵਿਸ਼ਾਲਤਾ ਨੂੰ ਪੇਸ਼ ਕੀਤਾ ਹੈ:*

**ਸਭੁ ਇਕੋ ਸਬਦੁ ਵਰਤਦਾ ਜੋ ਕਰੇ ਸੁ ਹੋਈ॥**

*(ਪੰਨਾ ੬੫੪)*

*ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਬਾਣੀ ਦਾ ਉਪਦੇਸ਼ ਸਭ ਲਈ ਹੈ। ਊਚ-ਨੀਚ ਦਾ ਖਾਤਮਾ ਗੁਰਬਾਣੀ ਦਾ ਪ੍ਰਮੁੱਖ ਉਪਦੇਸ਼ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਦਰਜ ਗੁਰਬਾਣੀ ਦੇ ਬਾਣੀਕਾਰ ਭਾਵੇਂ ਵੱਖ-ਵੱਖ ਸ਼੍ਰੇਣੀਆਂ ਵਿੱਚੋਂ ਸਨ, ਪਰ ਗੁਰੂ ਸਾਹਿਬ ਜੀ ਨੇ ਸਭ ਨੂੰ ਬਰਾਬਰ ਮਾਣ-ਸਤਿਕਾਰ ਦੇ ਕੇ ਪ੍ਰਚੱਲਿਤ ਜਾਤ-ਪਾਤ ਦੇ ਵਿਤਕਰੇ ਨੂੰ ਸਿਰੇ ਤੋਂ ਨਕਾਰ ਦਿੱਤਾ। ਪ੍ਰੋ. ਕਰਤਾਰ ਸਿੰਘ ਐਮ.ਏ. ਅਨੁਸਾਰ, "ਇਸ ਤਰ੍ਹਾਂ ਕਰ ਕੇ ਗੁਰੂ ਜੀ ਨੇ ਇਸ ਗੱਲ ਦਾ ਸਬੂਤ ਦਿੱਤਾ ਕਿ ਆਤਮਿਕ ਗਿਆਨ ਕੇਵਲ ਖਾਸ ਜਾਤਾਂ, ਉੱਚੀਆਂ ਜਾਤਾਂ ਲਈ ਹੀ ਮਖਸੂਸ (ਵਿਸ਼ੇਸ਼) ਨਹੀਂ, ਇਹ ਸਗੋਂ ਸਾਰੇ ਇਨਸਾਨਾਂ ਦੇ ਹਿਰਦਿਆਂ ਵਿਚ ਪ੍ਰਕਾਸ਼ ਕਰ ਸਕਦਾ ਹੈ। ਆਪ ਨੇ ਇਸ ਤਰ੍ਹਾਂ ਊਚ-ਨੀਚ ਤੇ ਜਾਤ-ਪਾਤ ਦੀ ਬਿਮਾਰੀ ਨੂੰ ਜੜ੍ਹੋਂ ਵੱਢਿਆ। ਆਤਮਿਕ ਗੁਣਾਂ ਤੇ ਵਿਚਾਰਾਂ ਦੀ ਧਾਰਾ ਹਿੰਦੋਸਤਾਨ ਦੇ ਵੱਖ-ਵੱਖ ਹਿੱਸਿਆਂ ਵਿਚ ਚੱਲ ਰਹੀ ਸੀ, ਆਪ ਨੇ ਉਨ੍ਹਾਂ ਸਭ ਨੂੰ ਇਕ ਥਾਂ ਕਰ ਕੇ ਉਨ੍ਹਾਂ ਦਾ ਸੰਗਮ ਸ੍ਰੀ (ਗੁਰੂ) ਗ੍ਰੰਥ ਸਾਹਿਬ ਬਣਾਇਆ। ਭਗਤਾਂ ਦੀ ਬਾਣੀ ਦੀ ਚੋਣ ਨਿਰੋਲ ਭਗਤੀ ਭਾਵ ਨੂੰ ਮੁੱਖ ਰੱਖ ਕੇ ਕੀਤੀ ਗਈ, ਇਸ ਗੱਲ ਨੂੰ ਸਾਹਮਣੇ ਨਹੀਂ ਰੱਖਿਆ ਗਿਆ ਕਿ ਕਿਸੇ ਭਗਤ ਦਾ ਮੱਤ ਜਾਂ ਧਾਰਮਿਕ ਨਿਸ਼ਚਾ ਕੀ ਹੈ।" (ਸਿੱਖ ਇਤਿਹਾਸ, ਭਾਗ-੧)*

*ਸੋ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਮਨੁੱਖੀ ਭਾਈਚਾਰੇ ਨੂੰ ਏਕਤਾ ਦੀ ਲੜੀ ਵਿਚ ਪਰੋ ਕੇ ਮਨੁੱਖ ਨੂੰ ਸਿਹਤਮੰਦ ਸਮਾਜ ਦੀ ਉਸਾਰੀ ਕਰਨ ਦਾ ਉਪਦੇਸ਼ ਦਿੰਦੀ ਹੈ। ਅੱਜ ਜਦੋਂ ਸੰਸਾਰ ਆਪਾ-ਧਾਪੀ ਅਤੇ ਮਾਨਸਿਕ ਤਣਾਅ ਦੇ ਦੌਰ ਵਿੱਚੋਂ ਲੰਘ ਰਿਹਾ ਹੈ ਤਾਂ ਅਜਿਹੇ ਵਿਚ ਗੁਰਬਾਣੀ ਦੀ ਅਗਵਾਈ ਹੀ ਠੀਕ ਰਸਤਾ ਦਿਖਾ ਸਕਦੀ ਹੈ, ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਹੀ ਮਨੁੱਖ ਅੰਦਰ ਸਰਬੱਤ ਦੇ ਭਲੇ ਵਾਲੀ ਭਾਵਨਾ ਪੈਦਾ ਕਰ ਸਕਦੀ ਹੈ ਅਤੇ ਉਸ ਦੀ ਸ਼ਬਦ ਵਿਚ ਸਮੋਈ ਕਰ ਕੇ ਦੁੱਖਾਂ-ਚਿੰਤਾਵਾਂ ਤੋਂ ਮੁਕਤ ਕਰ ਸਕਦੀ ਹੈ:*

**ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ॥**
**ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ॥**
**ਸਤਿਗੁਰਿ ਸੁਖੁ ਵੇਖਾਲਿਆ ਸਚਾ ਸਬਦੁ ਬੀਚਾਰਿ॥**
**ਨਾਨਕ ਅਵਰੁ ਨ ਸੁਝਈ ਹਰਿ ਬਿਨੁ ਬਖਸਣਹਾਰੁ॥**

*(ਪੰਨਾ ੮੫੩)*

*ਸੋ ਆਓ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਹੋ ਕੇ ਗੁਰਬਾਣੀ ਦੇ ਪਵਿੱਤਰ ਅੰਮ੍ਰਿਤਮਈ ਬਚਨਾਂ ਨੂੰ ਆਪਣੇ ਜੀਵਨ ਦਾ ਰਾਹ-ਦਸੇਰਾ ਬਣਾਈਏ।*

**-ਦਿਲਜੀਤ ਸਿੰਘ 'ਬੇਦੀ'**

# ਸਿੱਖ ਕਤਲੇਆਮ ਦੀ ਟੀਸ

*ਕੇਂਦਰ ਸਰਕਾਰ ਵੱਲੋਂ ੧੯੮੪ ਦੇ ਸਿੱਖ ਕਤਲੇਆਮ ਨਾਲ ਸਬੰਧਿਤ ੨੮ ਹੋਰ ਕੇਸਾਂ ਦੀ ਮੁੜ ਤੋਂ ਜਾਂਚ ਕਰਾਉਣ ਦਾ ਹਾਲ ਹੀ ਵਿਚ ਲਿਆ ਗਿਆ ਫ਼ੈਸਲਾ ਦੇਰੀ ਨਾਲ ਚੁੱਕਿਆ ਗਿਆ ਦਰੁਸਤ ਕਦਮ ਕਿਹਾ ਜਾ ਸਕਦਾ ਹੈ। ਇਸ ਫ਼ੈਸਲੇ ਨਾਲ ਜਿੱਥੇ ਇਨ੍ਹਾਂ ਕੇਸਾਂ ਨਾਲ ਸਬੰਧਿਤ ਦੋਸ਼ੀਆਂ ਨੂੰ ਸਜ਼ਾਵਾਂ ਮਿਲਣ ਦੀ ਮੁੜ ਆਸ ਬੱਝਣੀ ਸੁਭਾਵਿਕ ਹੈ, ਉੱਥੇ ਪੀੜਤਾਂ ਦੀ ਵਲੂੰਧਰੀ ਹੋਈ ਮਾਨਸਿਕਤਾ ਨੂੰ ਵੀ ਕਿਸੇ ਹੱਦ ਤਕ ਕੁਝ ਰਾਹਤ ਮਿਲ ਸਕਦੀ ਹੈ। ਦੱਸਣਯੋਗ ਹੈ ਕਿ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ੩੧ ਅਕਤੂਬਰ ੧੯੮੪ ਨੂੰ ਉਨ੍ਹਾਂ ਦੇ ਸੁਰੱਖਿਆ ਗਾਰਡਾਂ ਵੱਲੋਂ ਕੀਤੀ ਗਈ ਹੱਤਿਆ ਤੋਂ ਬਾਅਦ ਕੌਮੀ ਰਾਜਧਾਨੀ ਦਿੱਲੀ ਸਮੇਤ ਮੁਲਕ ਦੇ ਕਈ ਸੂਬਿਆਂ ਵਿਚ ਸਰਕਾਰੀ ਸ਼ਹਿ 'ਤੇ ਸਿੱਖਾਂ ਦਾ ਬੇਰਹਿਮੀ ਨਾਲ ਕਤਲੇਆਮ ਕੀਤਾ ਗਿਆ ਸੀ। ਸਰਕਾਰੀ ਰਿਪੋਰਟਾਂ ਅਨੁਸਾਰ ਇਸ ਕਤਲੇਆਮ ਦੌਰਾਨ ਕੁਲ ੩੩੨੫ ਸਿੱਖ ਮਾਰੇ ਗਏ ਸਨ ਜਿਨ੍ਹਾਂ ਵਿੱਚੋਂ ੨੭੩੩ ਕੇਵਲ ਦਿੱਲੀ ਵਿਚ ਹੀ ਅਣਮਨੁੱਖੀ ਢੰਗ ਨਾਲ ਕੋਹ-ਕੋਹ ਕੇ ਕਤਲ ਕਰ ਦਿੱਤੇ ਗਏ ਸਨ। ਗ਼ੈਰ-ਸਰਕਾਰੀ ਰਿਪੋਰਟਾਂ ਅਨੁਸਾਰ ਇਹ ਗਿਣਤੀ ੧੦,੦੦੦ ਤੋਂ ਵੱਧ ਦੱਸੀ ਜਾਂਦੀ ਹੈ ਜਦੋਂਕਿ ਸਿੱਖਾਂ ਦਾ ਅਰਬਾਂ ਰੁਪਏ ਦਾ ਮਾਲੀ ਨੁਕਸਾਨ ਵੀ ਇਸ ਕਤਲੇਆਮ ਦੌਰਾਨ ਹੋਇਆ। ਸਰਕਾਰ, ਪ੍ਰਸ਼ਾਸਨ ਅਤੇ ਪੁਲੀਸ ਇਹ ਸਭ ਕੁਝ ਮੂਕ ਦਰਸ਼ਕ ਬਣ ਕੇ ਦੇਖਦੀ ਰਹੀ। ਹੋਰ ਤਾਂ ਹੋਰ, ਹੱਤਿਆਵਾਂ, ਸਾੜ-ਫੂਕ, ਬਲਾਤਕਾਰ ਅਤੇ ਲੁੱਟ-ਖੋਹ ਦੀਆਂ ਘਟਨਾਵਾਂ ਦੀਆਂ ਮੁੱਢਲੀਆਂ ਰਿਪੋਰਟਾਂ ਵੀ ਪੁਲੀਸ ਸਟੇਸ਼ਨਾਂ ਵਿੱਚ ਦਰਜ ਨਾ ਕੀਤੀਆਂ ਗਈਆਂ।*

*ਭਾਰਤ ਸਮੇਤ ਵਿਸ਼ਵ ਭਰ ਵਿਚ ਇਸ ਕਤਲੇਆਮ ਵਿਰੁੱਧ ਉੱਠੀ ਆਵਾਜ਼ ਦੇ ਦਬਾਅ ਹੇਠ ਸਮੇਂ-ਸਮੇਂ ਸਰਕਾਰਾਂ ਨੇ ਇਸ ਕਤਲੇਆਮ ਦੀ ਜਾਂਚ ਅਤੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਲਈ ਕਈ ਕਮਿਸ਼ਨ ਕਮੇਟੀਆਂ ਬਣਾਈਆਂ ਪਰ ਲਗਪਗ ੩੨ ਸਾਲ ਬੀਤਣ ਦੇ ਬਾਵਜੂਦ ਹਾਲੇ ਤਕ ਮੁੱਖ ਦੋਸ਼ੀਆਂ ਨੂੰ ਕੋਈ ਮਿਸਾਲੀ ਸਜ਼ਾ ਨਹੀਂ ਮਿਲੀ। ੧੯੮੪ ਤੋਂ ਲੈ ਕੇ ਹੁਣ ਤਕ ਦੇ ਸਮੇਂ ਦੌਰਾਨ ਹਰ ਰੰਗ ਅਤੇ ਮੁਲਕ ਦੀ ਲਗਪਗ ਹਰ ਪਾਰਟੀ ਦੀ ਨੁਮਾਇੰਦਗੀ ਵਾਲੀਆਂ ਸਰਕਾਰਾਂ ਕੇਂਦਰ ਵਿਚ ਸੱਤਾ 'ਤੇ ਕਾਬਜ਼ ਰਹੀਆਂ ਹਨ ਪਰ ਕਿਸੇ ਨੇ ਵੀ ਇਸ ਕਤਲੇਆਮ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦੇਣ ਲਈ ਕੋਈ ਠੋਸ ਯਤਨ ਨਹੀਂ ਕੀਤੇ ਸਗੋਂ ਸਮੇਂ-ਸਮੇਂ ਇਸ ਕਤਲੇਆਮ ਤੋਂ ਸਿਆਸੀ ਲਾਹਾ ਲੈਣ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ। ਸੱਤਾ 'ਤੇ ਕਾਬਜ਼ ਕਾਂਗਰਸ ਪਾਰਟੀ ਤਾਂ ਇਸ ਘਿਨਾਉਣੇ ਹੱਤਿਆਕਾਂਡ ਲਈ ਜ਼ਿੰਮੇਵਾਰ ਸੀ ਹੀ, ਪਰ ਹੁਣ ਤਕ ਵੀ ਦੋਸ਼ੀਆਂ ਨੂੰ ਸਜ਼ਾਵਾਂ ਅਤੇ ਪੀੜਤਾਂ ਨੂੰ ਢੁਕਵਾਂ ਮੁਆਵਜ਼ਾ ਨਾ ਦੇਣ ਲਈ ਬਾਕੀ ਸਿਆਸੀ ਪਾਰਟੀਆਂ ਅਤੇ ਸਮੇਂ-ਸਮੇਂ ਸੱਤਾ 'ਤੇ ਕਾਬਜ਼ ਰਹੀਆਂ ਸਰਕਾਰਾਂ ਵੀ ਆਪਣੀ ਜ਼ਿੰਮੇਵਾਰੀ ਤੋਂ ਭੱਜ ਨਹੀਂ ਸਕਦੀਆਂ। ਸਿਆਸੀ ਪਾਰਟੀਆਂ ਤੋਂ ਇਲਾਵਾ ਮੁਲਕ ਦੀ ਕਾਰਜਪਾਲਿਕਾ ਅਤੇ ਨਿਆਂਪਾਲਿਕਾ ਵੀ ਆਜ਼ਾਦ ਭਾਰਤ ਦੇ ਇਤਿਹਾਸ ਵਿਚ ਹੋਏ ਇਸ ਸਭ ਤੋਂ ਕਰੂਰ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਨਾ ਦੇ ਸਕਣ ਦੀ ਆਪਣੀ ਜ਼ਿੰਮੇਵਾਰੀ ਅਤੇ ਫ਼ਰਜ਼ਾਂ ਦੀ ਕੋਤਾਹੀ ਦੇ ਦੋਸ਼ ਤੋਂ ਮੁਕਤ ਨਹੀਂ ਹੋ ਸਕਦੀਆਂ। ਜੇ ਇਸ ਕਤਲੇਆਮ ਦੇ ਦੋਸ਼ੀਆਂ ਨੂੰ ਤੁਰੰਤ ਮਿਸਾਲੀ ਸਜ਼ਾਵਾਂ ਦੇ ਦਿੱਤੀਆਂ ਜਾਂਦੀਆਂ ਤਾਂ ਸ਼ਾਇਦ ਇਨ੍ਹਾਂ ਤੋਂ ਬਾਅਦ ਗੁਜਰਾਤ, ਆਸਾਮ ਅਤੇ ਉੱਤਰ ਪ੍ਰਦੇਸ਼ ਸਮੇਤ ਮੁਲਕ ਦੇ ਹੋਰ ਹਿੱਸਿਆਂ ਵਿਚ ਹੋਏ ਫ਼ਿਰਕੂ ਦੰਗੇ ਨਾ ਵਾਪਰਦੇ। ਇਸ ਕਤਲੇਆਮ ਨੇ ਸਿੱਖਾਂ ਸਮੇਤ ਮੁਲਕ ਦੀਆਂ ਸਮੁੱਚੀਆਂ ਘੱਟਗਿਣਤੀਆਂ ਵਿਚ ਡਰ ਅਤੇ ਦਹਿਸ਼ਤ ਦਾ ਵਾਤਾਵਰਣ ਪੈਦਾ ਕੀਤਾ।*

*ਇਸ ਕਤਲੇਆਮ ਵਿਰੁੱਧ ਫੈਲੇ ਵਿਆਪਕ ਰੋਹ ਦੇ ਮੱਦੇਨਜ਼ਰ ਭਾਵੇਂ ੨੦੦੫ ਵਿੱਚ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਅਤੇ ਤਤਕਾਲੀ ਗ੍ਰਹਿ ਮੰਤਰੀ ਪੀ. ਚਿਦੰਬਰਮ ਨੇ ਸਿੱਖਾਂ ਸਮੇਤ ਸਮੁੱਚੇ ਦੇਸ਼ ਵਾਸੀਆਂ ਤੋਂ*

*ਮੁਆਫ਼ੀ ਮੰਗ ਲਈ ਸੀ ਅਤੇ ਪੀੜਤਾਂ ਦੀ ਨਿਸ਼ਾਨਦੇਹੀ ਕਰਕੇ ਕੁਝ ਹੱਦ ਤਕ ਮੁਆਵਜ਼ਾ ਵੀ ਦੇ ਦਿੱਤਾ ਗਿਆ ਸੀ ਪਰ ਦੋਸ਼ੀਆਂ ਨੂੰ ਸਜ਼ਾਵਾਂ ਨਾ ਦੇਣ ਕਰਕੇ ਇਸ ਕਤਲੇਆਮ ਦੀ ਕਸਕ ਘਟੀ ਨਹੀਂ। ਸੰਸਦ ਅਤੇ ਵਿਧਾਨ ਸਭਾਵਾਂ ਦੀਆਂ ਚੋਣਾਂ ਮੌਕੇ ਸਿੱਖ ਭਾਈਚਾਰੇ ਦੀਆਂ ਵੋਟਾਂ ਲੈਣ ਲਈ ਅਕਸਰ ਹੀ ਰਾਜਸੀ ਪਾਰਟੀਆਂ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਦੀ ਗੱਲ ਕਰਦੀਆਂ ਹਨ ਪਰ ਅਮਲੀ ਰੂਪ ਵਿੱਚ ਇਹ ਸਭ ਕੁਝ ਮੌਕਾਪ੍ਰਸਤ ਦਾਅਵਿਆਂ ਅਤੇ ਵਾਅਦਿਆਂ ਤਕ ਹੀ ਸੀਮਤ ਰਿਹਾ ਹੈ। ਮੋਦੀ ਸਰਕਾਰ ਵੱਲੋਂ ਬਣਾਈ ਗਈ ਵਿਸ਼ੇਸ਼ ਜਾਂਚ ਟੀਮ ਨੇ ਇਸ ਕਤਲੇਆਮ ਦੇ ਦਿੱਲੀ ਵਿੱਚ ਦਰਜ ੬੫੦ ਕੇਸਾਂ ਵਿੱਚੋਂ ੨੯ ਜੁਲਾਈ ਨੂੰ ੪੯ ਕੇਸ ਖੋਲ੍ਹਣ ਦਾ ਫ਼ੈਸਲਾ ਲਿਆ ਸੀ ਅਤੇ ਹੁਣ ੨੮ ਹੋਰ ਕੇਸਾਂ ਨੂੰ ਖੋਲ੍ਹਣ ਦਾ ਫ਼ੈਸਲਾ ਇਸ ਦਿਸ਼ਾ ਵੱਲ ਇੱਕ ਸਾਰਥਕ ਕਦਮ ਕਿਹਾ ਜਾ ਸਕਦਾ ਹੈ। ਦੱਸਣਯੋਗ ਹੈ ਕਿ ਦਿੱਲੀ ਪੁਲੀਸ ਨੇ ਸਬੂਤਾਂ ਦੀ ਘਾਟ ਦਾ ਹਵਾਲਾ ਦੇ ਕੇ ੨੪੧ ਕੇਸਾਂ ਨੂੰ ਬੰਦ ਕਰ ਦਿੱਤਾ ਸੀ। ਹੁਣ ਸਰਕਾਰ ਵੱਲੋਂ ੭੭ ਕੇਸਾਂ ਦੀ ਨਵੇਂ ਸਿਰਿਉਂ ਜਾਂਚ ਕਰਨ ਨਾਲ ਕੁਝ ਦੋਸ਼ੀਆਂ ਨੂੰ ਸਜ਼ਾ ਮਿਲਣ ਦੀ ਆਸ ਬੱਝੀ ਹੈ ਕਿਉਂਕਿ ਜਿੰਨਾ ਚਿਰ ਅਜਿਹਾ ਨਹੀਂ ਹੁੰਦਾ, ਓਨਾ ਚਿਰ ਇਹ ਜ਼ਖ਼ਮ ਰਿਸਦੇ ਹੀ ਰਹਿਣਗੇ।*

*(ਪੰਜਾਬੀ ਟ੍ਰਿਬਿਊਨ, ੩੧ ਅਗਸਤ ੨੦੧੬)*

# ਇਕ ਚੰਗਾ ਫ਼ੈਸਲਾ

*ਕੇਂਦਰ ਵੱਲੋਂ ੧੯੮੪ ਦੇ ਸਿੱਖ ਵਿਰੋਧੀ ਦੰਗਿਆਂ ਦੇ ੨੮ ਕੇਸ ਮੁੜ ਖੋਲ੍ਹਣ ਦਾ ਫ਼ੈਸਲਾ ਚੰਗਾ ਕਦਮ ਹੈ। ਇਸ ਨਾਲ ਉਸ ਵੇਲੇ ਧੱਕੇਸ਼ਾਹੀ ਦਾ ਸ਼ਿਕਾਰ ਹੋਏ ਸਿੱਖ ਦੰਗਾ ਪੀੜਤਾਂ ਨੂੰ ਕੁਝ ਰਾਹਤ ਮਿਲਣ ਦੀ ਆਸ ਹੈ। ਜਿਹੜੇ ਕੇਸ ਮੁੜ ਖੋਲ੍ਹਣ ਦਾ ਫ਼ੈਸਲਾ ਕੇਂਦਰ ਸਰਕਾਰ ਨੇ ਕੀਤਾ ਹੈ ਇਨ੍ਹਾਂ ਦੀ ਜਾਂਚ ਵਿਸ਼ੇਸ਼ ਜਾਂਚ ਟੀਮ (ਐੱਸ.ਆਈ.ਟੀ.) ਵੱਲੋਂ ਕੀਤੀ ਜਾਵੇਗੀ। ਇਹ ਕੇਸ ਖੋਲ੍ਹਣ ਦਾ ਫ਼ੈਸਲਾ ਇਨ੍ਹਾਂ ਮਾਮਲਿਆਂ ਦੀ ਵੱਖ-ਵੱਖ ਪਹਿਲੂਆਂ ਤੋਂ ਪੜਤਾਲ ਕੀਤੇ ਜਾਣ ਤੋਂ ਬਾਅਦ ਕੀਤਾ ਗਿਆ ਹੈ। ਇਹ ਕੇਸ ਸਬੂਤਾਂ ਦੀ ਘਾਟ ਕਾਰਨ ਜਾਂ ਤਾਂ ਬੰਦ ਕਰ ਦਿੱਤੇ ਗਏ ਜਾਂ ਅਗਾਂਹ ਨਹੀਂ ਵਧੇ ਸਨ। ਗ੍ਰਹਿ ਮੰਤਰਾਲੇ ਨੇ ੧੯੮੪ ਦੇ ਸਿੱਖ ਵਿਰੋਧੀ ਦੰਗਿਆਂ ਦੀ ਜਾਂਚ ਲਈ ਜਿਹੜੀ ਵਿਸ਼ੇਸ਼ ਟੀਮ ਗਠਿਤ ਕੀਤੀ ਸੀ ਉਸ ਨੇ ਪਹਿਲਾਂ ਚੱਲ ਰਹੇ ਮਾਮਲਿਆਂ ਤੋਂ ਇਲਾਵਾ ਇਨ੍ਹਾਂ ੨੮ ਕੇਸਾਂ ਦੀ ਪਛਾਣ ਕੀਤੀ ਹੈ। ਇੰਜ ਐੱਸ.ਆਈ.ਟੀ. ਵੱਲੋਂ ਮੁੜ ਪੜਤਾਲੇ ਜਾਣ ਵਾਲੇ ਕੇਸਾਂ ਦੀ ਗਿਣਤੀ ੭੭ ਹੋ ਗਈ। ਦਿੱਲੀ 'ਚ ਸਿੱਖ ਵਿਰੋਧੀ ਦੰਗਿਆਂ ਸਬੰਧੀ ਜਿਹੜੇ ੬੫੦ ਮਾਮਲੇ ਦਰਜ ਕੀਤੇ ਗਏ ਸਨ, ਉਨ੍ਹਾਂ ਚੋਂ ੨੯ ਜੁਲਾਈ ਨੂੰ ੪੯ ਕੇਸਾਂ ਦੀ ਮੁੜ ਜਾਂਚ ਲਈ ਪਛਾਣ ਕੀਤੀ ਗਈ ਹੈ। ੩੧ ਅਕਤੂਬਰ ੧੯੮੪ ਨੂੰ ਉਸ ਵੇਲੇ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਪਿੱਛੋਂ ਦਿੱਲੀ ਤੇ ਦੇਸ਼ ਦੇ ਹੋਰਨਾ ਹਿੱਸਿਆਂ 'ਚ ਸਿੱਖ ਵਿਰੋਧੀ ਦੰਗੇ ਭੜਕ ਗਏ ਸਨ। ਇਨ੍ਹਾਂ ਵਿਚ ੩੩੨੫ ਸਿੱਖ ਮਾਰੇ ਗਏ ਜਿਨ੍ਹਾਂ 'ਚੋਂ ੨੭੩੩ ਸਿੱਖ ਸਿਰਫ਼ ਰਾਜਧਾਨੀ ਦਿੱਲੀ 'ਚ ਕੋਹ-ਕੋਹ ਕੇ ਮਾਰੇ ਗਏ ਸਨ। ਬਾਕੀ ਸਿੱਖ ਉੱਤਰ ਪ੍ਰਦੇਸ਼, ਹਰਿਆਣਾ, ਮੱਧ ਪ੍ਰਦੇਸ਼, ਮਹਾਰਾਸ਼ਟਰ ਤੇ ਹੋਰਨਾ ਸੂਬਿਆਂ ਵਿਚ ਕਤਲ ਕਰ ਦਿੱਤੇ ਗਏ ਸਨ। ਦਿੱਲੀ ਪੁਲਿਸ ਨੇ ਸਬੂਤਾਂ ਦੀ ਘਾਟ ਕਾਰਨ ੨੪੧ ਮਾਮਲੇ ਬੰਦ ਕਰ ਦਿੱਤੇ ਸਨ। ਜਸਟਿਸ ਨਾਨਾਵਤੀ ਕਮਿਸ਼ਨ ਨੇ ਇਨ੍ਹਾਂ 'ਚੋਂ ਸਿਰਫ਼ ਚਾਰ ਮਾਮਲਿਆਂ ਨੂੰ ਮੁੜ ਖੋਲ੍ਹੇ ਜਾਣ ਦੀ ਸਿਫਾਰਸ਼ ਕੀਤੀ ਸੀ। ਕੇਂਦਰ ਦੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਐੱਨਡੀਏ ਸਰਕਾਰ ਸਾਰੇ ਕੇਸ ਦੁਬਾਰਾ ਖੋਲ੍ਹਣਾ ਚਾਹੁੰਦੀ ਸੀ। ਗ੍ਰਹਿ ਮੰਤਰਾਲੇ ਵੱਲੋਂ ਨਿਯੁਕਤ ਜਸਟਿਸ ਜੀ. ਪੀ. ਮਾਥੁਰ ਦੀ ਕਮੇਟੀ ਦੀ ਸਿਫ਼ਾਰਸ਼ ਮਗਰੋਂ ੧੨ ਫਰਵਰੀ ੨੦੧੫ ਨੂੰ ਵਿਸ਼ੇਸ਼ ਜਾਂਚ ਟੀਮ ਗਠਿਤ ਕੀਤੀ ਗਈ ਸੀ ਜਿਸ 'ਚ ਦੋ ਆਈ.ਜੀ. ਰੈਂਕ ਦੇ ਆਈ.ਪੀ.ਐੱਸ. ਤੇ ਇਕ ਨਿਆਇਕ ਅਧਿਕਾਰੀ ਸ਼ਾਮਲ ਸਨ। ਮੋਦੀ*

*ਸਰਕਾਰ ਨੇ '੮੪ ਦੇ ਸਿੱਖ ਵਿਰੋਧੀ ਦੰਗਿਆਂ 'ਚ ਮਾਰੇ ਗਏ ਸਿੱਖਾਂ ਦੇ ਪਰਿਵਾਰਕ ਜੀਆਂ ਨੂੰ ਪੰਜ-ਪੰਜ ਲੱਖ ਰੁਪਏ ਹੋਰ ਦੇਣ ਦਾ ਐਲਾਨ ਕੀਤਾ ਸੀ। ਬਾਅਦ 'ਚ ਗ੍ਰਹਿ ਮੰਤਰਾਲੇ ਨੇ ਇਹ ਐਲਾਨ ਕੀਤਾ ਕਿ ਦੰਗਿਆਂ ਮਗਰੋਂ ਜਿਹੜੇ ਪਰਿਵਾਰ ਪੰਜਾਬ ਵਿਚ ਹਿਜਰਤ ਕਰ ਗਏ ਸਨ ਉਨ੍ਹਾਂ ਨੂੰ ਕੇਂਦਰੀ ਮੁੜ ਵਸੇਬਾ ਯੋਜਨਾ ਤਹਿਤ ਦੋ-ਦੋ ਲੱਖ ਰੁਪਏ ਦਿੱਤੇ ਜਾਣਗੇ। '੮੪ ਦੇ ਸਿੱਖ ਵਿਰੋਧੀ ਦੰਗਿਆਂ ਪਿਛੋਂ ਦੇ ਹਾਲਾਤ ਦੀ ਜੇ ਗੱਲ ਕਰੀਏ ਤਾਂ ਇਸ ਸਿੱਖ ਕਤਲੇਆਮ ਨਾਲ ਨਾ ਸਿਰਫ਼ ਸਿੱਖ ਪ੍ਰਭਾਵਿਤ ਹੋਏ ਬਲਕਿ ਇਸ ਦਾ ਅਸਰ ਸਾਰੇ ਦੇਸ਼ 'ਤੇ ਪਿਆ ਸੀ। ਇਸ ਘਟਨਾ ਪਿੱਛੋਂ ਪੰਜਾਬ ਵਿਚ ਲੰਬਾ ਸਮਾਂ ਮਾਹੌਲ ਖ਼ਰਾਬ ਰਿਹਾ, ਜਿਸ ਨੇ ਪੰਜਾਬ ਦੀ ਆਰਥਿਕਤਾ ਨੂੰ ਲੀਹੋਂ ਲਾਹ ਕੇ ਰੱਖ ਦਿੱਤਾ। ਭਾਵੇਂ ੧੯੮੪ ਦੇ ਸਿੱਖ ਕਤਲੇਆਮ ਨੂੰ ੩੨ ਸਾਲ ਬੀਤ ਗਏ ਹਨ ਪਰ ਇਸ ਦੀ ਚੀਸ ਅਜੇ ਵੀ ਉੱਠਦੀ ਹੈ। ਅਜੇ ਵੀ ਕਈ ਪੀੜਤ ਪਰਿਵਾਰਾਂ ਨੂੰ ਪੂਰਾ ਇਨਸਾਫ਼ ਨਹੀਂ ਮਿਲਿਆ। ਉਸ ਵੇਲੇ ਦੇ ਉੱਜੜੇ ਪਰਿਵਾਰ ਅਜੇ ਤਕ ਆਪਣੇ ਪੈਰਾਂ 'ਤੇ ਖੜ੍ਹੇ ਨਹੀਂ ਹੋ ਸਕੇ। ਹਾਲਾਤ ਦੇ ਸਤਾਏ ਸਿੱਖ ਪਰਿਵਾਰ ਅਜੇ ਵੀ ਆਪਣਾ ਹੱਕ ਲੈਣ ਲਈ ਸੰਘਰਸ਼ ਕਰ ਰਹੇ ਹਨ। ਭਾਵੇਂ ਇਨ੍ਹਾਂ ਪੀੜਤ ਪਰਿਵਾਰਾਂ ਨੂੰ ਵਿੱਤੀ ਮਦਦ ਦਿੱਤੀ ਗਈ ਹੈ ਪਰ ਪੈਸਾ ਹੀ ਸਭ ਕੁਝ ਨਹੀਂ ਹੁੰਦਾ। ਇਹ ਪਰਿਵਾਰ ਅਜੇ ਵੀ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਦੀ ਮੰਗ ਕਰ ਰਹੇ ਹਨ। ਕੇਂਦਰ ਸਰਕਾਰ ਵੱਲੋਂ ੨੮ ਮਾਮਲੇ ਮੁੜ ਪੜਤਾਲੇ ਜਾਣ ਲਈ ਖੋਲ੍ਹਣ ਦੇ ਫ਼ੈਸਲੇ ਦਾ ਸਵਾਗਤ ਕਰਨਾ ਬਣਦਾ ਹੈ ਤੇ ਆਸ ਕੀਤੀ ਜਾਣੀ ਚਾਹੀਦੀ ਹੈ ਕਿ ਤੇਜ਼ ਰਫ਼ਤਾਰ ਨਾਲ ਇਹ ਜਾਂਚ ਸਿਰੇ ਚਾੜ੍ਹੀ ਜਾਵੇਗੀ।*

*(ਪੰਜਾਬੀ ਜਾਗਰਣ, ੩੧ ਅਗਸਤ ੨੦੧੬)*

## ਪਾਠਕਾਂ ਦੇ ਧਿਆਨ ਹਿਤ

ਆਪ ਜੀ ਦਾ ਹਰਮਨ ਪਿਆਰਾ ਮਾਸਿਕ ਪਰਚਾ 'ਗੁਰਦੁਆਰਾ ਗਜ਼ਟ' ਨਿਰੰਤਰ ਆਪ ਦੀ ਸੇਵਾ ਵਿਚ ਭੇਜਿਆ ਜਾ ਰਿਹਾ ਹੈ। ਵਧੀਆ ਕਾਗਜ਼ ਤੇ ਰੰਗਦਾਰ ਛਪਾਈ ਕਾਰਨ ਇਸ 'ਤੇ ਕਾਫ਼ੀ ਖਰਚ ਆਉਂਦਾ ਹੈ। ਇਹ ਸਭ ਆਪ ਜੀ ਵੱਲੋਂ ਭੇਜੀ ਜਾਣ ਵਾਲੀ ਯਥਾ-ਸ਼ਕਤਿ ਮਾਇਆ ਨਾਲ ਹੀ ਸੰਭਵ ਹੈ। ਜਿਨ੍ਹਾਂ ਪਾਠਕਾਂ ਦੀ ਸਾਲਾਨਾ ਸਹਾਇਤਾ (ਮਾਇਆ) ਸਮਾਪਤ ਹੋ ਚੁੱਕੀ ਹੈ, ਉਨ੍ਹਾਂ ਨੂੰ ਸਨਿਮਰ ਬੇਨਤੀ ਹੈ ਕਿ ਸਹਾਇਤਾ ਭੇਜਣ/ਜਮ੍ਹਾਂ ਕਰਾਉਣ ਦੀ ਖੇਚਲ ਕਰਨ।

*ਸਹਾਇਤਾ ਬੈਂਕ ਡਰਾਫਟ ਜਾਂ ਮਨੀਆਰਡਰ ਰਾਹੀਂ **ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ** ਦੇ ਪਤੇ 'ਪੁਰ ਭੇਜੀ ਜਾ ਸਕਦੀ ਹੈ। ਇਸ ਤੋਂ ਇਲਾਵਾ ਦਫ਼ਤਰ ਵਿਖੇ ਖਜ਼ਾਨਚੀ ਅਤੇ ਸ੍ਰੀ ਦਰਬਾਰ ਸਾਹਿਬ ਦੇ ਗੁਰਮਤਿ ਲਿਟਰੇਚਰ ਹਾਊਸ 'ਤੇ ਨਕਦ ਵੀ ਜਮ੍ਹਾਂ ਕਰਵਾਈ ਜਾ ਸਕਦੀ ਹੈ।

**-ਸੰਪਾਦਕ**



# ਗੁਰਬਾਣੀ ਇਸੁ ਜਗ ਮਹਿ ਚਾਨਣੁ

*-ਜਥੇਦਾਰ ਅਵਤਾਰ ਸਿੰਘ**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਿੱਖਾਂ ਦੇ ਜਾਗਤ-ਜੋਤਿ ਸਤਿਗੁਰੂ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਗੁਰਬਾਣੀ ਦੇ ਬਚਨ ਮਨੁੱਖ ਨੂੰ ਅਧਿਆਤਮਿਕਤਾ ਅਤੇ ਮਾਨਵਤਾ ਦਾ ਉਪਦੇਸ਼ ਦ੍ਰਿੜ੍ਹ ਕਰਵਾਉਂਦੇ ਹਨ, ਜਿਸ 'ਤੇ ਚੱਲ ਕੇ ਮਨੁੱਖੀ-ਜੀਵਨ ਦੇ ਅਸਲ ਸੱਚ ਨੂੰ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ। ਗੁਰਬਾਣੀ ਦੀ ਵਡਿਆਈ ਹੈ ਕਿ ਇਹ ਸਮੁੱਚੀ ਲੋਕਾਈ ਨੂੰ ਇੱਕ ਧਾਗੇ ਵਿਚ ਪਰੋਣ ਦਾ ਅਮਲ ਪੇਸ਼ ਕਰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਦਰਜ ਗੁਰਬਾਣੀ ਦਾ ਸੁਨੇਹਾ ਸਮੁੱਚੀ ਮਨੁੱਖਤਾ ਦੇ ਕਲਿਆਣ ਅਤੇ ਉਧਾਰ ਲਈ ਹੈ। ਇਹ ਚਹੁੰ ਵਰਣਾਂ ਲਈ ਸਾਂਝਾ ਉਪਦੇਸ਼ ਹੈ। ਇਸ ਸਬੰਧੀ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਬਚਨ ਹਨ:

**ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ॥**

*(ਪੰਨਾ ੭੪੭)*

ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਦਾ ਮਹਾਨ ਕਾਰਜ ਪੰਚਮ ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਅੰਮ੍ਰਿਤਸਰ ਵਿਖੇ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਦੇ ਰਮਣੀਕ ਸਥਾਨ 'ਤੇ ਕੀਤਾ। ਮਹਾਨ ਵਿਦਵਾਨ ਭਾਈ ਗੁਰਦਾਸ ਜੀ ਨੇ ਗੁਰਬਾਣੀ ਲਿਖਣ ਦੀ ਸੇਵਾ ਨਿਭਾਈ। ਸੰਮਤ ੧੬੬੧ ਵਿਚ ਇਹ ਪਵਿੱਤਰ ਕਾਰਜ ਸੰਪੂਰਨ ਹੋਇਆ ਅਤੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬੀੜ ਨੂੰ ਭਾਦਰੋਂ ਸੁਦੀ ੧ ਸੰਮਤ ੧੬੬੧ ਦੇ ਦਿਨ ਨਗਰ ਕੀਰਤਨ ਦੇ ਰੂਪ ਵਿਚ ਬੜੀ ਸਜ-ਧਜ ਨਾਲ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਲਿਆ ਕੇ ਪ੍ਰਕਾਸ਼ਮਾਨ ਕੀਤਾ। ਰਸਤੇ ਵਿਚ ਸੰਗਤਾਂ ਵੱਡੇ ਉਤਸ਼ਾਹ ਨਾਲ ਗੁਰਬਾਣੀ ਦੇ ਸ਼ਬਦ ਪੜ੍ਹਦੀਆਂ ਆਈਆਂ।

ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਤੋਂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਮਨ ਦੀ ਵਿਸ਼ਾਲਤਾ, ਹਰ ਧਰਮ ਦੇ ਲੋਕਾਂ ਵਿਚ ਪਰਸਪਰ ਪਿਆਰ ਰੱਖਣ ਦੇ ਉਪਰਾਲੇ, ਜਾਤ-ਪਾਤ, ਇਲਾਕਾਵਾਦ ਅਤੇ ਬੋਲੀ ਦੇ ਝਗੜਿਆਂ ਤੋਂ ਉੱਚਾ ਉੱਠਣ ਦਾ ਪ੍ਰਤੱਖ ਸਬੂਤ ਮਿਲਦਾ ਹੈ।

ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਦੀ ਯਾਤਰਾ ਦਾ ਆਰੰਭ ਨਿਰੰਕਾਰ ਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਦੂਸਰੇ ਗੁਰੂ ਸਾਹਿਬਾਨ ਨੂੰ ਆਵੇਸ਼ ਹੋਈ ਬਾਣੀ ਨਾਲ ਹੁੰਦਾ ਹੈ। ਇਸ ਤੋਂ ਬਿਨਾਂ ਗੁਰੂ ਸਾਹਿਬਾਨ ਵੱਲੋਂ ਭਗਤਾਂ, ਭੱਟਾਂ ਅਤੇ ਹੋਰ ਬਾਣੀਕਾਰਾਂ ਦੇ ਬਚਨਾਂ ਨੂੰ ਸੰਭਾਲ ਲਿਆ ਗਿਆ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਹ ਪਾਵਨ ਬਚਨ 'ਪੋਥੀ' ਰੂਪ ਵਿਚ ਲਿਖ ਦਿੱਤੇ। ਜਦੋਂ ਸ੍ਰੀ ਗੁਰੂ ਅੰਗਦ ਦੇਵ ਜੀ ਗੁਰਗੱਦੀ 'ਤੇ ਬਿਰਾਜਮਾਨ ਹੋਏ ਤਾਂ ਇਸ ਪੋਥੀ ਦੀ ਸੌਂਪਣਾ ਵੀ ਉਨ੍ਹਾਂ ਨੂੰ ਕਰ ਦਿੱਤੀ। ਆਤਮ-ਤ੍ਰਿਪਤੀ ਤੇ ਨਿਰੰਕਾਰ ਦੇ ਦਰਸ਼ਨ ਕਰਾਉਣ ਵਾਲੇ ਇਨ੍ਹਾਂ ਅੰਮ੍ਰਿਤ ਬਚਨਾਂ ਦਾ ਪ੍ਰਵਾਹ ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਤੱਕ ਨਿਰੰਤਰ ਚੱਲਦਾ ਰਿਹਾ। ਇਹ ਪਾਵਨ ਬਚਨ ਪੋਥੀ ਰੂਪ ਵਿਚ ਇਕ ਤੋਂ ਬਾਅਦ ਦੂਜੇ ਤੋਂ ਹੁੰਦੇ ਹੋਏ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਤੱਕ ਪਹੁੰਚੇ। ਉਨ੍ਹਾਂ ਨੇ ਇਸ ਇਕੱਤਰ ਕੀਤੀ ਬਾਣੀ ਨੂੰ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿਚ ਸੰਕਲਨ ਕੀਤਾ।

---

*ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

ਮੁਗਲਾਂ ਨਾਲ ਲੰਬੀ ਜੱਦੋ-ਜਹਿਦ ਮਗਰੋਂ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਲਵੰਡੀ ਸਾਬੋ (ਤਖ਼ਤ ਸ੍ਰੀ ਦਮਦਮਾ ਸਾਹਿਬ) ਵਿਖੇ ਟਿਕੇ ਤਾਂ ਉਨ੍ਹਾਂ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨਤਾ ਕਰਦਿਆਂ ਇਸ ਵਿਚ ਨੌਵੇਂ ਸਤਿਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਨੂੰ ਦਰਜ ਕੀਤਾ ਅਤੇ ਬਾਣੀ ਲਿਖਣ ਦੀ ਮਹਾਨ ਸੇਵਾ ਉਸ ਸਮੇਂ ਦੇ ਮਹਾਨ ਵਿਦਵਾਨ ਭਾਈ ਮਨੀ ਸਿੰਘ ਜੀ ਪਾਸੋਂ ਲਈ। ਤੀਹ ਰਾਗਾਂ ਵਿਚ ਇਕ ਹੋਰ ਰਾਗ ਜੈਜਾਵੰਤੀ ਸ਼ਾਮਲ ਹੋਣ ਨਾਲ ਬਾਣੀ ਇਕੱਤੀ ਰਾਗਾਂ ਵਿਚ ਹੋ ਗਈ। ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਬਚਲ ਨਗਰ ਹਜ਼ੂਰ ਸਾਹਿਬ, ਨਾਂਦੇੜ (ਮਹਾਂਰਾਸ਼ਟਰ) ਵਿਖੇ ਅਕਤੂਬਰ ੧੭੦੮ ਈ: ਨੂੰ ਜੋਤੀ-ਜੋਤਿ ਸਮਾਉਣ ਸਮੇਂ ਇਸ ਪਾਵਨ ਬੀੜ ਨੂੰ ਗੁਰੂ ਪਦਵੀ ਦੀ ਮੋਹਰ ਲਗਾਈ ਅਤੇ ਅੱਗੇ ਤੋਂ ਸਿੱਖ ਪੰਥ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗਣ ਦਾ ਹੁਕਮ ਕੀਤਾ:

**ਆਗਿਆ ਭਈ ਅਕਾਲ ਕੀ, ਤਬੈ ਚਲਾਯੋ ਪੰਥ।**
**ਸਭ ਸਿੱਖਨ ਕੋ ਹੁਕਮ ਹੈ, ਗੁਰੂ ਮਾਨਿਓ ਗ੍ਰੰਥ।**
**ਗੁਰੂ ਗ੍ਰੰਥ ਜੀ ਮਾਨਿਓ, ਪ੍ਰਗਟ ਗੁਰਾਂ ਕੀ ਦੇਹ।**
**ਜੋ ਪ੍ਰਭੁ ਕੋ ਮਿਲਬੋ ਚਹੈ, ਖੋਜ ਸ਼ਬਦ ਮੈਂ ਲੇਹ।**

ਵਿਸ਼ਵ ਦੇ ਸਭ ਧਰਮ-ਗ੍ਰੰਥਾਂ ਵਿੱਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਇਕ ਅਜਿਹਾ ਪਾਵਨ ਗ੍ਰੰਥ ਹੈ, ਜਿਸ ਨੂੰ ਰਾਸ਼ਟਰੀ ਏਕਤਾ ਅਤੇ ਆਪਸੀ ਸਦਭਾਵਨਾ ਦਾ ਪ੍ਰਤੀਕ ਕਿਹਾ ਜਾ ਸਕਦਾ ਹੈ। ਬਾਣੀ ਦੀ ਚੋਣ ਕਰਦੇ ਸਮੇਂ ਰਚਨਾਕਾਰ ਦੀ ਜਾਤ, ਰੰਗ, ਨਸਲ, ਧਰਮ ਤੇ ਦੇਸ਼ ਆਦਿ ਕਿਸੇ ਵੀ ਕਿਸਮ ਦੇ ਵਿਚਾਰ ਨੂੰ ਸਾਹਮਣੇ ਨਹੀਂ ਰੱਖਿਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਠੋਸ ਅਤੇ ਦਲੀਲ ਭਰਪੂਰ ਸਿਧਾਂਤ ਪੇਸ਼ ਕੀਤੇ ਗਏ ਹਨ। ਅਜੋਕੇ ਵਿਗਿਆਨਕ ਯੁੱਗ ਵਿਚ ਜਦੋਂ ਸਭ ਪਾਸੇ ਪਦਾਰਥਵਾਦ ਦਾ ਹੀ ਬੋਲਬਾਲਾ ਹੈ, ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਇਕ ਨਿਰਾਲੀ ਸ਼ਾਨ ਨਾਲ ਸੰਸਾਰ ਸਾਹਵੇਂ ਸਾਕਾਰ ਹੋ ਰਿਹਾ ਹੈ ਅਤੇ ਵਿਗਿਆਨੀਆਂ ਨੂੰ ਖੋਜਾਂ ਲਈ ਨਵੇਂ ਤੋਂ ਨਵੇਂ ਵਿਸ਼ੇ ਜੁਟਾ ਰਿਹਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਗਿਆਨ ਦਾ ਜਗ-ਮਗ ਕਰਦਾ ਸੂਰਜ ਹੈ, ਜਿਸ ਨਾਲ ਮਨ ਦੇ ਹਨੇਰੇ ਦੂਰ ਹੋ ਸਕਦੇ ਹਨ:

**ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਏ॥**

*(ਪੰਨਾ ੬੭)*

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਪਰਮੇਸ਼ਰ ਦੇ ਦਰ-ਘਰ ਦੀਆਂ ਵਿਚਾਰਾਂ ਦੱਸਦੀ ਹੈ, ਨਿਰੰਕਾਰ ਦੀ ਥਾਹ ਦੱਸਦੀ ਹੈ, ਰਾਹ ਦੱਸਦੀ ਹੈ, ਪਰ ਇਨ੍ਹਾਂ ਵਿਚਾਰਾਂ ਦੀ ਥਾਹ ਪਾਉਣ ਲਈ ਜ਼ਰੂਰੀ ਪਹਿਲੂ ਹੈ ਕਿ ਪਹਿਲਾਂ ਗੁਰਬਾਣੀ ਸੁਣਨੀ ਤੇ ਪੜ੍ਹਨੀ ਹੈ ਅਤੇ ਫਿਰ ਉਸ ਨੂੰ ਜੀਵਨ ਵਿਚ ਕਮਾਉਣਾ ਹੈ। ਜੋ ਮਾਰਗ ਸੁਝਾਇਆ ਗਿਆ ਹੈ, ਉਸੇ ਉੱਤੇ ਤੁਰਨਾ ਤੇ ਉਸ ਅਨੁਸਾਰ ਜੀਵਨ ਜੀਉਣਾ ਹੈ। ਜੇਕਰ ਮਨੁੱਖ ਇਹ ਬ੍ਰਹਮ ਵਿਚਾਰ ਸੁਣ ਕੇ ਕਮਾ ਲਵੇ ਤਾਂ ਉਸ ਦਾ ਪਾਰ-ਉਤਾਰਾ ਹੋ ਜਾਂਦਾ ਹੈ, ਜਨਮ-ਮਰਨ ਦਾ ਚੱਕਰ ਮੁੱਕ ਜਾਂਦਾ ਹੈ ਅਤੇ ਉਸ ਦੀ ਸਮਾਈ ਨਿਰੰਕਾਰ ਵਿਚ ਹੋ ਜਾਂਦੀ ਹੈ:

**ਜਨ ਨਾਨਕੁ ਬੋਲੇ ਬ੍ਰਹਮ ਬੀਚਾਰੁ॥ ਜੋ ਸੁਣੇ ਕਮਾਵੈ ਸੁ ਉਤਰੈ ਪਾਰਿ॥**
**ਜਨਮਿ ਨ ਮਰੈ ਨ ਆਵੈ ਨ ਜਾਇ॥ ਹਰਿ ਸੇਤੀ ਓਹੁ ਰਹੈ ਸਮਾਇ॥**

*(ਪੰਨਾ ੩੭੦)*

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਡਿਆਈ ਇਹ ਵੀ ਹੈ ਕਿ ਇਹ ਗੁਰੂ ਸਾਹਿਬ ਨੇ ਆਪਣੇ ਹੱਥੀਂ ਤਿਆਰ ਤੇ ਸੰਪੂਰਨ ਕੀਤਾ। ਸਮੂਹ ਧਰਮਾਂ ਦੇ ਇਤਿਹਾਸ ਵਿਚ ਇਹੋ ਇਕ ਅਜਿਹਾ ਪਾਵਨ ਗ੍ਰੰਥ ਹੈ, ਜਿਸ ਦਾ ਰੋਜ਼ਾਨਾ ਪ੍ਰਕਾਸ਼ ਤੇ ਸੁਖ-ਆਸਣ ਬੜੇ ਅਦਬ ਤੇ ਸਤਿਕਾਰ ਨਾਲ ਕੀਤਾ ਜਾਂਦਾ ਹੈ ਅਤੇ ਲੱਖਾਂ ਪ੍ਰਾਣੀ ਰੋਜ਼ ਨਮਸਕਾਰ ਕਰਕੇ ਆਪਣੇ ਜੀਵਨ ਦੇ ਕਲਿਆਣ ਲਈ ਅਰਦਾਸਾਂ, ਬੇਨਤੀਆਂ ਕਰਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਪਰਮੇਸ਼ਰ ਜਾਂ

ਨਿਰੰਕਾਰ ਦੇ ਬੋਲ ਹਨ, ਜੋ ਉਸ ਦੀ ਕ੍ਰਿਪਾ-ਦ੍ਰਿਸ਼ਟੀ ਸਦਕਾ ਬਾਣੀਕਾਰਾਂ ਦੇ ਮਾਧਿਅਮ ਰਾਹੀਂ ਸੰਸਾਰੀ ਜੀਵਾਂ ਨੂੰ ਪ੍ਰਾਪਤ ਹੋਏ ਹਨ:

**- ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ॥**

*(ਪੰਨਾ ੭੬੩)*

**- ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ**
**ਹਰਿ ਕਰਤਾ ਆਪਿ ਮੁਹਹੁ ਕਢਾਏ॥**

*(ਪੰਨਾ ੩੦੮)*

ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਦੇ ਸ਼ੁਭ-ਅਵਸਰ 'ਤੇ ਮੈਂ ਸਮੂਹ ਗੁਰੂ ਨਾਨਕ ਨਾਮ-ਲੇਵਾ ਸੰਗਤਾਂ ਨੂੰ ਮੁਬਾਰਕਬਾਦ ਦਿੰਦਾ ਹੋਇਆ ਬੇਨਤੀ ਕਰਦਾ ਹਾਂ ਕਿ ਹਰ ਮਾਈ-ਭਾਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜ ਲੱਗ ਕੇ ਗੁਰਬਾਣੀ ਦੇ ਪਾਵਨ ਉਪਦੇਸ਼ਾਂ ਅਨੁਸਾਰ ਜੀਵਨ ਬਸਰ ਕਰੇ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਮਨ ਵਿਚ ਵਸਾਇਆਂ ਹੀ ਨਿਰੰਕਾਰ ਨਾਲ ਇਕਮਿਕਤਾ ਹਾਸਲ ਹੋ ਸਕੇਗੀ। ਗੁਰੂ ਪਾਤਸ਼ਾਹ ਦਾ ਪਾਵਨ ਹੁਕਮ ਹੈ:

**ਅੰਮ੍ਰਿਤ ਬਾਣੀ ਤਤੁ ਹੈ ਗੁਰਮੁਖਿ ਵਸੈ ਮਨਿ ਆਇ॥**
**ਹਿਰਦੈ ਕਮਲੁ ਪਰਗਾਸਿਆ ਜੋਤੀ ਜੋਤਿ ਮਿਲਾਇ॥** *(ਪੰਨਾ ੧੪੨੪)*

■

# ਗੁਰਦੁਆਰਾ ਪ੍ਰਬੰਧਕਾਂ ਦੇ ਧਿਆਨ ਹਿਤ

## ਗੁਰੂ-ਘਰਾਂ ਵਿੱਚ ਅੱਗ ਬੁਝਾਊ ਜੰਤਰ ਤੇ ਸੀ.ਸੀ.ਟੀ.ਵੀ. ਕੈਮਰੇ ਲਗਾਏ ਜਾਣ ਅਤੇ ਪਹਿਰੇਦਾਰੀ ਲਾਜ਼ਮੀ ਕੀਤੀ ਜਾਵੇ

ਬਿਜਲੀ ਦੇ ਸਰਕਟ ਸ਼ਾਰਟ ਹੋਣ ਕਾਰਨ ਅੱਗ ਲੱਗਣ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਅਗਨ-ਭੇਟ ਹੋ ਜਾਣ ਦੀਆਂ ਖ਼ਬਰਾਂ ਬਹੁਤ ਹੀ ਦੁਖਦਾਈ, ਚਿੰਤਾਜਨਕ ਤੇ ਹਿਰਦੇਵੇਧਕ ਹਨ। ਮਰਯਾਦਾ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ-ਸੰਭਾਲ ਤੇ ਅਦਬ-ਸਤਿਕਾਰ ਬਹਾਲ ਰੱਖਣ ਲਈ ਸਮੁੱਚੇ ਸਿੱਖ ਭਾਈਚਾਰੇ ਨੂੰ ਸੁਚੇਤ ਰਹਿਣਾ ਚਾਹੀਦਾ ਹੈ। ਅਜਿਹੀ ਕੋਈ ਮੰਦਭਾਗੀ ਘਟਨਾ ਨਾ ਵਾਪਰੇ, ਇਸ ਲਈ ਗੁਰਦੁਆਰਾ ਸਾਹਿਬ ਦੇ ਅੰਦਰ ਅਤੇ ਸੁਖ-ਆਸਨ ਅਸਥਾਨ ਵਿਚ ਧੂਫ਼, ਲਾਈਟਾਂ, ਪੱਖੇ ਅਤੇ ਬਿਜਲੀ ਦੀਆਂ ਸਜਾਵਟੀ ਲੜੀਆਂ ਉਦੋਂ ਤਕ ਹੀ ਜਗਾਈਆਂ ਜਾਣ, ਜਦ ਤਕ ਕੋਈ ਨਿਗਰਾਨ ਹਾਜ਼ਰ ਹੋਵੇ। ਗੁਰਦੁਆਰਾ ਸਾਹਿਬ ਦੇ ਕਿਵਾੜ ਬੰਦ ਕਰਨ ਸਮੇਂ ਧੂਫ਼/ਅਗਰਬੱਤੀ ਅਤੇ ਬਿਜਲੀ ਦਾ ਮੇਨ-ਸਵਿੱਚ ਆਦਿ ਬੰਦ ਕਰ ਦੇਣੇ ਚਾਹੀਦੇ ਹਨ। ਗੁਰਦੁਆਰਾ ਸਾਹਿਬ ਦੇ ਅੰਦਰ ਅਤੇ ਸੁਖ-ਆਸਨ ਅਸਥਾਨ ਦੀ ਬਿਜਲੀ ਦੀ ਸਮੁੱਚੀ ਫਿਟਿੰਗ ਤਸੱਲੀਬਖਸ਼ ਕੀਤੀ ਜਾਵੇ। ਜ਼ਿਆਦਾ ਗਰਮੀ ਅਤੇ ਤੇਜ਼ ਹਵਾਵਾਂ ਆਦਿ ਚੱਲਣ ਸਮੇਂ ਅਕਸਰ ਹੀ ਤਾਰਾਂ ਸ਼ਾਰਟ ਹੋ ਜਾਂਦੀਆਂ ਹਨ, ਇਸ ਲਈ ਗੁਰੂ-ਘਰਾਂ ਦੇ ਪ੍ਰਬੰਧਕ, ਗ੍ਰੰਥੀ ਸਿੰਘ ਅਤੇ ਸੇਵਾਦਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ-ਸਤਿਕਾਰ ਨੂੰ ਯਕੀਨੀ ਬਣਾਉਣ ਲਈ ਹਮੇਸ਼ਾਂ ਸੁਚੇਤ ਹੋ ਕੇ ਪਹਿਰੇਦਾਰੀ ਲਾਜ਼ਮੀ ਬਣਾਉਣ। ਹਰ ਗੁਰੂ-ਘਰ ਵਿਚ ਅੱਗ ਬੁਝਾਊ ਜੰਤਰ ਲਗਾਉਣ ਦਾ ਵਿਸ਼ੇਸ਼ ਪ੍ਰਬੰਧ ਕੀਤਾ ਜਾਵੇ। ਨਿਗਰਾਨੀ ਲਈ ਗੁਰੂ-ਘਰਾਂ ਵਿਚ ਸੀ.ਸੀ.ਟੀ.ਵੀ. ਕੈਮਰੇ ਵੀ ਲਗਾਏ ਜਾਣ।

***ਸਕੱਤਰ,***
***ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।***

# ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮੂਲ ਸਿਧਾਂਤ

*-ਡਾ. ਪਰਮਵੀਰ ਸਿੰਘ**

ਸ੍ਰੀ ਗੁਰੂ ਗ੍ਰੰਥ ਸਾਹਿਬ ਸਿੱਖ ਧਰਮ ਦਾ ਸਦੀਵੀ ਧਰਮ ਗ੍ਰੰਥ ਹੈ ਜੋ ਕਿ ਹਰ ਸਿੱਖ ਲਈ ਕੇਂਦਰੀ ਧੁਰੇ ਵਜੋਂ ਕਾਰਜ ਕਰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ 'ਰੱਬੀ ਬਾਣੀ' ਜਾਂ 'ਧੁਰ ਕੀ ਬਾਣੀ' ਕਿਹਾ ਜਾਂਦਾ ਹੈ ਜੋ ਸਦੀਵੀ ਗੁਰੂ ਵਜੋਂ ਜਾਣੀ ਜਾਂਦੀ ਹੈ ਅਤੇ ਜਿਸ ਦੇ ਅਨੁਸਾਰ ਹਰ ਇਕ ਸਿੱਖ ਆਪਣੀ ਜੀਵਨ-ਜਾਚ ਨਿਰਧਾਰਤ ਕਰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਦਰਭ ਅਤੇ ਆਧਾਰ 'ਤੇ ਜੇਕਰ ਸਿੱਖ ਲਈ ਮੂਲ ਸਿਧਾਂਤਾਂ ਦੀ ਗੱਲ ਕਰਨੀ ਹੋਵੇ ਤਾਂ ਤਿੰਨ ਪ੍ਰਮੁੱਖ ਸਿਧਾਂਤ ਮੂਲ ਰੂਪ ਵਿਚ ਉਭਰ ਕੇ ਸਾਹਮਣੇ ਆਉਂਦੇ ਹਨ - ਨਾਮ ਜਪੋ, ਕਿਰਤ ਕਰੋ ਅਤੇ ਵੰਡ ਛਕੋ। ਇਹ ਤਿੰਨੇ ਸਿਧਾਂਤ ਸਿੱਖ ਨੂੰ ਜਿੱਥੇ ਆਦਰਸ਼ਕ ਮਾਰਗ 'ਤੇ ਚਲਾਉਣ ਦੇ ਪ੍ਰੇਰਨਾ-ਸ੍ਰੋਤ ਵਜੋਂ ਉਭਰ ਕੇ ਸਾਹਮਣੇ ਆਉਂਦੇ ਹਨ ਉਥੇ ਨੈਤਿਕ ਜੀਵਨ-ਜਾਚ ਵੀ ਨਿਰਧਾਰਤ ਕਰਦੇ ਹਨ। ਇਨ੍ਹਾਂ ਮੂਲ ਸਿਧਾਂਤਾਂ ਬਾਰੇ ਸੰਖੇਪ ਤੌਰ 'ਤੇ ਇਥੇ ਜਾਣਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

**ਨਾਮ ਜਪਣਾ:** ਨਾਮ ਜਪਣਾ ਦੋ ਸ਼ਬਦਾਂ ਦੇ ਸੁਮੇਲ ਦਾ ਪ੍ਰਗਟਾਵਾ ਹੈ- ਨਾਮ ਅਤੇ ਜਾਪ। 'ਨਾਮ' ਸ਼ਬਦ ਦੋ ਰੂਪਾਂ ਵਿਚ ਸਾਹਮਣੇ ਆਇਆ ਹੈ, ਇਕ ਹੈ ਵਸਤੂਵਾਚਕ। ਗੁਰਬਾਣੀ ਵਿਚ ਨਾਮ ਕਰਤਾਰ ਅਤੇ ਉਸ ਦਾ ਹੁਕਮਬੋਧਕ ਸ਼ਬਦ ਵੀ ਹੈ ਜਿਸ ਰਾਹੀਂ ਉਸ ਦੇ ਸਰੂਪ ਦਾ ਵਰਨਣ ਕਰਨ ਦੇ ਨਾਲ-ਨਾਲ ਉਸ ਦੀ ਮਹਿਮਾ ਦਾ ਗਾਇਨ ਕੀਤਾ ਜਾਂਦਾ ਹੈ। ਇਸੇ ਤਰ੍ਹਾਂ 'ਜਪ' ਸ਼ਬਦ ਦਾ ਭਾਵ ਹੈ ਕਿਸੇ ਨੂੰ ਯਾਦ ਕਰਨਾ ਜਾਂ ਮਨ ਵਿਚ ਚੇਤੇ ਰੱਖਣਾ। ਗੁਰਬਾਣੀ ਪਰਮਾਤਮਾ ਦਾ ਨਾਮ ਯਾਦ ਰੱਖਣ 'ਤੇ ਜ਼ੋਰ ਦਿੰਦੀ ਹੈ ਜੋ ਕਿ ਮਨੁੱਖ ਨੂੰ ਅਧਿਆਤਮਕ ਅਤੇ ਸਦਾਚਾਰਕ ਮਾਰਗ ਦਾ ਧਾਰਨੀ ਬਣਾਉਣ ਦਾ ਕਾਰਜ ਕਰਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ 'ਜਪੁ' ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ 'ਜਾਪੁ' ਸਿੱਧੇ ਤੌਰ 'ਤੇ ਪਰਮਾਤਮਾ ਦਾ ਨਾਮ ਜਪਣ ਅਤੇ ਸਦਾਚਾਰਕ ਜੀਵਨ ਦਾ ਧਾਰਨੀ ਹੋਣ 'ਤੇ ਜ਼ੋਰ ਦਿੰਦੀਆਂ ਹਨ। ਨਾਮ-ਸਿਮਰਨ ਵਿਅਕਤੀ ਦੀ ਰੋਜ਼ਾਨਾ ਜੀਵਨ-ਜਾਚ ਵਿਚ ਸ਼ੁੱਧੀ ਪ੍ਰਦਾਨ ਕਰਨ ਦਾ ਕਾਰਜ ਕਰਦਾ ਹੈ। ਇਹ ਜਿੱਥੇ ਇਕ ਪਾਸੇ ਪਰਮਾਤਮਾ ਨਾਲ ਜੋੜੀ ਰੱਖਣ ਵਿਚ ਸਹਾਈ ਹੁੰਦਾ ਹੈ ਉਥੇ ਜੀਵਨ ਵਿਚ ਸੱਚਾਈ ਅਤੇ ਇਮਾਨਦਾਰੀ ਦੇ ਕਾਰਜ ਕਰਨ ਦਾ ਉੱਦਮ ਵੀ ਪ੍ਰਦਾਨ ਕਰਦਾ ਹੈ। ਨਾਮ-ਸਿਮਰਨ ਦੀਆਂ ਪੰਜ ਅਵਸਥਾਵਾਂ ਹਨ : ਪਹਿਲੀ 'ਨਾਮ' ਦਾ ਭਾਵ 'ਵਾਹਿਗੁਰੂ' ਸ਼ਬਦ ਦਾ ਮੂੰਹ ਨਾਲ ਲਗਾਤਾਰ ਜਾਪ। ਦੂਜੀ, ਨਾਮ ਦਾ ਮਨ ਵਿਚ ਵੱਸ ਜਾਣਾ। ਤੀਜੀ ਪ੍ਰਭੂ ਦੇ ਮਿਲਾਪ ਲਈ ਤਾਂਘ। ਚੌਥੀ, ਸਭ ਥਾਈਂ ਵਾਹਿਗੁਰੂ ਜੀ ਦੇ ਦੀਦਾਰ ਕਰਨੇ। ਆਖਰੀ ਅਵਸਥਾ ਹੈ ਸਰਬ- ਸ਼ਕਤੀਮਾਨ ਪਰਮਾਤਮਾ ਨਾਲ ਇਕਮਿਕ ਹੋ ਜਾਣਾ। 'ਸਿੱਖ ਰਹਿਤ ਮਰਯਾਦਾ' ਹਰ ਇਕ ਸਿੱਖ ਲਈ 'ਜੀਵਨ-ਜਾਚ' ਨਿਰਧਾਰਤ ਕਰਨ ਵਾਲੀ ਸੇਧ ਪ੍ਰਦਾਨ ਕਰਦੀ ਹੈ, ਜਿਸ ਵਿਚ ਕਿਹਾ ਗਿਆ ਹੈ- 'ਸਿੱਖ ਅੰਮ੍ਰਿਤ ਵੇਲੇ (ਪਹਿਰ ਰਾਤ ਰਹਿੰਦੀ) ਜਾਗ ਕੇ ਇਸ਼ਨਾਨ ਕਰੇ ਅਤੇ ਇਕ ਅਕਾਲ ਪੁਰਖ ਦਾ ਧਿਆਨ ਕਰਦਾ ਹੋਇਆ 'ਵਾਹਿਗੁਰੂ ਨਾਮ ਜਪੇ'। ਇਸ ਤੋਂ ਇਲਾਵਾ ਨਿਤਨੇਮ ਦੀਆਂ ਬਾਣੀਆਂ ਦਾ ਪਾਠ ਕਰਨ ਦਾ ਵਿਧਾਨ ਹੈ। ਇਕਾਂਤ ਅਤੇ ਸ਼ਾਂਤ ਅਵਸਥਾ ਵਿਚ ਇਸ ਕਾਰਜ ਨੂੰ ਕਰਨ ਉਪਰੰਤ ਸੰਗਤ ਵਿਚ ਜੁੜ ਕੇ ਗੁਰਬਾਣੀ ਦੇ ਅਭਿਆਸ ਦੀ ਤਾਕੀਦ ਕੀਤੀ ਗਈ ਹੈ। ਕਿਉਂਕਿ ਇਹ ਸਮਝਿਆ ਜਾਂਦਾ ਹੈ ਕਿ ਗੁਰਬਾਣੀ ਦਾ ਅਸਰ ਸਾਧਸੰਗਤ ਵਿਚ ਬੈਠਿਆਂ ਵਧੇਰੇ ਹੁੰਦਾ ਹੈ ਇਸ ਲਈ ਸਿੱਖ ਲਈ ਉਚਿਤ ਹੈ ਕਿ ਸਿੱਖ ਸੰਗਤਾਂ ਦੇ ਜੋੜ-ਮੇਲ ਦੇ ਅਸਥਾਨਾਂ- ਗੁਰਦੁਆਰਾ ਸਾਹਿਬਾਨ ਦੇ ਦਰਸ਼ਨ ਕਰੇ ਤੇ ਸਾਧਸੰਗਤ ਵਿਚ ਬੈਠ ਕੇ ਗੁਰਬਾਣੀ ਤੋਂ ਲਾਭ ਉਠਾਵੇ। ਗੁਰਦੁਆਰਾ ਸਾਹਿਬਾਨ ਵਿਚ ਆਮ ਤੌਰ 'ਤੇ ਸਵੇਰ ਸਮੇਂ ਆਸਾ ਦੀ ਵਾਰ ਗਾਇਨ ਕਰਨ ਦਾ ਵਿਧਾਨ ਪ੍ਰਚੱਲਤ ਹੈ। ਇਸ ਤਰ੍ਹਾਂ ਗੁਰਮਤਿ ਵਿਚ ਨਾਮ-ਸਿਮਰਨ ਦੇ ਦੋ ਪਹਿਲੂ ਉੱਘੜ ਕੇ ਸਾਹਮਣੇ ਆਉਂਦੇ ਹਨ, ਇਕ ਹੈ ਇਕਾਂਤ ਵਿਚ ਨਾਮ ਦਾ ਜਾਪ ਅਤੇ ਦੂਜਾ ਹੈ ਸੰਗਤ ਵਿਚ ਇਸ

**ਮੁਖੀ, ਸਿੱਖ ਵਿਸ਼ਵਕੋਸ਼ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।*

ਦਾ ਅਭਿਆਸ ਕਰਨਾ ਤਾਂ ਕਿ ਮਾਇਆ ਵਿਚ ਉਦਾਸ ਵਾਲਾ ਜੀਵਨ-ਆਦਰਸ਼ ਕਾਇਮ ਰੱਖਿਆ ਜਾ ਸਕੇ। ਨਾਮ-ਸਿਮਰਨ ਦਾ ਅਭਿਆਸ ਸਿੱਖ ਨੂੰ ਜੀਵਨ ਦੇ ਹਰ ਮੋੜ 'ਤੇ ਪ੍ਰਭੂਮੁਖੀ ਬਣਾਈ ਰੱਖਣ ਦਾ ਕਾਰਜ ਕਰਦਾ ਹੈ। ਸਿੱਖ ਧਰਮ ਦੇ ਉਦਗਮ ਸਮੇਂ ਭਾਰਤ ਵਿਚ ਹਿੰਦੂ ਪਰੰਪਰਾਵਾਂ ਦਾ ਬੋਲਬਾਲਾ ਸੀ ਜਿੱਥੇ ਮਨੁੱਖੀ ਜੀਵਨ ਨੂੰ ਚਾਰ ਆਸ਼ਰਮਾਂ ਵਿਚ ਵੰਡ ਕੇ ਵੇਖਿਆ ਜਾਂਦਾ ਸੀ- ਬ੍ਰਹਮਚਰਯ, ਗ੍ਰਿਹਸਤ, ਵਾਨਪ੍ਰਸਥ ਅਤੇ ਸੰਨਿਆਸ। ਜੀਵਨ ਦੇ ਪਹਿਲੇ ਹਿੱਸੇ ਵਿਚ ਵਿੱਦਿਆ ਗ੍ਰਹਿਣ ਕਰਨ ਦਾ, ਦੂਜੇ ਹਿੱਸੇ ਵਿਚ ਦੁਨੀਆਂਦਾਰੀ ਨਿਭਾਉਣ ਦਾ, ਤੀਜੇ ਹਿੱਸੇ ਵਿਚ ਧਾਰਮਿਕ ਕਾਰਜਾਂ ਪ੍ਰਤੀ ਰੁਚੀ ਧਾਰਨ ਕਰਨ ਦਾ ਅਤੇ ਚੌਥੇ ਹਿੱਸੇ ਵਿਚ ਇਕਾਂਤਵਾਸ ਹੋ ਕੇ ਧਰਮ ਦਾ ਮਾਰਗ ਧਾਰਨ ਕਰਨ ਦਾ ਵਿਧਾਨ ਆਮ ਤੌਰ 'ਤੇ ਪ੍ਰਚੱਲਤ ਸੀ। ਸਿੱਖ ਧਰਮ ਵਿਚ ਇਨ੍ਹਾਂ ਚਾਰ ਆਸ਼ਰਮਾਂ ਦਾ ਇਸ ਪ੍ਰਸੰਗ ਵਿਚ ਮਹੱਤਵ ਨਾ ਮੰਨਦੇ ਹੋਏ ਜੀਵਨ ਦੇ ਆਰੰਭ ਤੋਂ ਹੀ ਧਾਰਮਿਕ ਮਾਰਗ ਅਪਣਾਉਣ 'ਤੇ ਜ਼ੋਰ ਦਿੱਤਾ ਗਿਆ ਅਤੇ ਇਸ ਵਿਚ ਪ੍ਰਭੂ ਦੇ ਨਾਮ-ਸਿਮਰਨ ਦੁਆਲੇ ਸਮੁੱਚੀ ਜੀਵਨ-ਜਾਚ ਨਿਰਧਾਰਤ ਕਰਨ ਦਾ ਮਾਰਗ ਦਰਸਾਇਆ ਗਿਆ। ਇਨ੍ਹਾਂ ਅਰਥਾਂ ਵਿਚ ਨਾਮ-ਸਿਮਰਨ ਜਿੱਥੇ ਮਨੁੱਖ ਨੂੰ ਪ੍ਰਭੂ ਨਾਲ ਜੋੜ ਕੇ ਅਧਿਆਤਮਕ ਵਿਕਾਸ ਦਾ ਕਾਰਜ ਕਰਦਾ ਹੈ ਉਥੇ ਜੀਵਨ ਦੇ ਹਰ ਮੋੜ 'ਤੇ ਮਨੁੱਖੀ ਮਨ ਨੂੰ ਬੇਕਾਬੂ ਹੋਣ ਤੋਂ ਰੋਕ ਕੇ ਸਦਾਚਾਰਕ ਜੀਵਨ ਦਾ ਧਾਰਨੀ ਬਣਾਉਂਦਾ ਹੈ ਜਿਸ ਨਾਲ ਸਮੁੱਚਾ ਜੀਵਨ-ਪੰਧ ਇੱਕੋ ਜਿਹੇ ਸਮਤਲ ਪੱਧਰ ਦਾ ਅਧਿਕਾਰੀ ਬਣਦਾ ਹੈ ਜਿਸ ਨੂੰ ਨਾ ਤਾਂ ਦੁਨਿਆਵੀ ਚਕਾਚੌਂਧ ਪ੍ਰਭਾਵਤ ਕਰਦੀ ਹੈ ਅਤੇ ਨਾ ਹੀ ਮਨ ਵਿਚ ਭਟਕਣ ਪੈਦਾ ਹੁੰਦੀ ਹੈ। ਨਾਮ-ਸਿਮਰਨ ਇਕ ਅਜਿਹੀ ਨਿਰੰਤਰ ਪ੍ਰਕਿਰਿਆ ਹੈ ਜੋ ਹਰ ਵੇਲੇ ਮਨੁੱਖ ਨੂੰ ਪਰਮਾਤਮਾ ਦੀ ਹੋਂਦ ਮਨ ਵਿਚ ਵਸਾਈ ਰੱਖਣ ਦਾ ਕਾਰਜ ਕਰਦੀ ਹੈ। ਕਿਸੇ ਵੀ ਵਸਤੂ ਜਾਂ ਹਸਤੀ ਦੀ ਚੇਸ਼ਟਾ ਉਸ ਪ੍ਰਤੀ ਗਿਆਨ ਹਾਸਲ ਕਰਨ ਦੀ ਰੁਚੀ ਉਜਾਗਰ ਕਰਦੀ ਹੈ। ਨਾਮ-ਸਿਮਰਨ ਸਿੱਖ ਦੇ ਜੀਵਨ ਦਾ ਕੇਂਦਰੀ ਧੁਰਾ ਹੈ। ਕਈ ਵਾਰ ਸਾਧਕ ਦੇ ਮਨ ਵਿਚ ਇਹ ਵਿਚਾਰ ਆਉਂਦਾ ਹੈ ਕਿ ਜਿਹੜਾ ਕਾਰਜ ਜੀਵਨ ਦੇ ਧੁਰੇ ਵਜੋਂ ਕੀਤਾ ਜਾ ਰਿਹਾ ਹੈ, ਉਸ ਦੇ ਹੋਰ ਪਹਿਲੂਆਂ ਬਾਰੇ ਵੀ ਜਾਣਕਾਰੀ ਹਾਸਲ ਕਰਨੀ ਚਾਹੀਦੀ ਹੈ।

ਨਾਮ ਜਪਣ ਵਾਲੇ ਸਾਧਕ ਦੇ ਮਨ ਵਿਚ ਇਹ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਨਾਮ ਕੀ ਹੈ? ਜਾਂ ਨਾਮ ਜਪਣ ਦਾ ਸਹੀ ਤੇ ਸੁਯੋਗ ਤਰੀਕਾ ਕੀ ਹੋ ਸਕਦਾ ਹੈ? ਸਿੱਖ ਸਾਧਕ ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਗੁਰਬਾਣੀ ਵਿੱਚੋਂ ਲੱਭਣ ਦੀ ਕੋਸ਼ਿਸ਼ ਕਰਦਾ ਹੈ। ਹੁਣ ਤਕ ਇਸ ਬਾਰੇ ਜੋ ਵੀ ਖੋਜ-ਵਿਚਾਰ ਸਾਹਮਣੇ ਆਈ ਹੈ ਉਸ ਅਨੁਸਾਰ ਕਿਹਾ ਗਿਆ ਹੈ ਕਿ ਨਾਮ ਗਿਆਨ-ਇੰਦਰੀਆਂ ਦਾ ਵਿਸ਼ਾ ਨਹੀਂ, ਨਾਮ ਇਕ ਅਨੁਭਵੀ ਤਜ਼ਰਬਾ ਹੈ, ਇਹ ਇਕ ਅਹਿਸਾਸ ਹੈ, ਸੁਆਦ ਹੈ। ਇਸ ਲਈ ਇਸ ਨੂੰ ਅੱਖਰਾਂ ਵਿਚ ਨਹੀਂ ਦੱਸਿਆ ਜਾ ਸਕਦਾ ਹੈ। ਨਾਮ ਸ੍ਰਿਸ਼ਟੀ ਦੀ ਜ਼ਰ੍ਹੇ-ਜ਼ਰ੍ਹੇ ਵਿਚ ਮੌਜੂਦ ਹੈ ਜਿਸ ਨੂੰ ਕੇਵਲ ਮਹਿਸੂਸ ਕੀਤਾ ਜਾ ਸਕਦਾ ਹੈ ਅਤੇ ਜੋ ਵੀ ਵਸਤੂ ਜਾਂ ਹਸਤੀ ਇਸ ਦੁਨਿਆਵੀ ਜਗਤ ਦਾ ਹਿੱਸਾ ਬਣਦੀ ਹੈ ਉਹ 'ਨਾਮਧਰੀਕ' ਹੋ ਜਾਂਦੀ ਹੈ:

**ਜੇਤਾ ਕੀਤਾ ਤੇਤਾ ਨਾਉ॥ ਵਿਣੁ ਨਾਵੈ ਨਾਹੀ ਕੋ ਥਾਉ॥**

*(ਪੰਨਾ ੪)*

ਗੁਰਬਾਣੀ ਵਿਚ ਪਰਮਾਤਮਾ ਦੇ ਨਾਮ ਨੂੰ ਹੀ ਸੱਚਾ ਤੇ ਸ੍ਰੇਸ਼ਟ ਮੰਨਿਆ ਗਿਆ ਹੈ ਜੋ ਕਿ ਸਿੱਖ ਨੂੰ ਦੁਨਿਆਵੀ ਭਵਸਾਗਰ ਵਿੱਚੋਂ ਬਾਹਰ ਕੱਢਣ ਦੀ ਸਮਰੱਥਾ ਰੱਖਦਾ ਹੈ। ਪਰਮਾਤਮਾ ਦਾ ਨਾਮ-ਸਿਮਰਨ ਕਿਵੇਂ ਕੀਤਾ ਜਾਵੇ ਇਹ ਵੀ ਹੁਣ ਤਕ ਵਿਚਾਰ ਦਾ ਵਿਸ਼ਾ ਬਣਿਆ ਹੋਇਆ ਹੈ। ਵੱਖ-ਵੱਖ ਪਹਿਲੂਆਂ ਤੋਂ ਨਾਮ-ਸਿਮਰਨ ਦੇ ਅਭਿਆਸ ਦੀ ਵਿਧੀ ਦਾ ਵਿਖਿਆਨ ਕੀਤਾ ਜਾਂਦਾ ਹੈ। ਮਾਲਾ ਫੇਰਨੀ, ਇਕਾਂਤਵਾਸ ਹੋ ਕੇ ਪ੍ਰਭੂ-ਬੰਦਗੀ ਕਰਨੀ, ਲਗਾਤਾਰ ਪ੍ਰਭੂ ਦਾ ਨਾਮ ਲੈਂਦੇ ਰਹਿਣਾ ਆਦਿ ਕਿਸੇ ਨਾ ਕਿਸੇ ਰੂਪ ਵਿਚ ਨਾਮ-ਸਿਮਰਨ ਦੇ ਅਭਿਆਸ ਦੇ ਧਾਰਨ ਕੀਤੇ ਮਾਰਗ ਵੇਖਣ-ਸੁਣਨ ਨੂੰ ਮਿਲਦੇ ਹਨ। ਗੁਰਮਤਿ ਵਿਚ ਇਨ੍ਹਾਂ ਵਿੱਚੋਂ ਕੋਈ ਵੀ ਮਾਰਗ ਪ੍ਰਵਾਨ ਕੀਤਾ ਨਹੀਂ ਮਿਲਦਾ ਕਿਉਂਕਿ ਨਾਮ ਦੇ ਸਿਮਰਨ ਨੂੰ ਤੋਤਾ-ਰਟਨੀ ਨਹੀਂ ਮੰਨਿਆ ਜਾਂਦਾ ਜਿਸ ਵਿਚ ਜਿਸ ਵੀ ਵਸਤੂ ਜਾਂ ਹਸਤੀ ਦਾ ਨਾਮ ਲਿਆ ਜਾਵੇ ਉਹ ਪ੍ਰਗਟ ਹੋ ਜਾਂਦੀ ਹੈ। ਇਹ ਗੁਰੂ ਦੀ ਬਖ਼ਸ਼ਿਸ਼ ਅਤੇ ਹਿਰਦੇ ਵਿਚ ਨਾਮ ਵਸਾਉਣ ਰਾਹੀਂ ਸੰਭਵ ਹੈ। ਗੁਰਮਤਿ ਵਿਚ ਸਮਾਜਿਕ ਜੀਵਨ ਦੀ ਹੋਂਦ ਨੂੰ ਪ੍ਰਮੁਖਤਾ ਦਿੱਤੀ ਗਈ ਹੈ ਅਤੇ ਸਮਾਜਿਕ ਕਾਰਜ ਕਰਦੇ ਹੋਏ ਮਨ ਅਤੇ ਬੁੱਧੀ ਨੂੰ ਸ਼ੁੱਧ ਰੱਖਣ ਦੀ ਤਾਕੀਦ ਕੀਤੀ ਗਈ ਹੈ। ਮਨ ਅਤੇ ਬੁੱਧੀ ਨੂੰ ਸ਼ੁੱਧ ਰੱਖਣ ਲਈ ਨਾਮ-ਸਿਮਰਨ 'ਤੇ ਜ਼ੋਰ ਦਿੱਤਾ ਗਿਆ ਹੈ।

ਸਮਾਜਿਕ ਜੀਵਨ ਵਿਚ ਮਨੁੱਖ ਕਈ ਤਰ੍ਹਾਂ ਦੇ ਕਾਰਜ ਕਰਦਾ ਹੈ। ਇਹ ਦੁਨਿਆਵੀ ਕਾਰਜ ਮਨੁੱਖ ਦੇ ਸਮਾਜਿਕ ਜੀਵਨ ਦਾ ਵਸੀਲਾ ਬਣਦੇ ਹਨ। ਦੁਨਿਆਵੀ ਕਾਰਜ ਕਰਦੇ ਹੋਏ ਵਿਅਕਤੀ ਆਪਣਾ ਜੀਵਨ-ਉਦੇਸ਼ ਯਾਦ ਰੱਖੇ ਅਤੇ ਉਸ ਤਕ ਪਹੁੰਚਣ ਲਈ ਲਗਾਤਾਰ ਕਾਰਜ ਕਰਦਾ ਰਹੇ, ਇਸ ਲਈ ਨਾਮ ਦਾ ਜਾਪ ਜੀਵਨ ਦੇ ਜ਼ਰੂਰੀ ਅੰਗ ਵਜੋਂ ਸਹਾਇਤਾ ਕਰਦਾ ਹੈ। ਪਰਮਾਤਮਾ ਦਾ ਜਾਪ ਮਨੁੱਖੀ ਜੀਵਨ ਵਿਚ ਪਰਮਾਤਮਾ ਦੀ ਸੋਝੀ ਦ੍ਰਿੜ੍ਹ ਕਰਾਉਣ ਦਾ ਕਾਰਜ ਕਰਦਾ ਹੈ। ਭਾਈ ਜੋਧ ਸਿੰਘ ਕਹਿੰਦੇ ਹਨ- 'ਨਾਮ ਦਾ ਜਾਪ ਮਨ ਵਿਚ ਨਾਮ ਦਾ ਖਿਆਲ ਉਪਜਾਉਣ ਦਾ ਕਾਰਨ ਬਣਦਾ ਹੈ। ਮਨ ਵਿਚ ਨਾਮ ਦਾ ਖਿਆਲ ਉਪਜਾਉਣ ਲਈ ਜਪੁ ਇਕ ਵਸੀਲਾ ਹੈ। ਘੜੀ-ਘੜੀ ਜਪੁ ਕਰਨਾ ਉਸ ਖਿਆਲ ਨੂੰ ਮਨ ਵਿਚ ਢੇਰ ਚਿਰ ਕਾਇਮ ਰੱਖਣ ਦਾ ਯਤਨ ਹੈ।' ਨਾਮ ਮਨੁੱਖ ਦੇ ਮਨ ਵਿਚ ਪਹਿਲਾਂ ਤੋਂ ਹੀ ਮੌਜੂਦ ਹੈ, ਉਸ ਨੂੰ ਉਜਾਗਰ ਕਰਨ ਲਈ ਉਸ ਦਾ ਵਾਰ-ਵਾਰ ਸਿਮਰਨ ਕਰਨਾ ਪੈਂਦਾ ਹੈ। ਨਾਮ-ਸਿਮਰਨ ਨੂੰ ਗੁਣਾਂ ਦਾ ਖਜ਼ਾਨਾ ਮੰਨਿਆ ਗਿਆ ਹੈ ਇਸ ਨਾਲ ਜਿੱਥੇ ਮਨੁੱਖ ਦੇ ਮਨ ਵਿਚ ਗੁਣਾਂ ਦਾ ਸੰਚਾਰ ਹੁੰਦਾ ਹੈ ਉਥੇ ਨਾਲ ਹੀ ਔਗੁਣਾਂ ਦਾ ਵਿਨਾਸ਼ ਵੀ ਹੋ ਜਾਂਦਾ ਹੈ। ਨਾਮ ਮਨੁੱਖ ਦੇ ਮਨ ਨੂੰ ਸ਼ਾਂਤੀ ਅਤੇ ਅਨੰਦ ਪ੍ਰਦਾਨ ਕਰਨ ਦੇ ਨਾਲ-ਨਾਲ ਸਮੂਹ ਦੁੱਖਾਂ ਤੋਂ ਨਿਜਾਤ ਦਿਵਾਉਂਦਾ ਹੈ। ਦੁੱਖਾਂ ਤੋਂ ਨਿਜਾਤ ਦਿਵਾਉਣ ਦਾ ਭਾਵ ਇਹ ਨਹੀਂ ਕਿ ਦੁੱਖ ਮਨੁੱਖ ਨੂੰ ਲੱਗਦੇ ਹੀ ਨਹੀਂ, ਬਲਕਿ ਨਾਮ-ਸਿਮਰਨ ਨਾਲ ਦੁਨਿਆਵੀ ਦੁੱਖ ਮਨੁੱਖ ਦੇ ਮਨ ਨੂੰ ਪ੍ਰਭਾਵਤ ਨਹੀਂ ਕਰ ਸਕਦੇ। ਸ੍ਰੀ ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਤੇਗ ਬਹਾਦਰ ਜੀ, ਭਾਈ ਮਨੀ ਸਿੰਘ ਜੀ ਅਤੇ ਬਾਬਾ ਬੰਦਾ ਸਿੰਘ ਬਹਾਦਰ ਦੀਆਂ ਮਿਸਾਲਾਂ ਸਾਡੇ ਸਾਹਮਣੇ ਹਨ ਜਿਨ੍ਹਾਂ ਨੇ ਨਾਮ ਦੀ ਬਰਕਤ ਨਾਲ ਦੁਨਿਆਵੀ ਦੁੱਖਾਂ ਨੂੰ ਅੱਖੋਂ-ਪਰੋਖੇ ਕਰ ਦਿੱਤਾ ਪਰ ਧਾਰਮਿਕ ਅਤੇ ਸਮਾਜਿਕ ਉਦੇਸ਼ ਦੀ ਦ੍ਰਿੜ੍ਹਤਾ ਕਾਇਮ ਰੱਖੀ। ਸ੍ਰੀ ਗੁਰੂ ਨਾਨਕ ਦੇਵ ਜੀ ਫ਼ਰਮਾਉਂਦੇ ਹਨ:

**ਦੀਵਾ ਮੇਰਾ ਏਕੁ ਨਾਮੁ ਦੁਖੁ ਵਿਚਿ ਪਾਇਆ ਤੇਲੁ॥**
**ਉਨਿ ਚਾਨਣਿ ਓਹੁ ਸੋਖਿਆ ਚੂਕਾ ਜਮ ਸਿਉ ਮੇਲੁ॥**

*(ਪੰਨਾ ੩੫੮)*

ਮਨੁੱਖ ਦੁਆਰਾ ਧਰਮ ਦੇ ਧਾਰਨ ਕੀਤੇ ਚਿੰਨ੍ਹ ਉਸ ਦੇ ਧਾਰਮਿਕ ਅਤੇ ਸਦਾਚਾਰੀ ਹੋਣ ਦਾ ਸੰਕੇਤ ਕਰਦੇ ਹਨ। ਇਹ ਬਾਹਰੀ ਚਿੰਨ੍ਹ ਅਤੇ ਭੇਖ ਵਿਅਕਤੀ ਦੇ ਦੁਨਿਆਵੀ ਧਾਰਮਿਕ ਮਾਰਗ ਦਾ ਪ੍ਰਗਟਾਵਾ ਵੀ ਕਰਦੇ ਹਨ, ਪਰ ਇਹ ਬਾਹਰੀ ਭੇਖ ਵਿਅਕਤੀ ਦੇ ਅੰਦਰੂਨੀ ਜੀਵਨ ਨੂੰ ਬਦਲਣ ਜਾਂ ਮਨ ਨੂੰ ਸ਼ੁੱਧ ਕਰਨ ਵਿਚ ਕੋਈ ਯੋਗਦਾਨ ਪਾ ਸਕਦੇ ਹਨ, ਇਹ ਨਿਸ਼ਚੇ ਨਾਲ ਨਹੀਂ ਕਿਹਾ ਜਾ ਸਕਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਮਨ, ਵਚਨ ਅਤੇ ਕਰਮ ਰਾਹੀਂ ਸਿਮਰਨ ਨਾਲ ਜੁੜ ਕੇ ਹੀ ਮਨੁੱਖ ਪਰਮਗਤਿ ਦੇ ਮਾਰਗ ਦਾ ਪਾਂਧੀ ਹੋ ਸਕਦਾ ਹੈ, ਕੇਵਲ ਬਾਹਰੀ ਦਿਖਾਵੇ ਵਿਅਰਥ ਸਾਬਤ ਹੁੰਦੇ ਹਨ:

**ਨਾਨਕ ਸਚੇ ਨਾਮ ਬਿਨੁ ਕਿਆ ਟਿਕਾ ਕਿਆ ਤਗੁ॥** *(ਪੰਨਾ ੪੬੭)*

ਨਾਮ-ਸਿਮਰਨ ਕਰਨ ਵਾਲੇ ਸਿੱਖ ਨੂੰ 'ਗੁਰਮੁਖ' ਕਿਹਾ ਜਾਂਦਾ ਹੈ ਅਤੇ ਨਾਮ ਵਿਹੂਣੇ ਦੀ ਤੁਲਨਾ ਮਨਮੁਖ ਨਾਲ ਕੀਤੀ ਜਾਂਦੀ ਹੈ। ਨਾਮ-ਸਿਮਰਨ ਸਿੱਖ ਦੇ ਜੀਵਨ ਦੀਆਂ ਅਗਲੀਆਂ ਪਉੜੀਆਂ ਨੂੰ ਪ੍ਰਭਾਵਤ ਕਰਦਾ ਹੈ ਜਿਨ੍ਹਾਂ ਵਿੱਚੋਂ ਕਿਰਤ ਕਰਨ ਅਤੇ ਵੰਡ ਛਕਣ ਦੀ ਪਰੰਪਰਾ ਨੂੰ ਸੇਧ ਮਿਲਦੀ ਹੈ।

**ਕਿਰਤ ਕਰਨੀ:** ਨਾਮ ਇਸ ਲਈ ਜਪਿਆ ਜਾਂਦਾ ਹੈ ਤਾਂ ਕਿ ਮਨ ਪਰਮਾਤਮਾ ਨਾਲ ਜੁੜਿਆ ਰਹੇ ਅਤੇ ਕਿਰਤ ਇਸ ਲਈ ਕੀਤੀ ਜਾਂਦੀ ਹੈ ਤਾਂ ਕਿ ਮਨ ਵਿਚ ਸਮਾਜਿਕ ਕਾਰਜਾਂ ਪ੍ਰਤੀ ਰੁਚੀ ਪੈਦਾ ਹੋਵੇ ਅਤੇ ਜੀਵਨ ਗੁਜ਼ਾਰਨ ਦਾ ਸਾਧਨ ਕਾਇਮ ਰਹਿ ਸਕੇ। ਕਿਹਾ ਜਾਂਦਾ ਹੈ ਕਿ ਅਰੋਗ ਸਰੀਰ ਵਿਚ ਹੀ ਸਵਸਥ ਮਨ ਨਿਵਾਸ ਕਰਦਾ ਹੈ। ਇਸ ਲਈ ਜ਼ਰੂਰੀ ਹੈ ਕਿ ਨਾਮ ਜਪਣ ਵਾਲਾ ਸਰੀਰ ਚੁਸਤ-ਦਰੁਸਤ ਅਤੇ ਤੰਦਰੁਸਤ ਹੋਵੇ। ਨਾਮ-ਸਿਮਰਨ ਮਨ ਨੂੰ ਨਿਰੋਗ ਕਰਦਾ ਹੈ ਅਤੇ ਵਿਅਕਤੀ ਦੀਆਂ ਸਰੀਰਿਕ ਕਿਰਿਆਵਾਂ ਨੂੰ ਰੋਗ-ਮੁਕਤ ਕਰਨ ਵਿਚ ਸਹਾਈ ਹੁੰਦੀਆਂ ਹਨ। ਸਿੱਖ ਕੌਮ ਕਿਰਤੀਆਂ ਦੀ ਕੌਮ ਹੈ ਇਸ ਵਿਚ ਸਭ ਤਰ੍ਹਾਂ ਦੇ ਮਿਹਨਤੀ ਲੋਕਾਂ ਦੀ ਭਰਮਾਰ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਪ੍ਰਚੱਲਤ ਆਸ਼ਰਮ-ਵਿਵਸਥਾ ਵਿਚ ਕੇਵਲ ਗ੍ਰਿਹਸਤੀ ਹੀ ਕਿਰਤ ਕਰਦਾ ਸੀ ਜੋ ਕਿ ਜੀਵਨ ਦੇ ਕੇਵਲ

*(ਬਾਕੀ ਪੰਨਾ ੨੨ 'ਤੇ)*




# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ
# ਗੁਰਦੁਆਰਾ ਸ੍ਰੀ ਪਾਉਂਟਾ ਸਾਹਿਬ ਵਿਖੇ ਵਿਸ਼ਾਲ ਕਵੀ ਸੰਮੇਲਨ

ਦਿਲਜੀਤ ਸਿੰਘ 'ਬੇਦੀ'



ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ 350ਵਾਂ ਪ੍ਰਕਾਸ਼ ਪੁਰਬ ਜਨਵਰੀ 2017 ਵਿਚ ਸਿੱਖ ਜਗਤ ਵੱਲੋਂ ਸ਼ਰਧਾ ਤੇ ਉਤਸ਼ਾਹ ਨਾਲ ਮਨਾਉਣ ਦੀਆਂ ਤਿਆਰੀਆਂ ਆਰੰਭੀਆਂ ਗਈਆਂ ਹਨ, ਜਿਸ ਤਹਿਤ ਵੱਖ-ਵੱਖ ਗੁਰਮਤਿ ਸਮਾਗਮਾਂ ਤੋਂ ਇਲਾਵਾ ਨਗਰ ਕੀਤਰਨ ਅਤੇ ਸੈਮੀਨਾਰ ਕਰਵਾਏ ਜਾਣ ਦੀ ਵਿਉਂਤਬੰਦੀ ਸਿੱਖ ਕੌਮ ਵੱਲੋਂ ਕੀਤੀ ਗਈ ਹੈ। ਸਿੱਖਾਂ ਦੀ ਸੁਪਰੀਮ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜਥੇਦਾਰ ਅਵਤਾਰ ਸਿੰਘ ਦੀ ਅਗਵਾਈ ਹੇਠ ਆਗਾਮੀ ਪ੍ਰਕਾਸ਼ ਗੁਰਪੁਰਬ ਦੇ ਮੱਦੇਨਜ਼ਰ ਅਨੇਕਾਂ ਪ੍ਰੋਗਰਾਮ ਉਲੀਕੇ ਗਏ ਹਨ। ਇਨ੍ਹਾਂ ਪ੍ਰੋਗਰਾਮਾਂ ਦੀ ਆਰੰਭਤਾ ਸ਼੍ਰੋਮਣੀ ਕਮੇਟੀ ਵੱਲੋਂ ਉਲੀਕੇ ਗਏ ਇਤਿਹਾਸਿਕ ਅਸਥਾਨ ਗੁਰਦੁਆਰਾ ਸ੍ਰੀ ਪਾਉਂਟਾ ਸਾਹਿਬ ਵਿਖੇ ਕਰਵਾਏ ਗਏ ਵਿਸ਼ਾਲ ਕਵੀ ਸੰਮੇਲਨ ਨਾਲ ਉਤਸ਼ਾਹ ਪੂਰਵਕ ਹੋਈ। ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਪਾਉਂਟਾ ਸਾਹਿਬ ਦੇ ਸਹਿਯੋਗ ਨਾਲ ਕਰਵਾਏ ਗਏ ਇਸ ਕਵੀ ਸੰਮੇਲਨ ਵਿਚ ਦਸਮ ਪਾਤਸ਼ਾਹ ਜੀ ਦੇ ਹਜ਼ੂਰੀ ਕਵੀਆਂ ਦੀ ਯਾਦ ਵਿਚ 52 ਕਵੀਆਂ ਨੇ ਆਪਣੀਆਂ ਕਾਵਿ-ਰਚਨਾਵਾਂ ਪੇਸ਼ ਕੀਤੀਆਂ, ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ, ਸ਼ਖ਼ਸੀਅਤ, ਫਲਸਫੇ ਅਤੇ ਉਨ੍ਹਾਂ ਦੀ ਦੇਣ ਨਾਲ ਸਬੰਧਤ ਸਨ। ਇਸ ਤੋਂ ਪਹਿਲਾਂ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ।

ਕਵੀ ਸੰਮੇਲਨ ਦੀ ਆਰੰਭਤਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਕੀਤੀ। ਉਨ੍ਹਾਂ ਆਪਣੇ ਸੰਬੋਧਨ ਵਿਚ ਕਿਹਾ ਕਿ ਦਸਵੇਂ ਸਤਿਗੁਰੂ ਜੀ ਦਾ ਸਮੁੱਚਾ ਜੀਵਨ ਹੀ ਮਨੁੱਖਤਾਵਾਦੀ ਸੀ, ਜਿਨ੍ਹਾਂ ਨੇ ਮਾਨਵਤਾ ਨੂੰ ਬੌਧਿਕ ਤੌਰ 'ਤੇ ਮਜ਼ਬੂਤ ਕਰਨ ਲਈ ਆਪਣੇ ਪਿਆਰੇ 52 ਕਵੀਆਂ ਪਾਸੋਂ ਉੱਚ ਪਾਏ ਦੀਆਂ ਕਵਿਤਾਵਾਂ ਦੀ ਰਚਨਾ ਕਰਵਾਈ। ਉਨ੍ਹਾਂ ਇਤਿਹਾਸ ਦੀ ਰੌਸ਼ਨੀ ਵਿਚ ਕਿਹਾ ਕਿ ਗੁਰੂ ਜੀ ਚੰਗੇ ਕਵੀਆਂ ਨੂੰ ਵੱਡੇ ਇਨਾਮ ਦੇ ਕੇ ਨਿਵਾਜਦੇ ਸਨ। ਉਨ੍ਹਾਂ ਕਿਹਾ ਕਿ ਗੁਰੂ ਜੀ ਵੱਲੋਂ ਚਲਾਈ ਰੀਤ ਅਨੁਸਾਰ ਇਹ ਕਵੀ ਸੰਮੇਲਨ ਕਰਵਾਇਆ ਗਿਆ ਹੈ ਅਤੇ ਅਵੱਸ਼ਕ ਹੀ ਸੰਗਤਾਂ ਦੇ ਮਨ ਤੇ ਇਸ ਇਤਿਹਾਸਿਕ ਕਵੀ




ਸੰਮੇਲਨ ਦਾ ਅਸਰ ਚਿਰ-ਸਦੀਵ ਰਹੇਗਾ। ਉਨ੍ਹਾਂ ਦਸਮ ਪਾਤਸ਼ਾਹ ਜੀ ਦੇ 350ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਰਵਾਏ ਜਾਣ ਵਾਲੇ ਸਮਾਗਮਾਂ ਦੀ ਨਿਰੰਤਰਤਾ ਦੀ ਗੱਲ ਕਰਦਿਆਂ ਕਿਹਾ ਕਿ ਅਗਲੇ ਪੜਾਵਾਂ ਤਹਿਤ ਤਖਤ ਸ੍ਰੀ ਦਮਦਮਾ ਸਾਹਿਬ, ਤਖਤ ਸ੍ਰੀ ਕੇਸਗੜ੍ਹ ਸਾਹਿਬ, ਦੀਨਾ ਕਾਂਗੜ (ਮੋਗਾ) ਅਤੇ ਤਖਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਸਮਾਗਮ ਹੋਣਗੇ। ਇਸ ਤੋਂ ਇਲਾਵਾ ਸਮੁੱਚੇ ਭਾਰਤ ਵਿਚ ਸੈਮੀਨਾਰ ਆਯੋਜਿਤ ਕੀਤੇ ਜਾਣਗੇ, ਜਿਨ੍ਹਾਂ ਲਈ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਸ੍ਰੀ ਫਤਹਿਗੜ੍ਹ ਸਾਹਿਬ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਗੁਰੂ ਨਾਨਕ ਖਾਲਸਾ ਕਾਲਜ ਮੁੰਬਈ ਅਤੇ ਕਲਕੱਤਾ ਆਦਿ ਸਥਾਨਾਂ ਨੂੰ ਚੁਣਿਆ ਗਿਆ ਹੈ। ਉਨ੍ਹਾਂ ਕਿਹਾ ਕਿ ਮੁੱਖ ਸਮਾਗਮ ਸ੍ਰੀ ਪਟਨਾ ਸਾਹਿਬ (ਬਿਹਾਰ) ਵਿਖੇ ਜਨਵਰੀ 2017 ਵਿਚ ਹੋਣਗੇ। ਜਥੇਦਾਰ ਅਵਤਾਰ ਸਿੰਘ ਨੇ ਪਾਉਂਟਾ ਸਾਹਿਬ ਵਿਖੇ ਪੁੱਜਦੀਆਂ ਸੰਗਤਾਂ ਦੀ ਸਹੂਲਤ ਲਈ ਸ਼੍ਰੋਮਣੀ ਕਮੇਟੀ ਵੱਲੋਂ ਇੱਕ ਸੌ ਕਮਰਿਆਂ ਦੀ ਸਰਾਂ ਬਣਾਉਣ ਦਾ ਐਲਾਨ ਕੀਤਾ। ਉਨ੍ਹਾਂ ਇਹ ਵੀ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਹਰ ਸਾਲ ਇੱਕ ਇਨਾਮੀਂ ਕਵੀ ਦਰਬਾਰ ਕੀਤਾ ਜਾਇਆ ਕਰੇਗਾ, ਜਿਸ ਵਿਚ ਇੱਕ ਸਿਰਮੌਰ ਕਵੀ ਨੂੰ ਦੋ ਲੱਖ ਰੁਪਏ ਦਾ ਵਿਸ਼ੇਸ਼ ਇਨਾਮ ਦਿੱਤਾ ਜਾਵੇਗਾ।

ਇਸ ਮੌਕੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਉਪ-ਕੁਲਪਤੀ ਡਾ. ਜਸਪਾਲ ਸਿੰਘ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਮਨਜੀਤ ਸਿੰਘ ਜੀ.ਕੇ. ਤੇ ਜਨਰਲ ਸਕੱਤਰ ਸ. ਮਨਜਿੰਦਰ ਸਿੰਘ ਸਿਰਸਾ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਸੰਗਤਾਂ ਨੂੰ ਦਸਮ ਪਾਤਸ਼ਾਹ ਜੀ ਦੇ ਅਗਾਮੀ 350ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਹੁੰਦਿਆਂ ਗੁਰੂ ਲੜ ਲੱਗਣ ਲਈ ਪ੍ਰੇਰਿਆ। ਬੁਲਾਰਿਆਂ ਨੇ ਸ੍ਰੀ ਪਾਉਂਟਾ ਸਾਹਿਬ ਦੀ ਕਾਵਿ ਪ੍ਰੰਪਰਾ ਦਾ ਜ਼ਿਕਰ ਕਰਦਿਆਂ ਦਸਮ ਪਾਤਸ਼ਾਹ ਜੀ ਦੇ ਇਥੋਂ ਨਾਲ ਸਬੰਧਤ ਇਤਿਹਾਸ ਨੂੰ ਵੀ ਸੰਗਤਾਂ ਸਨਮੁਖ ਪੇਸ਼ ਕੀਤਾ। ਕਵੀ ਸੰਮੇਲਨ ਵਿਚ ਕੁਲਵੰਤ ਸਿੰਘ ਚੌਧਰੀ, ਚੰਨਣ ਸਿੰਘ ਚਮਨ ਹਰਗੋਬਿੰਦਪੁਰੀ, ਕਸ਼ਿਸ਼

ਹੁਸ਼ਿਆਰਪੁਰੀ, ਸੁਖਵਿੰਦਰ ਕੌਰ ਅੰਮ੍ਰਿਤ, ਕੁਲਵੰਤ ਸਿੰਘ ਗਰੇਵਾਲ, ਰਾਬਿੰਦਰ ਸਿੰਘ ਮਸਰੂਰ, ਗੁਰਭਜਨ ਸਿੰਘ ਗਿੱਲ, ਨਾਸਰ ਨਕਵੀ, ਤਰੰਨੁਮ ਰਿਆਜ਼, ਜਸਵੰਤ ਸਿੰਘ ਜ਼ਫਰ, ਦਰਸ਼ਨ ਸਿੰਘ ਬੁੱਟਰ, ਹਰਸ਼ ਕੁਮਾਰ ਹਰਸ਼, ਸੁਖਵੰਤ ਸਿੰਘ ਚਿੱਤਰਕਾਰ, ਬਲਵਿੰਦਰ ਸਿੰਘ ਸੰਧੂ, ਰੂਬੀਨਾ ਸ਼ਬਨਮ, ਡਾ. ਧਰਮਿੰਦਰ ਸਿੰਘ ਉੱਭਾ, ਡਾ. ਵਨੀਤਾ, ਡਾ. ਵਰਿੰਦਰ ਅਲੰਕਾਰ, ਇੰਦਰਮੋਹਨ ਸਿੰਘ, ਫਰਤੂਲ ਚੰਦ ਫੱਕਰ, ਨਵਨੀਤ ਸ਼ਰਮਾ, ਡਾ. ਸਤੀਸ਼ ਵਰਮਾ, ਦਰਸ਼ਨ ਸਿੰਘ ਆਸ਼ਟ, ਸਵਾਮੀ ਅੰਤਰ ਨੀਰਵ, ਮਨਮੋਹਨ ਸਿੰਘ ਦਾਊ, ਪੂਰਨ ਅਹਿਸਾਨ, ਰੁਖਸਾਨਾ ਬੇਗਮ, ਅਮਰਜੀਤ ਸਿੰਘ ਅਮਰ, ਮਨਮੋਹਨ ਸਿੰਘ ਮੋਹਣੀ, ਨਾਸਿਰ ਯੂਸਫਜਾਈ, ਫਕੀਰ ਚੰਦ ਤੁਲੀ, ਸਤਨਾਮ ਸਿੰਘ ਕੋਮਲ, ਅਜੀਤ ਸਿੰਘ ਰਤਨ, ਜਗਜੀਤ ਕੌਰ ਭੋਲੀ, ਕਰਮਜੀਤ ਸਿੰਘ ਨੂਰ, ਹਰੀ ਸਿੰਘ ਜਾਚਕ, ਜ਼ਮੀਰ ਅਲੀ ਜ਼ਮੀਰ, ਬਲਬੀਰ ਸਿੰਘ ਬੱਲ, ਗੁਰਸ਼ਰਨ ਸਿੰਘ ਪਰਵਾਨਾ, ਚੈਨ ਸਿੰਘ ਚੱਕਰਵਰਤੀ, ਹਰਵਿੰਦਰ ਸਿੰਘ ਵੀਰ, ਸੁਰਜੀਤ ਸਿੰਘ ਆਰਟਿਸਟ, ਅਵਤਾਰ ਸਿੰਘ ਤਾਰੀ, ਸਤਬੀਰ ਸਿੰਘ ਸ਼ਾਨ, ਤਰਲੋਕ ਸਿੰਘ ਦੀਵਾਨਾ, ਡਾ. ਗੁਰਚਰਨ ਕੌਰ ਕੋਚਰ, ਡਾ. ਸਰਬਜੀਤ ਕੌਰ ਸੰਧਾਵਾਲੀਆ, ਪਰਮਜੀਤ ਕੌਰ ਸਰਹਿੰਦ ਅਤੇ ਸੁਰਿੰਦਰ ਸਿੰਘ ਵੱਲੋਂ ਕਾਵਿ-ਰਚਨਾਵਾਂ ਸੁਣਾਈਆਂ ਗਈਆਂ। ਪੇਸ਼ ਕੀਤੀਆਂ ਗਈਆਂ ਬਹੁਤ ਹੀ ਭਾਵਪੂਰਤ ਕੁਝ ਕਵਿਤਾਵਾਂ ਦੇ ਮੁਖੜੇ ਇਸ ਤਰ੍ਹਾਂ ਹਨ:

**-ਦੇ ਕਦੀ ਦੀਦਾਰ ਨੀਲੇ ਵਾਲਿਆ।**
**ਐ ਮੇਰੇ ਦਾਤਾਰ ਨੀਲੇ ਵਾਲਿਆ।**

(ਡਾ. ਰਾਬਿੰਦਰ ਸਿੰਘ ਮਸਰੂਰ)

**-ਅਨੰਦਪੁਰ ਕੋਈ ਸ਼ਹਿਰ ਨਹੀਂ ਹੈ, ਇਹ ਤਾਂ ਇਕ ਵਿਸ਼ਵਾਸ ਦਾ ਨਾਂ ਹੈ।**
**ਹੱਕ ਸੱਕ ਇਨਸਾਫ਼ ਦੀ ਰਾਖੀ ਕਰਦੀ ਅਣਖੀ ਛਾਂ ਦਾ ਨਾਂ ਹੈ।**

(ਸ. ਗੁਰਭਜਨ ਸਿੰਘ ਗਿੱਲ)

**-ਮੈਂ ਗੀਤ ਗੁਰੂ ਗੋਬਿੰਦ ਸਿੰਘ ਦਾ, ਜੀਹਨੂੰ ਪੌਣ ਸਮੇਂ ਦੀ ਗਾਉਂਦੀ ਹੈ।**
**ਜੀਹਨੂੰ ਤਾਲ ਨਗਾਰੇ ਦਿੰਦੇ ਨੇ, ਜੀਹਦਾ ਚੰਡੀ ਨਾਦ ਵਜਾਉਂਦੀ ਹੈ।**

(ਬੀਬੀ ਸੁਖਵਿੰਦਰ ਕੌਰ ਅੰਮ੍ਰਿਤ)

**-ਗੋਬਿੰਦ ਗੁਰੂ ਦਾਤਾਰ ਗੁਰੂ।**
**ਜੋ ਹਿੰਦੋਸਤਾਨ ਦੀ ਧਰਤੀ ਤੇ ਤੂੰ ਕੀਤਾ ਪਰਉਪਕਾਰ ਗੁਰੂ।**
**ਉਸ ਪਰਉਪਕਾਰ ਨੂੰ ਸਦੀਆਂ ਤਕ ਕੋਈ ਸਕਦਾ ਨਹੀਂ ਵਿਸਾਰ ਗੁਰੂ।**

(ਸ. ਸੁਖਵੰਤ ਸਿੰਘ ਆਰਟਿਸਟ)

**-ਬਹੁਤ ਲੰਮੀ ਉਡੀਕ ਬਾਅਦ / ਗੁਜਰੀ ਦੀ ਸੁਲੱਖਣੀ ਕੁੱਖ ਵਿੱਚੋਂ**
**ਅਕਾਲ ਦੀ ਜੋਤਿ ਲੈ ਕੇ / ਕਰਤਾਰੀ ਸ਼ਕਤੀਆਂ ਨਾਲ ਭਰਪੂਰ**
**ਮੁਹੱਬਤ ਦਾ ਇਕ ਮਸੀਹਾ / ਹੱਕ ਤੇ ਸੱਚ ਦਾ ਸੂਰਜ ਬਣ ਕੇ ਜਦ ਚਮਕਿਆ ਤਾਂ**
**ਸਾਰੀ ਧਰਤ ਜਗ-ਮਗ, ਜਗ-ਮਗ ਹੋ ਗਈ।**

(ਡਾ. ਧਰਮਿੰਦਰ ਸਿੰਘ ਉੱਭਾ)

**-ਏਕ ਹਾਥ ਮਾਲਾ ਸਜੇ ਦੂਜੇ ਮੇਂ ਤਲਵਾਰ।**
**ਧਰਤੀ ਕੇ ਹਿਤ ਕੇ ਲਿਏ, ਯਹ ਦਸਮੇਸ਼ ਵਿਚਾਰ।**

(ਡਾ. ਇੰਦੂ ਮੋਹਨ ਸਿੰਘ)

**-ਅੱਸੂ ਦਾ ਮਹੀਨਾ ਏ ਤੇ ਵੇਲਾ ਏ ਸਵੇਰ ਦਾ।**
**ਕੋਈ ਪੜ੍ਹੇ ਬਾਣੀ ਕੋਈ ਮਾਲਾ ਪਿਆ ਏ ਫੇਰਦਾ।**

(ਸ. ਚੰਨਣ ਸਿੰਘ ਚਮਨ ਹਰਗੋਬਿੰਦਪੁਰੀ)

ਕਵੀ ਸੰਮੇਲਨ ਵਿਚ ਸੰਗਤਾਂ ਦੀ ਭਰਵੀਂ ਹਾਜ਼ਰੀ ਇਸ ਗੱਲ ਦੀ ਗਵਾਹੀ ਵਜੋਂ ਸੀ ਕਿ ਅੱਜ ਵੀ ਦਸਮ



ਪਾਤਸ਼ਾਹ ਜੀ ਵੱਲੋਂ ਵਰੋਸਾਈ ਪਟਨਾ ਸਾਹਿਬ ਦੀ ਕਾਵਿ ਪ੍ਰੰਪਰਾ ਨਾਲ ਸੰਗਤਾਂ ਸ਼ਿੱਦਤ ਨਾਲ ਜੁੜੀਆਂ ਹੋਈਆਂ ਹਨ। ਕਵੀਆਂ ਵੱਲੋਂ ਪੇਸ਼ ਕੀਤੀਆਂ ਗਈਆਂ ਕਾਵਿ ਰਚਨਾਵਾਂ ਦੀ ਸਰੋਤਿਆਂ ਵੱਲੋਂ ਭਰਵੀਂ ਦਾਦ ਦਿੱਤੀ ਗਈ ਅਤੇ ਬਹੁਤ ਸਾਰੇ ਆਹਲਾ ਸ਼ੇਅਰ ਦੁਬਾਰਾ ਸੁਣਾਉਣ ਲਈ ਕਵੀਆਂ ਨੂੰ ਸ਼ਿਫ਼ਾਰਸ਼ ਹੁੰਦੀ ਰਹੀ। ਕਵੀ ਸੰਮੇਲਨ ਦਾ ਲਾਈਵ ਪ੍ਰਸਾਰਣ ਪੀ.ਟੀ.ਸੀ. ਚੈਨਲ ਵੱਲੋਂ ਕੀਤਾ ਗਿਆ, ਜਿਸ ਨਾਲ ਦੇਸ਼-ਵਿਦੇਸ਼ ਦੀਆਂ ਸੰਗਤਾਂ ਨੇ ਘਰ ਬੈਠਿਆਂ ਹੀ ਸਮੁੱਚੇ ਸਮਾਗਮ ਦਾ ਅਨੰਦ ਮਾਣਿਆ। ਕਵੀ ਸੰਮੇਲਨ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਤੇ ਹੋਰਾਂ ਵੱਲੋਂ 52 ਕਵੀਆਂ ਦੀਆਂ ਕਵਿਤਾਵਾਂ 'ਤੇ ਆਧਾਰਤ ਪੁਸਤਕ 'ਤੇਰੇ ਦਰ 'ਤੇ ਵਗਦੀ ਕਾਵਿ-ਨਦੀ' ਲੋਕ ਅਰਪਣ ਕੀਤੀ ਗਈ। ਕਵੀਆਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਧਰਮ ਪ੍ਰਚਾਰ ਕਮੇਟੀ) ਵੱਲੋਂ 21-21 ਹਜ਼ਾਰ ਰੁਪਏ ਅਤੇ ਸਨਮਾਨ ਚਿੰਨ੍ਹ ਦਿੱਤੇ ਗਏ। ਇਸ ਮੌਕੇ ਜਥੇਦਾਰ ਅਵਤਾਰ ਸਿੰਘ ਤੇ ਹੋਰ ਸ਼ਖ਼ਸੀਅਤਾਂ ਨੂੰ ਗੁਰਦੁਆਰਾ ਸ੍ਰੀ ਪਾਉਂਟਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਸਨਮਾਨਿਤ ਕੀਤਾ ਗਿਆ। ਮੰਚ ਸੰਚਾਲਨ ਸ. ਤੀਰਥ ਸਿੰਘ ਢਿੱਲੋਂ ਅਤੇ ਇਨ੍ਹਾਂ ਸਤਰਾਂ ਦੇ ਲੇਖਕ ਨੇ ਕੀਤਾ। ਕਵੀ ਸੰਮੇਲਨ ਵਿਚ ਸ਼੍ਰੋਮਣੀ ਕਮੇਟੀ ਦੇ ਅੰਤ੍ਰਿੰਗ ਮੈਂਬਰ ਸ. ਰਜਿੰਦਰ ਸਿੰਘ ਮਹਿਤਾ, ਸਕੱਤਰ ਡਾ. ਰੂਪ ਸਿੰਘ, ਐਡੀ. ਸਕੱਤਰ ਸ. ਦਿਲਜੀਤ ਸਿੰਘ, ਸ. ਹਰਭਜਨ ਸਿੰਘ ਮਨਾਵਾਂ, ਸ. ਸੁਖਦੇਵ ਸਿੰਘ ਭੂਰਾ ਕੋਹਨਾ ਤੇ ਸ. ਪਰਮਜੀਤ ਸਿੰਘ ਸਰੋਆ, ਮੀਤ ਸਕੱਤਰ ਸ. ਜਗਜੀਤ ਸਿੰਘ ਤੇ ਸ. ਕੁਲਵਿੰਦਰ ਸਿੰਘ ਰਮਦਾਸ, ਸ. ਪਰਮਜੀਤ ਸਿੰਘ ਰਾਣਾ ਦਿੱਲੀ, ਸ੍ਰੀ ਪਾਉਂਟਾ ਸਾਹਿਬ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੀਤ ਪ੍ਰਧਾਨ ਸ. ਹਰਭਜਨ ਸਿੰਘ, ਜਨਰਲ ਸਕੱਤਰ ਸ. ਰਜਿੰਦਰ ਸਿੰਘ ਰਾਜਨ, ਸ. ਜੋਗਾ ਸਿੰਘ ਯਮੁਨਾਨਗਰ, ਬਾਬਾ ਨਾਗਰ ਸਿੰਘ ਹਰੀਆਂ ਵੇਲਾਂ ਅਤੇ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।





ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਪ੍ਰਕਾਸ਼ ਗੁਰਪੁਰਬ ਨੂੰ ਸਮਰਪਿਤ ਗੁਰਦੁਆਰਾ ਸ੍ਰੀ ਪਾਉਂਟਾ ਸਾਹਿਬ ਵਿਖੇ ਕਰਵਾਏ ਗਏ ਕਵੀ ਸੰਮੇਲਨ ਸਮੇਂ ਸੰਬੋਧਨ ਕਰਦੇ ਹੋਏ ਜਥੇ. ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਕਮੇਟੀ, ਗਿ: ਗੁਰਬਚਨ ਸਿੰਘ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਡਾ. ਜਸਪਾਲ ਸਿੰਘ ਵੀ.ਸੀ., ਸ. ਮਨਜੀਤ ਸਿੰਘ ਜੀ.ਕੇ., ਸ. ਮਨਜਿੰਦਰ ਸਿੰਘ ਸਿਰਸਾ, ਡਾ. ਰੂਪ ਸਿੰਘ ਸਕੱਤਰ, ਐਡੀ. ਸਕੱਤਰ ਸ. ਦਿਲਜੀਤ ਸਿੰਘ 'ਬੇਦੀ' ਤੇ ਸ. ਸੁਖਦੇਵ ਸਿੰਘ ਭੂਰਾ ਕੋਹਨਾ ਅਤੇ ਸ. ਤੀਰਥ ਸਿੰਘ ਢਿੱਲੋਂ।
ਹੇਠਾਂ: ਕਵੀ ਸੰਮੇਲਨ ਵਿਚ ਸ਼ਾਮਲ ਸੰਗਤਾਂ। (18 ਅਗਸਤ 2016)




ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਪ੍ਰਕਾਸ਼ ਗੁਰਪੁਰਬ ਨੂੰ ਸਮਰਪਿਤ ਗੁਰਦੁਆਰਾ ਸ੍ਰੀ ਪਾਉਂਟਾ ਸਾਹਿਬ ਵਿਖੇ ਕਰਵਾਏ ਗਏ ਕਵੀ ਸੰਮੇਲਨ ਸਮੇਂ ਜਥੇ. ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਕਮੇਟੀ ਤੇ ਹੋਰ ਪੁਸਤਕ 'ਤੇਰੇ ਦਰ 'ਤੇ ਵਗਦੀ ਕਾਵਿ-ਨਦੀ' ਜਾਰੀ ਕਰਦੇ ਹੋਏ। ਹੇਠਲੀਆਂ ਤਸਵੀਰਾਂ ਵਿਚ ਵੱਖ-ਵੱਖ ਸ਼ਖ਼ਸੀਅਤਾਂ ਦੇ ਸਨਮਾਨ ਦੇ ਦ੍ਰਿਸ਼। (18 ਅਗਸਤ 2016)



ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਪ੍ਰਕਾਸ਼ ਗੁਰਪੁਰਬ ਨੂੰ ਸਮਰਪਿਤ ਗੁਰਦੁਆਰਾ ਸ੍ਰੀ ਪਾਉਂਟਾ ਸਾਹਿਬ ਵਿਖੇ ਕਰਵਾਏ ਗਏ ਕਵੀ ਸੰਮੇਲਨ ਵਿਚ ਕਵਿਤਾਵਾਂ ਪੇਸ਼ ਕਰਦੇ ਹੋਏ ਵੱਖ-ਵੱਖ ਕਵੀ। (18 ਅਗਸਤ 2016)



ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਪ੍ਰਕਾਸ਼ ਗੁਰਪੁਰਬ ਨੂੰ ਸਮਰਪਿਤ ਗੁਰਦੁਆਰਾ ਸ੍ਰੀ ਪਾਉਂਟਾ ਸਾਹਿਬ ਵਿਖੇ ਕਰਵਾਏ ਗਏ ਕਵੀ ਸੰਮੇਲਨ ਵਿਚ ਕਵਿਤਾਵਾਂ ਪੇਸ਼ ਕਰਦੇ ਹੋਏ ਵੱਖ-ਵੱਖ ਕਵੀ।

(18 ਅਗਸਤ 2016)

(ਪੰਨਾ ੧੮ ਦਾ ਬਾਕੀ)

੨੫% ਹਿੱਸੇ ਨਾਲ ਸੰਬੰਧਿਤ ਸੀ ਅਤੇ ਜੀਵਨ ਦਾ ੭੫% ਸਮਾਂ ਕਿਰਤ ਤੋਂ ਰਹਿਤ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜੀਵਨ ਦੇ ਆਖਰੀ ਸਮੇਂ ਵਿਚ ਧਾਰਮਿਕ ਕਿਰਿਆਵਾਂ ਕਰਨ ਦੀ ਥਾਂ ਜੀਵਨ ਦੇ ਹਰ ਮੋੜ 'ਤੇ ਧਾਰਮਿਕ ਜੀਵਨ ਜਿਉਣ ਦੀ ਪ੍ਰੇਰਨਾ ਕੀਤੀ। ਜਿਹੜਾ ਸਮਾਂ ਜੀਵਨ ਵਿਚ ਧਰਮ ਕਮਾਉਣ ਦਾ ਮੰਨਿਆ ਗਿਆ, ਉਸ ਸਮੇਂ ਗੁਰੂ ਜੀ ਨੇ ਕਰਤਾਰਪੁਰ ਵਿਖੇ ਆ ਕੇ ਖੇਤੀ ਦਾ ਕਾਰਜ ਕੀਤਾ। ਕਿਰਤ ਨੂੰ ਧਾਰਮਿਕ ਜੀਵਨ ਨਾਲ ਜੋੜ ਕੇ ਸਮਾਜ ਨੂੰ ਸੰਤੁਲਿਤ ਦਿਸ਼ਾ ਵੱਲ ਮੋੜਿਆ ਗਿਆ ਜਿਸ ਨਾਲ ਵਿਅਕਤੀ ਜੀਵਨ ਦੇ ਹਰ ਮੋੜ 'ਤੇ ਧਰਮ-ਕਰਮ ਦੇ ਨਿਯਮ ਨੂੰ ਕਾਇਮ ਰੱਖਿਆ ਜਾ ਸਕੇ। ਸਮਾਜ ਵਿਚ ਰਹਿੰਦੇ ਹੋਏ ਕਿਰਤ ਕਰਨ ਦਾ ਜੋ ਮਾਡਲ ਗੁਰੂ ਸਾਹਿਬਾਨ ਨੇ ਪੇਸ਼ ਕੀਤਾ ਉਹ ਪ੍ਰਚੱਲਤ ਸਮਾਜਿਕ ਪਰੰਪਰਾਵਾਂ ਨਾਲੋਂ ਬਿਲਕੁਲ ਭਿੰਨ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤਿੰਨ ਭਾਰਤੀ ਪਰੰਪਰਾਵਾਂ ਪ੍ਰਚੱਲਤ ਸਨ; ਹਿੰਦੂ, ਜੈਨ ਅਤੇ ਬੁੱਧ। ਹਿੰਦੂ ਧਰਮ ਵਿਚ ਇਕ ਪਾਸੇ ਬ੍ਰਾਹਮਣ ਧਾਰਮਿਕ ਸ਼੍ਰੇਣੀ ਦਾ ਬੋਲਬਾਲਾ ਸੀ ਜੋ ਕੇਵਲ ਦਿੱਤੇ ਜਾਣ ਵਾਲੇ ਦਾਨ ਨਾਲ ਨਿਰਵਾਹ ਕਰਦੀ ਸੀ ਅਤੇ ਦੂਜੇ ਪਾਸੇ ਜੋਗੀਆਂ ਅਤੇ ਹੋਰ ਸਿਧ-ਸਾਧਕਾਂ ਦੀ ਸ਼੍ਰੇਣੀ ਨੇ ਸਮਾਜ ਵਿਚ ਪੈਰ ਪਸਾਰੇ ਹੋਏ ਸਨ। ਇਨ੍ਹਾਂ ਜੋਗੀਆਂ ਦਾ ਗੁਜਰ-ਬਸਰ ਗ੍ਰਿਹਸਤੀਆਂ 'ਤੇ ਨਿਰਭਰ ਸੀ ਅਤੇ ਇਹ ਰਿਧੀਆਂ-ਸਿਧੀਆਂ ਦੀ ਪ੍ਰਾਪਤੀ ਵੱਲ ਰੁਚਿਤ ਹੋਣ ਕਰਕੇ ਹੋਰ ਕੋਈ ਕਾਰਜ ਨਹੀਂ ਸਨ ਕਰਦੇ। ਹਿੰਦੂ ਧਰਮ ਦੇ ਬਰਾਬਰ ਹੀ ਜੈਨ ਅਤੇ ਬੁੱਧ ਧਰਮ ਦੀਆਂ ਪਰੰਪਰਾਵਾਂ ਮੌਜੂਦ ਸਨ ਜਿਨ੍ਹਾਂ ਦੀ ਪ੍ਰਮੁੱਖ ਧਾਰਮਿਕ ਸ਼੍ਰੇਣੀ ਨੂੰ ਭਿਖੂ ਕਿਹਾ ਜਾਂਦਾ ਸੀ। ਇਹ ਕੋਈ ਵੀ ਕਿਰਤ ਨਹੀਂ ਸਨ ਕਰਦੇ ਅਤੇ ਗ੍ਰਿਹਸਤੀ ਸ਼੍ਰਾਵਕਾਂ 'ਤੇ ਨਿਰਭਰ ਕਰਦੇ ਸਨ। ਸਮਾਜ ਵਿਚ ਪ੍ਰਚੱਲਤ ਕਾਰਜ-ਪ੍ਰਣਾਲੀ ਭ੍ਰਿਸ਼ਟ ਹੋ ਚੁਕੀ ਸੀ ਅਤੇ ਨਿਆਂ ਦੇਣ ਵਾਲੇ ਅਧਿਕਾਰੀ ਲੁੱਟ-ਖਸੁੱਟ ਦੇ ਕੰਮ ਵਿਚ ਲੱਗੇ ਹੋਏ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮਕਾਲੀ ਸਮਾਜ ਵਿਚ ਜਿੱਥੇ ਰਾਜੇ ਤੇ ਉਨ੍ਹਾਂ ਦੇ ਅਧਿਕਾਰੀ ਲੋਕਾਂ ਦੀ ਲੁੱਟ-ਖਸੁੱਟ ਕਰ ਰਹੇ ਸਨ ਉਥੇ ਨਾਲ ਹੀ ਬਾਹਰੀ ਹਮਲੇ ਵੀ ਲਗਾਤਾਰ ਹੋ ਰਹੇ ਸਨ। ਹਮਲਾਵਰਾਂ ਦਾ ਟੀਚਾ ਵੀ ਲੁੱਟ-ਖਸੁੱਟ ਤਕ ਸੀਮਿਤ ਸੀ ਅਤੇ ਇਥੋਂ ਲੁੱਟੇ ਹੋਏ ਧਨ-ਦੌਲਤ ਨਾਲ ਵਾਪਸ ਆਪਣੇ ਮੁਲਕ ਵਿਚ ਜਾ ਕੇ ਐਸ਼ੋ-ਇਸ਼ਰਤ ਦਾ ਰੁਝਾਨ ਪ੍ਰਚੱਲਤ ਸੀ। ਸਮਾਜ ਵਿੱਚੋਂ ਧਾਰਮਿਕ ਅਤੇ ਨੈਤਿਕ ਕਦਰਾਂ-ਕੀਮਤਾਂ ਉੱਡ ਚੁੱਕੀਆਂ ਸਨ, ਇਸਤਰੀਆਂ ਦੀ ਬੇਪਤੀ ਹੋ ਰਹੀ ਸੀ ਅਤੇ ਕੂੜ ਦਾ ਬੋਲਬਾਲਾ ਸੀ। ਇਕ ਆਮ ਕਹਾਵਤ ਹੈ ਕਿ 'ਚੋਰਾਂ ਦੇ ਕੱਪੜੇ ਡਾਂਗਾਂ ਦੇ ਗਜ' ਜਿਸ ਦਾ ਭਾਵ ਹੈ ਬਗ਼ੈਰ ਮਿਹਨਤ ਅਤੇ ਲੁੱਟ-ਖਸੁੱਟ ਰਾਹੀਂ ਹਾਸਲ ਕੀਤੀ ਵਸਤੂ ਦੀ ਨਾ ਤਾਂ ਕੋਈ ਕਦਰ ਹੁੰਦੀ ਹੈ ਅਤੇ ਨਾ ਹੀ ਉਸ ਤੋਂ ਮਾਨਸਿਕ ਸੰਤੁਸ਼ਟੀ ਮਿਲਦੀ ਹੈ। ਅਜਿਹੀ ਪ੍ਰਚੱਲਤ ਸਮਾਜਿਕ ਅਤੇ ਰਾਜਨੀਤਿਕ ਵਿਵਸਥਾ ਨੇ ਆਮ ਲੋਕਾਂ ਦਾ ਜਿਊਣਾ ਮੁਸ਼ਕਲ ਕੀਤਾ ਹੋਇਆ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਲੁੱਟ-ਖਸੁੱਟ ਵਿਰੁੱਧ ਆਵਾਜ਼ ਬੁਲੰਦ ਕਰਦੇ ਹੋਏ ਕਿਹਾ :

**ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥**
**ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥** *(ਪੰਨਾ ੧੪੧)*

ਧਰਮ ਹਰ ਇਕ ਮਨੁੱਖ ਦੇ ਜੀਵਨ ਦਾ ਅਹਿਮ ਅੰਗ ਹੈ ਜਾਂ ਇੰਝ ਵੀ ਕਿਹਾ ਜਾ ਸਕਦਾ ਹੈ ਕਿ ਧਰਮ ਵਿਅਕਤੀ ਨੂੰ ਕਿਸੇ ਨਾ ਕਿਸੇ ਰੂਪ ਵਿਚ ਪ੍ਰਭਾਵਤ ਕਰਦਾ ਹੈ। ਵਿਅਕਤੀ ਦੁਆਰਾ ਕੀਤੀਆਂ ਜਾਂਦੀਆਂ ਧਾਰਮਿਕ ਕਿਰਿਆਵਾਂ ਸਮਾਜਿਕ ਜੀਵਨ ਨੂੰ ਪ੍ਰਭਾਵਤ ਕਰਦੀਆਂ ਹਨ। ਜੇਕਰ ਸਮਾਜ ਵਿਚ ਬੁਰਾਈਆਂ ਧਾਰਮਿਕ ਕਿਰਿਆਵਾਂ ਕਾਰਨ ਪੈਦਾ ਹੋਣ ਤਾਂ ਇਨ੍ਹਾਂ ਨੂੰ ਦੂਰ ਵੀ ਧਾਰਮਿਕ ਚੇਤਨਾ ਦੁਆਰਾ ਕੀਤਾ ਜਾ ਸਕਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਨਜ਼ਰ ਵਿਚ ਸਮਾਜ ਵਿਚ ਧਾਰਮਿਕ ਆਗੂਆਂ ਦੁਆਰਾ ਕੀਤੇ ਜਾ ਰਹੇ ਕਾਰਜ ਨਿਰਾਰਥਕ ਸਿੱਧ ਹੋ ਰਹੇ ਸਨ ਜੋ ਕਿ ਸਮਾਜ ਨੂੰ ਸਹੀ ਧਾਰਮਿਕ ਚੇਤਨਾ ਤੋਂ ਜਾਣੂ ਕਰਾਉਣ ਦੀ ਬਜਾਏ ਆਪਣੇ ਵੱਲ ਮੋੜ ਕੇ ਉਨ੍ਹਾਂ ਦੀ ਲੁੱਟ-ਖਸੁੱਟ ਕਰ ਰਹੇ ਸਨ। ਸਮਾਜ ਵਿਚਲੇ ਅਜਿਹੇ ਧਾਰਮਿਕ ਆਗੂਆਂ ਦੀ ਅਸਲੀਅਤ ਲੋਕਾਂ ਸਾਹਮਣੇ ਉਜਾਗਰ ਕਰਦੇ ਹੋਏ ਗੁਰੂ ਜੀ ਨੇ ਕਿਹਾ:

**ਕਾਦੀ ਕੂੜੁ ਬੋਲਿ ਮਲੁ ਖਾਇ॥ ਬ੍ਰਾਹਮਣੁ ਨਾਵੈ ਜੀਆ ਘਾਇ॥**
**ਜੋਗੀ ਜੁਗਤਿ ਨ ਜਾਣੈ ਅੰਧੁ॥ ਤੀਨੇ ਓਜਾੜੇ ਕਾ ਬੰਧੁ॥**

*(ਪੰਨਾ ੬੬੨)*

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਲੋਕਾਂ ਵਿਚ ਕਿਰਤ ਕਰਨ ਦਾ ਰੁਝਾਨ ਪੈਦਾ ਕੀਤਾ। ਉਦਾਸੀਆਂ ਉਪਰੰਤ ਕਰਤਾਰਪੁਰ ਵਿਖੇ ਖੇਤੀ ਦਾ ਕਾਰਜ ਆਰੰਭਿਆ ਅਤੇ ਧਰਮ ਦੀ ਕਿਰਤ ਦੇ ਨਿਯਮ ਨੂੰ ਅਮਲੀ ਜਾਮਾ ਪਹਿਨਾਇਆ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕੀਤੀ ਅਤੇ ਇਸ ਵਿਚ ਭਗਤ ਸਾਹਿਬਾਨ ਅਤੇ ਭੱਟ ਸਾਹਿਬਾਨ ਦੀ ਬਾਣੀ ਵੀ ਸ਼ਾਮਲ ਕਰ ਦਿੱਤੀ। ਸਮੁੱਚੀ ਬਾਣੀ 'ਨਾਮ ਜਪੋ, ਕਿਰਤ ਕਰੋ ਅਤੇ ਵੰਡ ਛਕੋ' ਦੇ ਨਿਯਮ ਨੂੰ ਦ੍ਰਿੜ੍ਹ ਕਰਾਉਂਦੀ ਹੈ। ਧਰਮ-ਕਿਰਤ ਜਿੱਥੇ ਵਿਅਕਤੀ ਦੇ ਮਨ ਨੂੰ ਅਧਿਆਤਮਕ ਵਿਕਾਸ ਦੀ ਦਿਸ਼ਾ ਪ੍ਰਦਾਨ ਕਰਦੀ ਹੈ ਉਥੇ ਸੰਜਮ ਦੀ ਭਾਵਨਾ ਵੀ ਉਜਾਗਰ ਕਰਦੀ ਹੈ। ਲੁੱਟ-ਖਸੁੱਟ ਰਾਹੀਂ ਬਹੁਤ ਸਾਰੀਆਂ ਵਸਤਾਂ ਇੱਕੋ ਹੱਲੇ ਹਾਸਲ ਕੀਤੀਆਂ ਜਾ ਸਕਦੀਆਂ ਹਨ, ਪਰ ਧਰਮ-ਕਿਰਤ ਰਾਹੀਂ ਜੀਵਨ ਦੀਆਂ ਲੋੜਾਂ ਦੀ ਪੂਰਤੀ ਹੌਲੀ-ਹੌਲੀ ਹੁੰਦੀ ਹੈ। ਫ਼ਰਕ ਕੇਵਲ ਇਤਨਾ ਹੈ ਕਿ ਲੁੱਟ-ਖਸੁੱਟ ਨਾਲ ਨਾ ਤਾਂ ਮਨ ਨੂੰ ਸ਼ਾਂਤੀ ਹਾਸਲ ਹੋ ਸਕਦੀ ਹੈ ਅਤੇ ਨਾ ਹੀ ਜੀਵਨ ਵਿਚ ਸੰਜਮ ਪ੍ਰਫੁੱਲਤ ਹੋ ਸਕਦਾ ਹੈ। ਗੁਰਬਾਣੀ ਵਿਚ ਧਰਮ-ਕਿਰਤ ਦਾ ਜੋ ਮਾਡਲ ਪੇਸ਼ ਕੀਤਾ ਗਿਆ ਹੈ ਉਹ ਜਿੱਥੇ ਮਨੁੱਖ ਨੂੰ ਸੰਜਮੀ ਬਣਾਉਂਦਾ ਹੈ ਉਥੇ ਆਦਰਸ਼ ਸਮਾਜ ਦੀਆਂ ਜੜ੍ਹਾਂ ਮਜ਼ਬੂਤ ਅਤੇ ਪ੍ਰਫੁੱਲਤ ਕਰਨ ਵਿਚ ਸਹਾਈ ਹੁੰਦਾ ਹੈ। ਭਗਤ ਕਬੀਰ ਜੀ ਧਰਮ-ਕਿਰਤ ਪ੍ਰਤੀ ਚੇਤਨਾ ਉਜਾਗਰ ਕਰਦੇ ਹੋਏ ਕਹਿੰਦੇ ਹਨ:

**ਕਬੀਰ ਖੂਬੁ ਖਾਨਾ ਖੀਚਰੀ ਜਾ ਮਹਿ ਅੰਮ੍ਰਿਤੁ ਲੋਨੁ॥**
**ਹੇਰਾ ਰੋਟੀ ਕਾਰਨੇ ਗਲਾ ਕਟਾਵੈ ਕਉਨੁ॥**

*(ਪੰਨਾ ੧੩੭੪)*

ਆਪਣੀਆਂ ਉਦਾਸੀਆਂ ਸਮੇਂ ਸ੍ਰੀ ਗੁਰੂ ਨਾਨਕ ਦੇਵ ਜੀ ਭਾਈ ਲਾਲੋ ਜੀ ਦੇ ਘਰ ਗਏ ਜੋ ਕਿ ਤਰਖਾਣ ਦਾ ਕੰਮ ਕਰਦਾ ਸੀ। ਉਥੇ ਰਹਿੰਦੇ ਹੋਏ ਗੁਰੂ ਜੀ ਨੂੰ ਮਲਕ ਭਾਗੋ ਵੱਲੋਂ ਬ੍ਰਹਮ-ਭੋਜ ਦਾ ਸੱਦਾ ਦਿੱਤਾ ਗਿਆ। ਗੁਰੂ ਜੀ ਮਲਕ ਭਾਗੋ ਦੇ ਘਰ ਨਾ ਗਏ, ਦੁਬਾਰਾ ਬੁਲਾਉਣ 'ਤੇ ਜਦੋਂ ਗੁਰੂ ਜੀ ਉਸ ਕੋਲ ਗਏ ਤਾਂ ਉਸ ਨੇ ਗੁਰੂ ਜੀ ਨੂੰ ਬ੍ਰਹਮ-ਭੋਜ 'ਤੇ ਨਾ ਆਉਣ ਦਾ ਕਾਰਨ ਪੁੱਛਿਆ। ਗੁਰੂ ਜੀ ਨੇ ਕਿਹਾ ਕਿ ਤੇਰੇ ਪਕਵਾਨ ਗਰੀਬਾਂ ਦੀ ਖੂਨ-ਪਸੀਨੇ ਦੀ ਕਮਾਈ ਦੀ ਲੁੱਟ-ਖਸੁੱਟ ਨਾਲ ਤਿਆਰ ਹੋਏ ਹਨ ਜਿਨ੍ਹਾਂ ਵਿੱਚੋਂ ਲਹੂ ਨਜ਼ਰੀਂ ਪੈਂਦਾ ਹੈ। ਦੂਜੇ ਪਾਸੇ ਭਾਈ ਲਾਲੋ ਜੀ ਮਿਹਨਤ ਅਤੇ ਇਮਾਨਦਾਰੀ ਦੀ ਕਮਾਈ ਵਿੱਚੋਂ ਸਾਨੂੰ ਜੋ ਕੁਝ ਛਕਾਉਂਦਾ ਹੈ ਉਹ ਦੁੱਧ ਸਮਾਨ ਲੱਗਦਾ ਹੈ। ਇਸ ਸਾਖੀ ਤੋਂ ਸਪੱਸ਼ਟ ਹੈ ਕਿ ਗੁਰੂ ਜੀ ਅਮੀਰ-ਗਰੀਬ ਵਿਚ ਫ਼ਰਕ ਨਹੀਂ ਸਮਝਦੇ, ਫ਼ਰਕ ਕੇਵਲ ਇਤਨਾ ਹੈ ਕਿ ਧਨ-ਦੌਲਤ ਗਰੀਬਾਂ ਅਤੇ ਕਮਜ਼ੋਰਾਂ ਨੂੰ ਦਬਾ ਕੇ ਹਾਸਲ ਨਾ ਕੀਤੀ ਹੋਵੇ। ਗੁਰੂ ਜੀ ਲਈ ਹਰ ਕਿਸੇ ਵੱਲੋਂ ਪਰੋਸਿਆ ਉਹ ਭੋਜਨ ਵਧੀਆ ਹੈ, ਜੋ ਧਰਮ-ਕਿਰਤ ਰਾਹੀਂ ਤਿਆਰ ਕੀਤਾ ਗਿਆ ਹੋਏ।

**ਵੰਡ ਛਕਣਾ:** ਮਨੁੱਖ ਜਿਸ ਸਮਾਜ ਦਾ ਹਿੱਸਾ ਹੈ ਉਥੇ ਅਮੀਰ-ਗਰੀਬ ਦੋਵੇਂ ਤਰ੍ਹਾਂ ਦੇ ਲੋਕ ਵੇਖਣ ਨੂੰ ਮਿਲਦੇ ਹਨ। ਹਰ ਦੇਸ਼ ਅਤੇ ਕੌਮ ਵਿਚ ਇਹ ਵਰਗ-ਵੰਡ ਸਪੱਸ਼ਟ ਵੇਖਣ ਨੂੰ ਮਿਲਦੀ ਹੈ। ਆਧੁਨਿਕ ਸਮਾਜ ਵਿਚ ਤਰੱਕੀ ਦੇ ਨਾਮ 'ਤੇ ਜੋ ਨਿਯਮ ਘੜੇ ਜਾ ਰਹੇ ਹਨ ਉਨ੍ਹਾਂ ਵਿਚ ਅਮੀਰ ਹੋਰ ਅਮੀਰ ਅਤੇ ਗਰੀਬ ਹੋਰ ਗਰੀਬ ਹੋ ਰਹੇ ਹਨ। ਅਮੀਰ ਦੇਸ਼ਾਂ ਨੂੰ ਵਿਕਸਿਤ ਅਤੇ ਤਰੱਕੀ ਕਰ ਰਹੇ ਮੁਲਕਾਂ ਨੂੰ ਵਿਕਾਸਸ਼ੀਲ ਦੇਸ਼ ਕਿਹਾ ਜਾਂਦਾ ਹੈ। ਵਿਕਸਿਤ ਦੇਸ਼ ਵਿਕਾਸਸ਼ੀਲ ਮੁਲਕਾਂ ਵਿੱਚੋਂ ਧਨ ਕਮਾ ਕੇ ਹੋਰ ਅਮੀਰ ਹੋ ਰਹੇ ਹਨ ਅਤੇ ਵਿਕਾਸਸ਼ੀਲ ਦੇਸ਼ ਗ਼ਰੀਬੀ ਅਤੇ ਭੁੱਖਮਰੀ ਵਰਗੀਆਂ ਸਮੱਸਿਆਵਾਂ ਨਾਲ ਜੂਝ ਰਹੇ ਹਨ। ਅਮੀਰ-ਗਰੀਬ ਵਿਚ ਪਾੜਾ ਘਟਣ ਦੀ ਬਜਾਏ ਵਧ ਰਿਹਾ ਹੈ। ਅਜਿਹਾ ਰੁਝਾਨ ਦੇਸ਼ਾਂ ਵਿਚ ਹੀ ਨਹੀਂ ਬਲਕਿ ਆਮ ਲੋਕਾਂ ਵਿਚ ਵੀ ਵੇਖਣ ਨੂੰ ਮਿਲ ਰਿਹਾ ਹੈ। ਮਲਕ ਭਾਗੋ ਅਤੇ ਭਾਈ ਲਾਲੋ ਜੀ ਦੇ ਪ੍ਰਤੀਨਿਧ ਅਜੋਕੇ ਸਮਾਜ ਵਿਚ ਆਮ ਵੇਖਣ ਨੂੰ ਮਿਲ ਜਾਂਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਮਾਜ ਵਿਚ ਵਧ ਰਹੇ ਇਸ ਪਾੜੇ ਨੂੰ ਘਟਾਉਣ ਦਾ ਯਤਨ ਕੀਤਾ। ਆਪ ਜੀ ਨੇ ਜਿੱਥੇ ਸਮਾਜ ਦੇ ਦੋਵੇਂ ਪ੍ਰਮੁੱਖ ਵਰਗਾਂ ਨੂੰ ਕਿਰਤ ਕਰਨ ਦਾ

ਸੰਦੇਸ਼ ਦਿੱਤਾ ਉਥੇ ਧਰਮ-ਕਿਰਤ ਵਿੱਚੋਂ ਗਰੀਬਾਂ ਅਤੇ ਲੋੜਵੰਦਾਂ ਲਈ ਵੰਡ ਕੇ ਛਕਣ ਦਾ ਵਿਧਾਨ ਕਾਇਮ ਕੀਤਾ:

**ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥**

*(ਪੰਨਾ ੧੨੪੫)*

ਗੁਰਮਤਿ ਫ਼ਿਲਾਸਫ਼ੀ ਪਰਮਾਤਮਾ ਦੇ ਕੇਂਦਰੀ ਧੁਰੇ ਦੁਆਲੇ ਘੁੰਮਦੀ ਹੈ। ਸਿੱਖਾਂ ਦੇ ਸੰਸਥਾਪਕ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਭ ਤੋਂ ਪ੍ਰਮੁੱਖ ਰਚਨਾ 'ਜਪੁ' ਜੀ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਆਰੰਭ ਵਿਚ ਦਰਜ ਕੀਤੀ ਗਈ ਹੈ, ਜੋ ਕਿ ਨਿਤਨੇਮ ਅਤੇ ਅੰਮ੍ਰਿਤ ਛਕਾਉਣ ਦੀਆਂ ਬਾਣੀਆਂ ਵਿਚ ਵੀ ਪਹਿਲੇ ਸਥਾਨ 'ਤੇ ਹੈ ਇਸ ਦੇ ਆਰੰਭ ਵਿਚ ਜੋ ਮੂਲ-ਮੰਤਰ ਦਰਜ ਕੀਤਾ ਮਿਲਦਾ ਹੈ ਉਹ ਪਰਮਾਤਮਾ ਦੇ ਗੁਣ ਬਿਆਨ ਕਰਦਾ ਹੈ। ਮੂਲ ਮੰਤਰ ਨੂੰ 'ਜਪੁ' ਬਾਣੀ ਦਾ ਸਾਰ ਮੰਨਿਆ ਜਾਂਦਾ ਹੈ ਅਤੇ ਇਸ ਬਾਣੀ ਵਿਚਲੇ ਵਿਖਿਆਨ ਸਮੁੱਚੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬਾਣੀਆਂ ਨੂੰ ਪਰਿਭਾਸ਼ਤ ਕਰਨ ਵਾਲੇ ਹਨ। ਇਸ ਤਰ੍ਹਾਂ ਸਮੁੱਚੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਦਰਸ਼ਨ ਦਾ ਧੁਰਾ ਪਰਮਾਤਮਾ ਨੂੰ ਮੰਨਿਆ ਗਿਆ ਅਤੇ ਤਿੰਨ ਪ੍ਰਮੁੱਖ ਸਿਧਾਂਤਾਂ ਵਿਚ ਵੀ ਸਭ ਤੋਂ ਪਹਿਲਾਂ ਇਸ ਨੂੰ ਰੱਖ ਕੇ ਇਸ ਦਾ ਜਾਪ ਕਰਨ ਦੀ ਪ੍ਰੇਰਨਾ ਪੈਦਾ ਕੀਤੀ ਗਈ ਹੈ। ਪਰਮਾਤਮਾ ਦਾ ਨਾਮ-ਸਿਮਰਨ ਮਨੁੱਖ ਦੇ ਅੰਤਰੀਵੀ ਵਿਕਾਸ ਨਾਲ ਸੰਬੰਧਿਤ ਹੈ ਅਤੇ ਬਾਕੀ ਦੋ ਨਿਯਮ ਬਾਹਰੀ ਤੌਰ 'ਤੇ ਵੇਖਣ ਨੂੰ ਮਿਲਦੇ ਹਨ ਜਿਨ੍ਹਾਂ ਦੀ ਦਿਸ਼ਾ ਅੰਤਰੀਵੀ ਅਧਿਆਤਮਕ ਵਿਕਾਸ ਨੂੰ ਵਿਕਸਿਤ ਕਰਨ ਵਾਲੀ ਹੋਣੀ ਚਾਹੀਦੀ ਹੈ। ਮਨੁੱਖ ਜਿਸ ਸਮਾਜ ਵਿਚ ਰਹਿੰਦਾ ਹੈ ਉਸ ਤੋਂ ਉਹ ਪ੍ਰਭਾਵਤ ਹੋਏ ਬਗ਼ੈਰ ਨਹੀਂ ਰਹਿ ਸਕਦਾ। ਜੇਕਰ ਸਮਾਜ ਵਿਚ ਆਲੇ-ਦੁਆਲੇ ਦੇ ਲੋਕ ਅਮੀਰ ਸ਼੍ਰੇਣੀ ਨਾਲ ਸੰਬੰਧਿਤ ਹੋਣ ਤਾਂ ਉਸ ਦਾ ਮਨ ਵੀ ਉਹੋ ਜਿਹਾ ਹੋਵੇਗਾ, ਉਸ ਨੂੰ ਨਾ ਤਾਂ ਗਰੀਬ ਸ਼੍ਰੇਣੀ ਦਾ ਬਹੁਤਾ ਗਿਆਨ ਹੋਵੇਗਾ ਅਤੇ ਨਾ ਹੀ ਉਨ੍ਹਾਂ ਦੀਆਂ ਸਮੱਸਿਆਵਾਂ ਬਾਰੇ ਕੋਈ ਜਾਣਕਾਰੀ ਹੀ ਹੋਵੇਗੀ। ਉਸ ਨੂੰ ਸਮਾਜ ਦੇ ਹਰ ਵਿਅਕਤੀ ਚੰਗੇ ਘਰਾਣੇ ਨਾਲ ਸੰਬੰਧਿਤ ਅਤੇ ਖਾਂਦਾ-ਪੀਂਦਾ ਨਜ਼ਰ ਆਵੇਗਾ। ਇਸ ਦੇ ਉਲਟ ਜਿਹੜਾ ਵਿਅਕਤੀ ਗਰੀਬ ਵਰਗ ਨਾਲ ਸੰਬੰਧਿਤ ਹੈ ਉਸ ਲਈ ਤਾਂ ਜੀਵਨ ਦੀਆਂ ਮੁੱਢਲੀਆਂ ਲੋੜਾਂ ਦੀ ਪੂਰਤੀ ਕਰਨਾ ਵੀ ਦੂਰ ਦੀ ਗੱਲ ਹੋਵੇਗਾ। ਨਾ ਤਾਂ ਅਮੀਰ ਵਿਅਕਤੀ ਗਰੀਬ ਮਨੁੱਖ ਦੀਆਂ ਲੋੜਾਂ ਪ੍ਰਤੀ ਚੇਤੰਨ ਹੁੰਦਾ ਹੈ ਅਤੇ ਨਾ ਹੀ ਗਰੀਬ ਮਨੁੱਖ ਅਮੀਰ ਵਿਅਕਤੀਆਂ ਦੀਆਂ ਭਾਵਨਾਵਾਂ ਤੋਂ ਜਾਣੂ ਹੁੰਦਾ ਹੈ। ਜਦੋਂ ਤਕ ਦੋਵੇਂ ਵਰਗ ਇਕ ਦੂਜੇ ਦੇ ਨੇੜੇ ਨਹੀਂ ਆਉਂਦੇ, ਸਮਾਜ ਵਿਕਾਸ ਨਹੀਂ ਕਰ ਸਕਦਾ। ਗੁਰੂ ਸਾਹਿਬਾਨ ਨੇ ਦੋਵੇਂ ਵਰਗਾਂ ਨੂੰ ਇਕ ਪਲੇਟਫਾਰਮ 'ਤੇ ਲਿਆਉਣ ਦਾ ਕਾਰਜ ਕੀਤਾ ਅਤੇ ਭਾਈਚਾਰੇ ਦੀ ਭਾਵਨਾ ਪੈਦਾ ਕਰਦੇ ਹੋਏ ਦੋਵਾਂ ਨੂੰ ਇਕ ਪਰਮਾਤਮਾ ਦੀ ਅੰਸ਼ ਦੱਸਿਆ। ਜੇਕਰ ਸਮਾਜ ਦਾ ਵਿਕਾਸ ਕਰਨਾ ਹੈ ਤਾਂ ਦੋਵੇਂ ਵਰਗਾਂ ਨੂੰ ਮਿਲਜੁਲ ਕੇ ਰਹਿਣਾ ਅਤੇ ਕਾਰਜ ਕਰਨਾ ਪਵੇਗਾ। ਗੁਰੂ ਸਾਹਿਬਾਨ ਨੇ ਸ਼ਖ਼ਸੀ ਜੀਵਨ ਦੀ ਥਾਂ ਥਾਂ ਭਾਈਚਾਰਕ ਜੀਵਨ ਨੂੰ ਪ੍ਰਮੁੱਖਤਾ ਪ੍ਰਦਾਨ ਕੀਤੀ ਜਿਸ ਵਿਚ 'ਏਕੁ ਪਿਤਾ ਏਕਸ ਕੇ ਹਮ ਬਾਰਿਕ' ਦੀ ਭਾਵਨਾ ਕਾਇਮ ਕੀਤੀ ਗਈ ਜਿੱਥੇ ਸਭ ਨੂੰ ਵੰਡ ਕੇ ਛਕਣ ਲਈ ਪ੍ਰੇਰਿਤ ਕੀਤਾ ਗਿਆ:

**ਖਾਵਹਿ ਖਰਚਹਿ ਰਲਿ ਮਿਲਿ ਭਾਈ॥**
**ਤੋਟਿ ਨ ਆਵੈ ਵਧਦੋ ਜਾਈ॥**

*(ਪੰਨਾ ੧੮੬)*

ਅਮੀਰ ਅਤੇ ਗਰੀਬ ਦੋਵੇਂ ਇੱਕੋ ਕਾਰਜ ਲਈ ਵੰਡ ਛਕਣ ਦੇ ਵਿਧਾਨ ਨੂੰ ਅਪਣਾਉਣ ਲੱਗੇ ਤਾਂ ਪ੍ਰਸ਼ਨ ਇਹ ਹੋ ਸਕਦਾ ਹੈ ਕਿ ਦੋਵੇਂ ਵਰਗਾਂ ਵਿਚ ਵਿੱਥ ਬਹੁਤ ਜ਼ਿਆਦਾ ਹੈ ਇਸ ਲਈ ਕੌਣ ਕਿੰਨਾ ਦਾਨ ਦੇਵੇ? ਇਸ ਕਾਰਜ ਲਈ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜੋ ਵਿਧਾਨ ਪ੍ਰਚੱਲਤ ਕੀਤਾ ਉਸ ਅਨੁਸਾਰ ਹਰ ਇਕ ਵਰਗ ਨਾਲ ਸੰਬੰਧਿਤ ਵਿਅਕਤੀ ਆਪਣੀ ਧਰਮ-ਕਿਰਤ ਦਾ ਦਸਵਾਂ ਹਿੱਸਾ ਗੁਰੂ-ਘਰ ਭੇਟ ਕਰੇ ਤਾਂ ਕਿ ਸਮਾਜਿਕ ਵਿਕਾਸ ਦੇ ਕਾਰਜਾਂ ਵਿਚ ਹਰ ਕੋਈ ਯੋਗਦਾਨ ਪਾ ਸਕੇ ਅਤੇ ਸਰਬੱਤ ਦੇ ਭਲੇ ਹਿਤ ਅਰੰਭ ਕੀਤੇ ਕਾਰਜ ਨਿਰਵਿਘਨ ਅਤੇ ਨਿਰੰਤਰ ਜਾਰੀ ਰੱਖੇ ਜਾ ਸਕਣ। ਵੰਡ ਛਕਣ ਦੇ ਸਿਧਾਂਤ ਨੂੰ ਪ੍ਰਮੁੱਖਤਾ ਪ੍ਰਦਾਨ ਕਰਦੇ ਹੋਏ ਗਰੀਬਾਂ ਅਤੇ ਲੋੜਵੰਦਾਂ ਲਈ ਧਰਮਸ਼ਾਲਾਵਾਂ ਕਾਇਮ ਕੀਤੀਆਂ ਗਈਆਂ, ਹਸਪਤਾਲ ਖੋਲ੍ਹੇ ਗਏ, ਲੰਗਰ ਚਲਾਏ ਗਏ, ਮੁਫ਼ਤ ਨਿਵਾਸ ਦਾ ਪ੍ਰਬੰਧ ਕੀਤਾ ਗਿਆ, ਅੱਖਰ ਦਾਨ

ਲਈ ਵਿਦਿਅਕ ਅਦਾਰੇ ਕਾਇਮ ਕੀਤੇ ਗਏ। ਸੰਗਤੀ ਧਰਮ ਵਿਚ 'ਆਪਿ ਤਰੈ ਸੰਗਤਿ ਸਭ ਉਧਰੈ' ਦੇ ਸੰਦੇਸ਼ ਅਨੁਸਾਰ ਦੂਜੇ ਵਿਅਕਤੀਆਂ ਨੂੰ ਉੱਚਾ ਚੁੱਕਣ ਅਤੇ ਬਰਾਬਰੀ ਦੀ ਭਾਵਨਾ ਪੈਦਾ ਕਰਨ ਲਈ ਯਤਨ ਕੀਤੇ ਗਏ। ਵਿਅਕਤੀਗਤ ਪ੍ਰਮੁੱਖਤਾ ਵਾਲੀਆਂ ਸਾਰੀਆਂ ਸੰਭਾਵਨਾਵਾਂ ਰੱਦ ਕਰ ਦਿੱਤੀਆਂ ਗਈਆਂ ਅਤੇ 'ਸ਼ਬਦ' ਨੂੰ 'ਗੁਰੂ' ਦਾ ਦਰਜਾ ਪ੍ਰਦਾਨ ਕਰ ਕੇ ਇਸ ਨੂੰ ਸਰਬਸਾਂਝੀ ਗੁਰਬਾਣੀ ਦੇ ਰੂਪ ਵਿਚ ਪ੍ਰਗਟ ਅਤੇ ਪ੍ਰਚਾਰਿਤ ਕੀਤਾ ਗਿਆ। ਗੁਰੂ ਅੱਗੇ ਅਰਪਿਤ ਕੀਤੀ ਭੇਟਾ ਸਮੁੱਚੀ ਲੋਕਾਈ ਦੇ ਭਲੇ ਹਿਤ ਰਾਖਵੀਂ ਕਰ ਦਿੱਤੀ ਗਈ। ਸਿੱਖ ਧਰਮ ਤੋਂ ਪਹਿਲਾਂ ਦਾਨ ਦੇਣ ਦੀ ਪ੍ਰਥਾ ਪ੍ਰਚੱਲਤ ਸੀ ਅਤੇ ਇਹ ਨਿਰੰਤਰ ਅੱਜ ਤਕ ਵੀ ਜਾਰੀ ਹੈ। ਪਹਿਲਾਂ ਦਾਨ ਦੇਣ ਦਾ ਕਾਰਜ ਵੱਡੇ-ਵੱਡੇ ਅਮੀਰ ਲੋਕ ਜਾਂ ਰਾਜੇ-ਮਹਾਰਾਜੇ ਕਰਿਆ ਕਰਦੇ ਸਨ। ਆਪਣੇ ਪਿੱਤਰਾਂ ਨੂੰ ਖੁਸ਼ ਕਰਨ ਲਈ ਦਾਨ ਦਿੱਤਾ ਜਾਂਦਾ ਸੀ, ਜੋ ਕਿ ਅੱਜ ਵੀ ਵੇਖਣ ਨੂੰ ਮਿਲ ਜਾਂਦਾ ਹੈ। ਸਮਾਜ ਵਿਚ ਅੱਜ ਵੀ ਗਰੀਬਾਂ ਅਤੇ ਭੁੱਖਿਆਂ ਨੂੰ ਦਾਨ ਦੇਣ ਦਾ ਕਾਰਜ ਚੱਲ ਰਿਹਾ ਹੈ। ਦਾਨ ਦੇਣ ਦਾ ਜੋ ਸਰੂਪ ਗੁਰਬਾਣੀ ਵਿਚ ਵੇਖਣ ਨੂੰ ਮਿਲਦਾ ਹੈ ਉਹ ਵਿਅਕਤੀਗਤ ਤੌਰ 'ਤੇ ਜਾਂ ਕਿਸੇ ਨੂੰ ਖੁਸ਼ ਕਰਨ ਲਈ ਦਾਨ ਦਿੱਤੇ ਜਾਣ ਨਾਲੋਂ ਭਿੰਨਤਾ ਰੱਖਦਾ ਹੈ। ਵਿਅਕਤੀਗਤ ਤੌਰ 'ਤੇ ਦਿੱਤੇ ਗਏ ਦਾਨ ਸਮੇਂ ਲੈਣ ਅਤੇ ਦੇਣ ਵਾਲੇ ਵਿਚਕਾਰ ਸੰਪਰਕ ਸਥਾਪਤ ਹੋ ਜਾਂਦਾ ਹੈ ਜਿਸ ਨਾਲ ਦਾਨ ਦੇਣ ਵਾਲੇ ਦੇ ਮਨ ਵਿਚ ਹਉਮੈ ਅਤੇ ਦਾਨ ਲੈਣ ਵਾਲੇ ਦੇ ਮਨ ਵਿਚ ਹੀਣ-ਭਾਵਨਾ ਪੈਦਾ ਹੋ ਜਾਂਦੀ ਹੈ। ਸਿੱਖ ਧਰਮ ਵਿਚ ਗੁਰੂ ਅੱਗੇ ਕੀਤੀ ਭੇਟਾ ਵਿਚ ਲੈਣ ਅਤੇ ਦੇਣ ਵਾਲੇ ਵਿਚਕਾਰ ਕਦੇ ਵੀ ਸੰਬੰਧ ਸਥਾਪਤ ਨਹੀਂ ਹੋ ਸਕਦਾ। ਪਤਾ ਨਹੀਂ ਲੱਗਦਾ ਕਿ ਭੇਟ ਕੀਤੀ ਮਾਇਆ ਪਿੰਗਲਵਾੜੇ ਜਾ ਰਹੀ ਹੈ, ਭੂਚਾਲ ਪੀੜਤਾਂ ਲਈ ਵੰਡੀ ਜਾ ਰਹੀ ਹੈ, ਲੰਗਰ ਚਲਾਇਆ ਜਾ ਰਿਹਾ ਹੈ, ਇਮਾਰਤ ਦੀ ਉਸਾਰੀ ਕੀਤੀ ਜਾ ਰਹੀ ਹੈ, ਦਵਾਈਆਂ ਵੰਡਣ 'ਤੇ ਖਰਚ ਕੀਤੀ ਜਾ ਰਹੀ ਹੈ ਜਾਂ ਕਿਸੇ ਹੋਰ ਕਾਰਜ ਲਈ ਵਰਤੀ ਜਾ ਰਹੀ ਹੈ। ਗੁਰੂ-ਘਰ ਹਰ ਅਮੀਰ-ਗਰੀਬ ਆਪਣੀ ਧਰਮ-ਕਿਰਤ ਵਿੱਚੋਂ ਦਸਵੰਧ ਗੁਰੂ ਅੱਗੇ ਭੇਟ ਕਰਕੇ ਨਿਮਰਤਾ ਹਾਸਲ ਕਰਦਾ ਹੈ। ਦਸਵੰਧ ਨਾ ਦੇਣ ਵਾਲੇ ਲਈ ਸਿੱਖੀ ਵਿਚ ਕੋਈ ਸਥਾਨ ਨਹੀਂ ਮੰਨਿਆ ਗਿਆ ਜਿਸ ਦਾ ਜ਼ਿਕਰ ਕਰਦੇ ਹੋਏ ਭਾਈ ਨੰਦ ਲਾਲ ਜੀ ਕਹਿੰਦੇ ਹਨ:

**ਦਸਵੰਧ ਗੁਰੂ ਨਹਿ ਦੇਵੈ ਝੂਠ ਬੋਲ ਜੋ ਖਾਇ।**
**ਕਹੇ ਗੋਬਿੰਦ ਸਿੰਘ ਲਾਲ ਜੀ ਤਿਸ ਕਾ ਕਛੂ ਨਾ ਬਿਸਾਹਿ।**

*(ਤਨਖਾਹਨਾਮਾ)*

ਸਿੱਖ ਹਰ ਤਰ੍ਹਾਂ ਦੀ ਕਿਰਤ-ਕਮਾਈ ਗੁਰੂ ਦੀ ਬਖਸ਼ਿਸ਼ ਵਜੋਂ ਵੇਖਦੇ ਹਨ ਅਤੇ ਇਸ ਧਰਮ-ਕਿਰਤ ਵਿੱਚੋਂ ਦਸਵੰਧ ਦੇਣਾ ਆਪਣਾ ਧਾਰਮਿਕ ਫ਼ਰਜ਼ ਸਮਝਦੇ ਹਨ। ਸਿੱਖਾਂ ਵਿਚ ਇਹ ਗੱਲ ਆਮ ਪ੍ਰਚੱਲਤ ਹੋ ਗਈ ਹੈ ਕਿ 'ਦਾਣਾ ਪਾਣੀ ਗੁਰੂ ਦਾ ਟਹਿਲ ਸਿੱਖਾਂ ਦੀ' ਅਤੇ 'ਗਰੀਬ ਦਾ ਮੂੰਹ ਗੁਰੂ ਕੀ ਗੋਲਕ'। ਇਹ ਪ੍ਰੇਰਨਾਮਈ ਵਾਕ ਸਿੱਖ ਨੂੰ ਸੇਵਾ-ਭੇਟਾ ਕਰਨ ਲਈ ਪ੍ਰੇਰਿਤ ਕਰਦੇ ਹਨ। ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਧਰਮ-ਕਿਰਤ ਵਿੱਚੋਂ ਵੰਡ ਕੇ ਛਕਣਾ ਹੀ ਭਲਾ ਕਾਰਜ ਹੈ:

**ਕਿਰਤਿ ਵਿਰਤਿ ਕਰਿ ਧਰਮ ਦੀ ਹਥਹੁ ਦੇ ਕੈ ਭਲਾ ਮਨਾਵੈ।** *(ਵਾਰ ੬:੧੨)*

ਵੰਡ ਛਕਣ ਦੀ ਬਿਰਤੀ ਮਨੁੱਖ ਦੇ ਮਨ ਵਿਚ ਲੋਭ ਅਤੇ ਹੰਕਾਰ ਪੈਦਾ ਨਹੀਂ ਹੋਣ ਦਿੰਦੀ, ਦੂਜੇ ਮਨੁੱਖਾਂ ਪ੍ਰਤੀ ਪਿਆਰ ਅਤੇ ਸਤਿਕਾਰ ਦੀ ਭਾਵਨਾ ਪੈਦਾ ਕਰਦੀ ਹੈ, ਅਮੀਰ ਅਤੇ ਗਰੀਬ ਵਿਚ ਪਾੜਾ ਘਟਾਉਂਦੀ ਹੈ, ਮਨ ਵਿਚ ਸੇਵਾ ਅਤੇ ਨਿਮਰਤਾ ਦਾ ਅਹਿਸਾਸ ਜਗਾਉਂਦੀ ਹੈ, ਵਿਅਕਤੀਗਤ ਬਿਰਤੀਆਂ ਨੂੰ ਖ਼ਤਮ ਕਰਕੇ ਸੰਗਤ ਵਿਚ ਰਹਿਣ ਦੀ ਪ੍ਰੇਰਨਾ ਪੈਦਾ ਕਰਦੀ ਹੈ ਅਤੇ ਅਧਿਆਤਮਕ ਵਿਕਾਸ ਦੀ ਦਿਸ਼ਾ ਨਿਰਧਾਰਤ ਕਰਦੀ ਹੈ। 'ਨਾਮ ਜਪੋ, ਕਿਰਤ ਕਰੋ, ਵੰਡ ਛਕੋ' ਦਾ ਤ੍ਰਿਵੇਣੀ ਸਿਧਾਂਤ ਗੁਰਮਤਿ ਜੀਵਨ-ਜਾਚ ਦਾ ਮੂਲ ਆਧਾਰ ਹੈ। ਇਨ੍ਹਾਂ ਤਿੰਨਾਂ ਦੀ ਹੋਂਦ ਭਾਵੇਂ ਵੱਖ-ਵੱਖ ਰੂਪ ਵਿਚ ਨਜ਼ਰ ਆਉਂਦੀ ਹੈ ਪਰ ਇਹ ਆਪਸ ਵਿਚ ਘੁਲੇ-ਮਿਲੇ ਅਤੇ ਇਕ ਦੂਜੇ ਦੇ ਪੂਰਕ ਹਨ। ਇਹ ਤਿੰਨੇ ਇਕੱਠੇ ਮਿਲ ਕੇ ਕਾਰਜ ਕਰਨ ਤਾਂ ਹੀ ਆਦਰਸ਼ਕ ਸਮਾਜ ਦੀ ਸਿਰਜਣਾ ਹੋ ਸਕਦੀ ਹੈ। ■

# ਸ਼ਬਦ-ਗੁਰੂ ਕੀ ਹੈ ?

*-ਪ੍ਰਿੰ. ਕਰਮ ਸਿੰਘ*

ਪਰਮ-ਸਤਿ ਪਰਮਾਤਮਾ ਦੀ ਪ੍ਰਾਪਤੀ ਦਾ ਸਾਧਨ ਹਰ ਧਰਮ ਦੇ ਅਧਿਆਤਮਿਕ ਦਰਸ਼ਨ ਅੰਦਰ ਵੱਖ-ਵੱਖ ਤੌਰ 'ਤੇ ਦੱਸਿਆ ਗਿਆ ਹੈ। ਭਾਰਤੀ ਦਰਸ਼ਨ ਪਰਮਾਤਮਾ ਦੇ ਨਿਰਗੁਣ ਤੇ ਸਰਗੁਣ ਦੋਵਾਂ ਹੀ ਸ੍ਵਰੂਪਾਂ ਦੀ ਭਗਤੀ-ਸਾਧਨਾ ਨੂੰ ਪ੍ਰਵਾਨ ਕਰਦਾ ਹੈ। ਪਰ ਗੁਰਮਤਿ ਅੰਦਰ 'ਗਾਡੀ-ਰਾਹ' ਉੱਪਰ ਚੱਲਦਿਆਂ, 'ਸਤਿਸੰਗਤ' ਰਾਹੀਂ, ਭਾਣੇ ਤੇ ਹੁਕਮ ਵਿਚ ਰਹਿੰਦੇ ਹੋਏ 'ਗੁਰ ਪ੍ਰਸਾਦਿ' ਦੁਆਰਾ ਪ੍ਰੇਮਾ-ਭਗਤੀ ਕੇਵਲ 'ਸ਼ਬਦ-ਗੁਰੂ' ਦੀ ਹੀ ਕਰਨੀ ਪ੍ਰਵਾਨ ਹੈ। ਇਹ ਸ਼ਬਦ ਹੀ ਜੋਤਿ-ਸਰੂਪ ਬਣ ਕੇ ਸਭ ਦੇ ਹਿਰਦਿਆਂ ਅੰਦਰ ਅਦ੍ਰਿਸ਼ਟ ਸਰੂਪ ਵਿਚ ਰਵਿ ਰਿਹਾ ਹੈ। ਸ਼ਬਦ ਹੀ ਨਿਰੰਕਾਰ ਹੈ, ਅਬਿਨਾਸ਼ੀ ਹੈ, ਸ੍ਰਿਸ਼ਟੀ ਦਾ ਕਰਤਾ ਹੈ, ਭਵਜਲ ਪਾਰ ਕਰਨ ਲਈ 'ਬੋਹਿਥ' ਹੈ; ਜੀਵਨ ਦੀ ਰੌਂ ਹੈ, ਆਤਮ-ਪ੍ਰਕਾਸ਼ ਹੈ। ਪਰ ਇਹ ਸ਼ਬਦ ਸਾਡੇ ਬਾਹਰੀ ਮਨ, ਬੁੱਧੀ ਤੇ ਵਿਚਾਰਾਂ ਦੀ ਪਕੜ ਤੋਂ ਪਰ੍ਹੇ ਹੈ। ਸ਼ਬਦ-ਸਾਧਨਾ ਰਾਹੀਂ ਹੀ ਅਸੀਂ ਅੰਤਰ-ਆਤਮੇ 'ਪਰਮ ਤੱਤ-ਸ਼ਬਦ' ਦੀ ਅਨਹਦ ਧੁਨੀ ਸੁਣਦੇ ਹੋਏ ਵਿਸਮਾਦੀ ਰਸ ਦੇ ਆਤਮਿਕ ਹੁਲਾਰੇ ਮਾਣ ਸਕਦੇ ਹਾਂ। ਸੁਰਤ ਨੂੰ ਸ਼ਬਦ ਵਿਚ ਲਿਵਲੀਨ ਕਰਨ ਵਾਸਤੇ ਜਿੱਥੇ ਲਗਨ, ਭੈ-ਭਾਵਨੀ, ਪ੍ਰੇਮ ਤੇ ਸ਼ਰਧਾ ਅਤੇ ਦ੍ਰਿੜ੍ਹ ਵਿਸ਼ਵਾਸ ਦੀ ਜ਼ਰੂਰਤ ਹੈ, ਉਥੇ 'ਸਾਵਧਾਨ ਏਕਾਗਰ ਚੀਤ' ਦੀ ਵੀ ਅਵੱਸ਼ਕਤਾ ਹੈ।

ਗੁਰੂ ਸਾਹਿਬਾਨ ਨੇ 'ਸ਼ਬਦ' ਨੂੰ 'ਗੁਰੂ' ਦੀ ਪਦਵੀ ਬਖ਼ਸ਼ ਕੇ ਗੁਰਸਿੱਖਾਂ ਨੂੰ ਬੁੱਤ ਪੂਜਾ, ਅਵਤਾਰ ਪੂਜਾ, ਮੂਰਤੀ ਪੂਜਾ ਤੇ ਸ਼ਖ਼ਸੀ ਪੂਜਾ ਆਦਿ ਤੋਂ ਹਮੇਸ਼ਾਂ ਲਈ ਕੇਵਲ ਵਰਜਿਆ ਹੀ ਨਹੀਂ ਸਗੋਂ ਗੁਰਬਾਣੀ ਰਾਹੀਂ ਇਨ੍ਹਾਂ ਨੂੰ ਫੋਕਟ ਤੇ ਨਿਰਾਰਥਕ ਕਰਮ ਦੱਸ ਕੇ ਸਿਧਾਂਤਕ, ਪ੍ਰਮਾਣਿਕ, ਵਿਗਿਆਨਕ ਤੇ ਪ੍ਰਮਾਰਥਿਕ ਦਲੀਲਾਂ ਨਾਲ ਖੰਡਨ ਕਰ ਕੇ ਪਾਣੀ ਰਿੜਕਣ ਅਤੇ ਸਮਾਂ ਅਜਾਈਂ ਗਵਾ ਕੇ ਅੰਤ ਪਛਤਾਉਣਾ ਦੱਸਿਆ ਹੈ। ਗੁਰਮਤਿ ਅਨੁਸਾਰ ਕੋਈ ਦੇਹਧਾਰੀ ਮਨੁੱਖ, ਮਨੋਕਲਪਤ ਬੁੱਤ ਜਾਂ ਤਸਵੀਰ, ਸਰਗੁਣ ਸਰੂਪ ਦੇ ਚਿੰਨ੍ਹ, ਅਵਤਾਰ, ਦੇਵੀ-ਦੇਵਤੇ ਆਦਿ ਗੁਰੂ ਤੁੱਲ ਨਹੀਂ ਹਨ। ਕਿਸੇ ਗੱਦੀਨਸ਼ੀਨ ਨੂੰ ਗੁਰੂ ਕਹਿਣਾ ਜਾਂ ਗੁਰੂ ਤੁੱਲ ਸਮਝਣਾ 'ਸ਼ਬਦ-ਗੁਰੂ' ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਨਿਰਾਦਰ ਕਰਨਾ ਹੈ।

ਸ਼ਬਦ ਦਾ ਕਿਸੇ ਮਜ਼ਹਬ, ਜਾਤੀ, ਸਮਾਜ ਜਾਂ ਸੰਪਰਦਾਇ ਤੇ ਵਰਗ ਵਿਸ਼ੇਸ਼ ਆਦਿ ਨਾਲ ਕੋਈ ਸੰਬੰਧ ਨਹੀਂ। ਇਹ ਤਾਂ ਸਮੁੱਚੀ ਮਾਨਵਤਾ ਲਈ ਗਿਆਨ ਦਾ ਦੀਪ ਹੈ, ਸਦੀਵੀ ਪ੍ਰਕਾਸ਼ ਹੈ, ਪ੍ਰੇਮ-ਪਦਾਰਥ ਹੈ, ਅਉਖਧ ਹੈ, ਆਤਮਿਕ ਹੁਲਾਰਾ ਤੇ ਮਹਾਂ-ਰਸ ਦਾ ਅਤੁੱਟ ਖ਼ਜ਼ਾਨਾ ਹੈ, ਜਿਸ ਨਾਲ ਸਾਂਝ ਪਾ ਕੇ ਹੀ ਪ੍ਰਭੂ-ਜੋਤ ਵਿਚ ਅਭੇਦ ਹੋਇਆ ਜਾ ਸਕਦਾ ਹੈ। ਸ਼ਬਦ ਸੰਸਕ੍ਰਿਤ ਭਾਸ਼ਾ ਦਾ ਹੈ ਜਿਸ ਦੇ ਕੋਸ਼ਾਗਤ ਅਰਥ ਆਵਾਜ਼, ਧੁਨੀ, ਬੋਲ, ਗੱਲਬਾਤ, ਸੁਰ, ਸੁਨੇਹਾ, ਸਮੁੰਦਰ, ਗੁਰ-ਉਪਦੇਸ਼, ਬ੍ਰਹਮ-ਉਪਦੇਸ਼, ਖੇਵਟ, ਅਨਹਦ ਬਾਣੀ, ਅਲੱਖ, ਸੱਚ, ਰਤਨ, ਦਾਤਾ, ਸਾਹਿਬ ਤੇ ਗੁਰੂ ਆਦਿ ਦੇ ਵਿਸ਼ੇਸ਼ਣਾਂ ਨਾਲ ਅਲੰਕਾਰਿਤ ਕੀਤਾ ਗਿਆ ਹੈ:

**-ਰਤਨ ਜਵੇਹਰ ਨਾਮ॥ ਸਤੁ ਸੰਤੋਖੁ ਗਿਆਨ॥** *(ਪੰਨਾ ੮੯੩)*
**-ਨਾਮੁ ਨਵ ਨਿਧਿ ਗੁਰ ਤੇ ਪਾਏ॥** *(ਪੰਨਾ ੧੫੯)*
**-ਜਿ ਵਸਤੁ ਮੰਗੀਐ ਸਾਈ ਪਾਈਐ ਜੇ ਨਾਮਿ ਚਿਤੁ ਲਾਈਐ॥** *(ਪੰਨਾ ੮੫੦)*
**-ਨਾਮੁ ਨਿਰੰਜਨੁ ਨਿਰਮਲਾ ਸੁਣਿਐ ਸੁਖੁ ਹੋਈ॥** *(ਪੰਨਾ ੧੨੩੯)*

ਪਰਮਾਤਮਾ ਦੀ ਪ੍ਰਾਪਤੀ ਦਾ ਮਾਰਗ-ਦਰਸ਼ਕ 'ਗੁਰੂ' ਹੀ ਹੈ। ਆਤਮਿਕ ਮੰਡਲਾਂ ਦੀ ਸੈਰ, ਇਲਾਹੀ ਸੁਖ-ਅਨੰਦ, ਸਦਾ-ਮਨ-ਚਾਉ ਦੀ ਅਵਸਥਾ, ਆਤਮਿਕ ਵਸਲ ਦੀ ਮੰਜ਼ਲ ਅਤੇ ਤੱਤ-ਸ਼ਬਦ ਨੂੰ ਸੁਣਨ-ਸਮਝਣ ਵਿਚ 'ਗੁਰੂ' ਹੀ ਸਹਾਇਕ ਬਣਦਾ ਹੈ। ਗੁਰੂ ਤੋਂ ਬਿਨਾਂ ਸੱਚ ਦੇ ਅਭਿਲਾਸ਼ੀ ਨੂੰ ਨਿਰੰਕਾਰ ਦੇ ਦਰਸ਼ਨ ਭਾਵ ਨਾਮ ਦੀ ਪ੍ਰਾਪਤੀ ਨਹੀਂ ਹੋ ਸਕਦੀ। ਗੁਰੂ ਹੀ 'ਭਵਜਲ ਬਿਖਮ ਅਸਗਾਹ' ਤੋਂ ਪਾਰ ਕਰਦਾ ਹੈ, ਆਦਿ ਉਕਤ ਅਟੱਲ ਸਚਾਈਆਂ ਦਾ

ਨਾਜਾਇਜ਼ ਲਾਭ ਉਠਾਉਣ ਲਈ ਬਹੁਤ ਸਾਰੇ ਗੁਰਬਾਣੀ ਨੂੰ ਆਪਣੇ ਸੁਆਰਥਾਂ ਵਾਸਤੇ ਵਰਤਣ ਵਾਲੇ ਦੇਹਧਾਰੀ ਆਪਣੀਆਂ ਗੁਰੂ-ਡੰਮ੍ਹ ਦੀਆਂ ਦੁਕਾਨਾਂ ਜ਼ਰੂਰ ਚਮਕਾ ਬੈਠੇ ਹਨ। ਸਿੱਖ 'ਸ਼ਬਦ' ਦਾ ਪੁਜਾਰੀ ਹੈ। ਦਸ ਗੁਰੂ ਸਾਹਿਬਾਨ ਪਿੱਛੋਂ ਸਿੱਖ ਨੂੰ ਪ੍ਰਭੂ-ਮਿਲਾਪ ਦੀ ਮੰਜ਼ਲ ਉੱਪਰ ਤੁਰਨ ਲਈ ਕਿਸੇ ਨਾਸ਼ਵੰਤ ਸਰੀਰ ਦੀ ਜ਼ਰੂਰਤ ਨਹੀਂ, ਸ਼ਬਦ ਹੀ ਉਸ ਦੀ ਸਹੀ ਅਗਵਾਈ ਕਰਦਾ ਹੈ। ਗੁਰਬਾਣੀ ਅੰਦਰ ਆਏ ਸਪਸ਼ਟ ਹੁਕਮ ਨੂੰ ਦੇਖਦਿਆਂ ਹੋਇਆਂ ਗੁਰਸਿੱਖ ਨੇ ਹੁਣ ਕਦੇ ਕਿਸੇ ਦੇਹ ਨੂੰ ਗੁਰੂ ਨਹੀਂ ਮੰਨਣਾ ਤੇ ਨਾ ਹੀ ਗੁਰੂ ਤੁੱਲ ਸਮਝਣਾ ਹੈ:

**- ਗੁਰ ਕੀ ਬਾਣੀ ਵਿਟਹੁ ਵਾਰਿਆ ਭਾਈ ਗੁਰ ਸਬਦ ਵਿਟਹੁ ਬਲਿ ਜਾਈ॥**

*(ਪੰਨਾ ੧੧੭੭)*

**- ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਏ॥**

*(ਪੰਨਾ ੬੭)*

**- ਗੁਰ ਕੀ ਬਾਣੀ ਜਿਸੁ ਮਨਿ ਵਸੈ॥ ਦੂਖੁ ਦਰਦੁ ਸਭੁ ਤਾ ਕਾ ਨਸੈ॥**

*(ਪੰਨਾ ੧੩੪੦)*

**- ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿ ਨਾਮਾ॥**

*(ਪੰਨਾ ੭੯੭)*

**- ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ ਗੁਰਬਾਣੀ ਬਣੀਐ॥**

*(ਪੰਨਾ ੩੦੪)*

**- ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥**
**ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥**

*(ਪੰਨਾ ੯੮੨)*

ਗੁਰਬਾਣੀ ਤਾਂ ਖ਼ੁਦ ਹੀ ਨਿਰੰਕਾਰ ਦਾ ਰੂਪ ਹੈ:

**ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ॥** *(ਪੰਨਾ ੫੧੫)*

ਗੁਰਬਾਣੀ ਗੁਰੂ ਹੈ, ਗੁਰਬਾਣੀ ਪੜ੍ਹਨਾ, ਗੁਰਬਾਣੀ ਸੁਣਨਾ, ਗੁਰਬਾਣੀ-ਕੀਰਤਨ ਆਦਿ ਸਭ ਤਰੀਕੇ ਨਾਮ-ਸਿਮਰਨ ਦੇ ਹੀ ਹਨ। ਗੁਰਬਾਣੀ ਅੰਮ੍ਰਿਤ ਹੈ, ਗੁਰਬਾਣੀ ਨਾਮ ਦਾ ਭੰਡਾਰ ਹੈ। ਗੁਰਸਿੱਖ ਨੂੰ ਕਿਸੇ ਸਾਧ ਤੋਂ ਹੋਰ ਗੁਪਤ ਨਾਮ ਲੈਣ ਦੀ ਜ਼ਰੂਰਤ ਨਹੀਂ। ਲੋੜ ਹੈ ਕੇਵਲ ਗੁਰਬਾਣੀ ਨੂੰ ਪੂਰਨ ਸ਼ਰਧਾ, ਵਿਸ਼ਵਾਸ ਤੇ ਪ੍ਰੇਮ ਨਾਲ ਹਿਰਦੇ ਅੰਦਰ ਵਸਾਉਣ ਦੀ:

**- ਗੁਰਬਾਣੀ ਵਰਤੀ ਜਗ ਅੰਤਰਿ ਇਸੁ ਬਾਣੀ ਤੇ ਹਰਿ ਨਾਮੁ ਪਾਇਦਾ॥**

*(ਪੰਨਾ ੧੦੬੬)*

**- ਅੰਮ੍ਰਿਤ ਬਾਣੀ ਅਮਿਉ ਰਸੁ ਅੰਮ੍ਰਿਤੁ ਹਰਿ ਕਾ ਨਾਉ॥**

*(ਪੰਨਾ ੯੬੩)*

**- ਜਿਨ ਬਾਣੀ ਸਿਉ ਚਿਤੁ ਲਾਇਆ ਸੇ ਜਨ ਨਿਰਮਲ ਪਰਵਾਣੁ॥**

*(ਪੰਨਾ ੪੨੯)*

ਨਾਮ ਦੇ ਭੰਡਾਰ ਤੇ ਨਾਮ ਤੇ ਦਾਤੇ ਕੇਵਲ ਸ਼ਬਦ-ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਹਨ:

**ਨਾਮੁ ਅਮੋਲਕੁ ਰਤਨੁ ਹੈ ਪੂਰੇ ਸਤਿਗੁਰ ਪਾਸਿ॥**

*(ਪੰਨਾ ੪੦)*

ਅਕਾਲ ਪੁਰਖ ਦਾ ਧਿਆਨ ਜਮਾਉਣ ਲਈ ਸਾਧਸੰਗਤ ਵੀ ਸ਼ੁਭ ਸਥਾਨ ਹੈ। ਇਸ ਤਰ੍ਹਾਂ ਗੁਰਸਿੱਖ ਨੇ ਕਿਸੇ ਕਲਪਿਤ ਮੂਰਤ ਤੇ ਨਾਸ਼ਵਾਨ ਸਰੀਰ ਦਾ ਧਿਆਨ ਨਹੀਂ ਧਰਨਾ। ਨਾ ਹੀ ਕਿਸੇ ਕਲਪਿਤ ਫੋਟੋ ਨੂੰ ਫੁੱਲ ਅਰਪਣ

ਕਰਨੇ ਹਨ ਤੇ ਨਾ ਹੀ ਆਰਤੀ ਉਤਾਰਨੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ ਨਾ ਮੂਰਤੀ ਪੂਜਾ ਹੈ ਤੇ ਨਾ ਹੀ ਸਰਗੁਣ ਪੂਜਾ, ਇਹ ਤਾਂ ਪਾਵਨ ਸ਼ਬਦ ਦਾ ਸਤਿਕਾਰ ਹੈ।

ਜਿਹੜੇ ਸਰੀਰਿਕ ਪੈਰਾਂ ਨੂੰ ਗੁਰਬਾਣੀ ਅੰਦਰ ਆਏ 'ਚਰਣ' ਸ਼ਬਦ ਨੂੰ ਸਰੀਰ ਨਾਲ ਜੋੜ ਕੇ ਗੁਰੂ-ਡੰਮ੍ਹ ਦਾ ਪ੍ਰਚਾਰ ਕਰਦੇ ਹਨ ਉਨ੍ਹਾਂ ਨੂੰ ਹੇਠ ਲਿਖੇ ਮਹਾਂਵਾਕ ਮਨ ਤੋਂ ਗੁਰੂ-ਡੰਮ੍ਹ ਦੀ ਮੈਲ ਲਾਹ ਕੇ ਨਿਰਪੱਖ ਤੌਰ 'ਤੇ ਗੁਰਮਤਿ ਪਰਿਪੇਖ ਅਨੁਸਾਰ ਵਾਚਣੇ ਚਾਹੀਦੇ ਹਨ:

**-ਹਿਰਦੈ ਚਰਣ ਸਬਦੁ ਸਤਿਗੁਰ ਕੋ ਨਾਨਕ ਬਾਂਧਿਓ ਪਾਲ॥**

*(ਪੰਨਾ ੬੮੦)*

**-ਗੁਰ ਕੇ ਚਰਣ ਹਿਰਦੈ ਵਸਾਇ॥**

*(ਪੰਨਾ ੧੯੦)*

**-ਹਰਿ ਚਰਣ ਸਰੋਵਰ ਤਹ ਕਰਹੁ ਨਿਵਾਸੁ ਮਨਾ॥**

*(ਪੰਨਾ ੫੪੪)*

ਅਜਿਹੇ ਬਹੁਤ ਸਾਰੇ ਮਹਾਂਵਾਕ ਹਨ ਜੋ 'ਚਰਣ' ਦਾ ਅਰਥ 'ਗੁਰ-ਸ਼ਬਦ' ਹੀ ਪ੍ਰਗਟਾਉਂਦੇ ਹਨ। ਰਹੱਸਵਾਦੀ ਅਨੁਭਵ ਅਤੇ ਅਧਿਆਤਮਿਕ ਸਿਧਾਂਤ ਨੂੰ ਧੁਰ ਅੰਤਰ ਆਤਮੇ ਦੀਆਂ ਗਹਿਰਾਈਆਂ ਨੂੰ ਨਾ ਸਮਝ ਸਕਦੇ ਹੋਏ ਬਹੁਤੇ ਸੱਜਣ 'ਗੁਰੂ' ਅਤੇ 'ਗੁਰੂ-ਸ਼ਬਦ' ਨੂੰ ਭਿੰਨ-ਭਿੰਨ ਕਹਿ ਦਿੰਦੇ ਹਨ। ਉਹ ਦਲੀਲ ਦਿੰਦੇ ਹਨ ਕਿ 'ਗੁਰੂ' ਕਰਤਾ ਹੈ, ਉਸ ਦੇ ਮੁੱਖ ਵਿੱਚੋਂ ਨਿਕਲਿਆ 'ਸ਼ਬਦ' ਕਾਰਜ ਹੈ। ਇਸ ਲਈ ਕਰਤਾ ਅਤੇ ਕਾਰਜ ਕਦੇ ਇਕ ਨਹੀਂ ਹੋ ਸਕਦੇ ਜਦੋਂ ਕਿ ਗੁਰਮਤਿ ਸਰੀਰ ਨੂੰ ਨਾਸ਼ਵਾਨ ਅਤੇ ਸ਼ਬਦ ਨੂੰ ਅਮਰ ਮੰਨਦੀ ਹੋਈ 'ਸ਼ਬਦ-ਗੁਰੂ', 'ਗੁਰੂ-ਸ਼ਬਦ' ਕਹਿ ਕੇ ਗੁਰਸਿੱਖਾਂ ਨੂੰ ਸਰੀਰਿਕ ਪੂਜਾ ਦੀ ਜਗ੍ਹਾ 'ਸ਼ਬਦ' ਦੇ ਲੜ ਲਾਉਂਦੀ ਹੈ। ਗੁਰਮਤਿ ਅੰਦਰ ਨਾਮ ਨਿਰੀ ਸੰਗਿਆ ਮਾਤਰ ਨਹੀਂ, ਨਾਮ ਤਾਂ ਜਪੁ ਹੈ, ਸਿਮਰਨ ਹੈ, ਨਾਮ-ਸਿਮਰਨ ਦਾ ਅਮੁੱਕ ਚਸ਼ਮਾ ਹੈ, ਸਦੀਵੀ ਅਨੰਦ ਹੈ, ਵਿਸ਼ੇ-ਵਿਕਾਰਾਂ ਤੇ ਤਨ-ਮਨ ਦੇ ਰੋਗਾਂ ਨੂੰ ਦੂਰ ਕਰਨ ਵਾਲੀ ਅਨਮੋਲ ਦਵਾ ਹੈ। ਪੰਜ ਦੂਤਾਂ ਤੇ ਹੋਰ ਬੁਰਾਈਆਂ ਦੇ ਖ਼ਾਤਮੇ ਲਈ ਕਾਰਗਰ ਚੱਕਰ ਹੈ, ਅਚੁੱਕ ਤੀਰ ਹੈ। ਨਾਮ ਦੇ ਅਜਪਾ-ਜਾਪ ਸਦਕਾ ਹੀ ਸਾਧਕ ਦੇ ਹਿਰਦੇ ਅੰਦਰ ਸਤਿ, ਸੰਤੋਖ, ਨਿਰਮਲਤਾ, ਪ੍ਰੇਮ ਤੇ ਸਬਰ ਆਦਿ ਦੇ ਸਦਗੁਣ ਸੁਤੇਸਿੱਧ ਆ ਪ੍ਰਵੇਸ਼ ਕਰਦੇ ਹਨ। ਨਾਮ ਪ੍ਰਭੂ ਵਾਂਗ ਸਰਬਵਿਆਪਕ ਹੈ। ਨਾਮ ਸਦਕਾ ਹੀ ਖੰਡ, ਬ੍ਰਹਮੰਡ, ਜੀਵ-ਜੰਤੂ ਹੋਂਦ ਵਿਚ ਆਏ ਹਨ। ਗੁਰਬਾਣੀ ਅੰਦਰ ਆਇਆ ਨਾਮ ਜਪਣ ਲਈ ਗੁਰ ਪ੍ਰਸਾਦਿ ਦਾ ਪਾਤਰ ਬਣਨਾ ਪਵੇਗਾ। ਇਹ ਗੁਰੂ-ਸ਼ਬਦ ਹੀ ਹੈ, ਕੋਈ ਦੇਹਧਾਰੀ ਨਹੀਂ। ਸਤਿਗੁਰੂ ਆਪਣੀ ਅਪਾਰ ਕਿਰਪਾ-ਦ੍ਰਿਸ਼ਟੀ ਨਾਲ ਸਿੱਖ ਦੇ ਹਿਰਦੇ ਅੰਦਰ ਨਾਮ ਦਾ ਪ੍ਰਵੇਸ਼ ਕਰ ਦਿੰਦੇ ਹਨ।

'ਆਪੇ ਗੁਰ ਚੇਲਾ' ਦੇ ਸਿਧਾਂਤ ਨੂੰ ਮੁੱਖ ਰੱਖਦਿਆਂ ਗੁਰੂ ਸਾਹਿਬਾਨ ਪੰਜ-ਭੂਤਕ ਸਰੀਰ ਦੇ ਦਸ ਜਾਮੇ ਧਾਰ ਕੇ ਸ਼ਬਦ ਦਾ ਕਰਤਾ ਤੇ ਕਾਰਜ ਇਕ ਅਕਾਲ ਪੁਰਖ ਨੂੰ ਮੰਨ ਕੇ 'ਇਲਾਹੀ ਸ਼ਬਦ' ਉਸ ਦੇ ਹੁਕਮ ਅੰਦਰ ਹੀ ਬੋਲਦੇ ਰਹੇ। ਉਨ੍ਹਾਂ ਕਦੇ ਵੀ ਆਪਣੇ ਆਪ ਨੂੰ ਕਰਤਾ ਨਹੀਂ ਮੰਨਿਆ। ਕਰਤਾ ਅਕਾਲ ਪੁਰਖ ਦੀ ਪ੍ਰਕਾਸ਼ਮਈ ਜੋਤ ਹੈ, ਜੋ ਗੁਰੂ ਵਿਚ ਆ ਕੇ 'ਸ਼ਬਦ' ਨੂੰ ਪ੍ਰਗਟਾਉਣ ਦਾ ਕਾਰਜ ਵੀ ਆਪ ਹੀ ਕਰਦੀ ਰਹੀ। ਗੁਰਬਾਣੀ ਅੰਦਰ ਸਤਿਗੁਰਾਂ ਦੀ ਜੋਤ ਵਿਆਪਕ ਹੈ ਜਿਸ ਦੀ ਪ੍ਰਾਪਤੀ ਨਾਲ ਸਾਡੇ ਅੰਤਰ-ਆਤਮੇ ਤੱਤ-ਗਿਆਨ ਦਾ ਪ੍ਰਕਾਸ਼ ਹੁੰਦਾ ਹੈ ਅਤੇ ਅਸੀਂ ਵਿਸਮਾਦੀ ਰੰਗ ਚਲੂਲੇ ਵਿਚ ਰੰਗੇ ਜਾਂਦੇ ਹਾਂ। ਯਾਦ ਰੱਖੋ, ਗੁਰਬਾਣੀ ਦਾ ਅੱਖਰੀ ਰੂਪ 'ਸ਼ਬਦ' ਹੈ ਪਰ ਅਸੀਂ ਇਸ ਰਾਹੀਂ 'ਤੱਤ ਸ਼ਬਦ' ਦੀ ਪ੍ਰਾਪਤੀ ਕਰਨੀ ਹੈ। ਗੁਰਬਾਣੀ ਆਤਮਿਕ ਭਾਵਾਂ ਵਾਲੇ ਅਨੁਭਵੀ ਬ੍ਰਹਮ ਵਿਚਾਰ ਹਨ, ਜਿਨ੍ਹਾਂ ਦਾ ਲਾਹਾ ਅਸੀਂ ਅੰਤਰਮੁਖੀ ਬਣ ਕੇ, ਪ੍ਰੇਮ-ਰਸ-ਚਾਉ ਰਾਹੀਂ ਮਾਣਨਾ ਹੈ। ਜਿਸ ਨੂੰ ਮਾਣਨ ਲਈ ਸ਼ਬਦ ਦੀ ਚੋਟ ਖਾਣੀ ਪੈਂਦੀ ਹੈ, ਬਿਪਰਨ ਕੀ ਰੀਤ ਤੇ ਲੋਕਾਚਾਰੀ ਵੱਲੋਂ ਬੇਪਰਵਾਹ ਹੋਣਾ ਪੈਂਦਾ ਹੈ:

**ਲੋਗੁ ਜਾਨੈ ਇਹੁ ਗੀਤੁ ਹੈ ਇਹੁ ਤਉ ਬ੍ਰਹਮ ਬੀਚਾਰ॥**

*(ਪੰਨਾ ੩੩੫)*

ਇਸ ਤਰ੍ਹਾਂ ਸੱਚ ਦਾ ਪਾਂਧੀ ਭਰਮ-ਭੁਲਾਵੇ ਵਾਲੀਆਂ ਬਾਹਰਮੁਖੀ ਢਹਿੰਦੀਆਂ ਕਲਾਂ ਦੀਆਂ ਦਲੀਲਬਾਜ਼ੀਆਂ ਤੋਂ ਉੱਪਰ ਉੱਠ ਕੇ 'ਸ਼ਬਦ-ਗੁਰੂ' ਦੇ ਅੱਖਰੀ ਸਰੂਪ ਗੁਰਬਾਣੀ ਦੇ ਲੜ ਲੱਗ ਕੇ 'ਸ਼ਬਦ-ਸੁਰਤ' ਵਿਚ ਲਿਵਲੀਨ ਹੋ ਕੇ ਨਾਮ ਰੂਪੀ ਪਿਰਮ ਪਿਆਲੇ ਦਾ ਅਮਿਓ ਰਸ ਪੀਂਦਾ ਹੋਇਆ 'ਗੁਰ ਪ੍ਰਸਾਦਿ' ਦੁਆਰਾ ਆਤਮਿਕ ਅਤੇ ਦੈਵੀ ਗੁਣਾਂ ਦੀ ਬਖਸ਼ਿਸ਼ ਦਾ ਪਾਤਰ ਬਣ ਕੇ ਨਿਰੰਕਾਰ ਪਾਤਸ਼ਾਹ ਦੇ ਨਿਜ ਘਰ 'ਸਚਖੰਡ' ਵਿਚ ਸਹਿਜ ਸੁਭਾਏ ਜਾ ਵਾਸਾ ਕਰਦਾ ਹੈ।

ਸ਼ਬਦ ਦੀ ਪ੍ਰਾਪਤੀ ਕਿਸੇ ਕਰਮ ਜੋਗ, ਹਠ ਜੋਗ ਜਾਂ ਧਾਰਮਿਕ ਕਰਮਕਾਂਡਾਂ ਨਾਲ ਨਹੀਂ ਹੋ ਸਕਦੀ। ਸਾਧਕ ਨੂੰ ਮਨ ਦੇ ਠਹਿਰਾਓ ਲਈ, ਵਿਕਾਰਾਂ ਤੋਂ ਬਚਣ ਲਈ, ਵਿਸ਼ੇ-ਵਿਕਾਰਾਂ ਤੋਂ ਛੁਟਕਾਰੇ ਲਈ, ਮਨਮੱਤ ਦਾ ਤਿਆਗ ਕਰ ਕੇ ਗੁਰਮੁਖ ਬਣਨ ਲਈ ਗੁਰਬਾਣੀ ਦੀ ਕਥਾ ਅਤੇ ਕੀਰਤਨ ਸੁਣਨਾ ਬਹੁਤ ਜ਼ਰੂਰੀ ਹੈ ਕਿਉਂਕਿ ਇਸ ਤਰ੍ਹਾਂ ਕਰਨ ਨਾਲ ਪ੍ਰਭੂ ਦੀਆਂ ਸਿਫਤ-ਸਲਾਹਾਂ ਦਾ ਪਤਾ ਚੱਲਦਾ ਹੈ, ਪ੍ਰੇਮ-ਵਿਸ਼ਵਾਸ ਤੇ ਸ਼ਰਧਾ ਉਪਜਦੀ ਹੈ, ਭਟਕਦਾ ਮਨ ਇਕਾਗਰ ਹੋਣ ਲੱਗਦਾ ਹੈ, ਮਨ-ਚਿੱਤ ਤੇ ਬੁੱਧੀ ਦੀ ਮਲੀਨਤਾ ਦੂਰ ਹੁੰਦੀ ਹੈ। ਸਾਧਕ ਦੇ ਸਾਧਨਾ ਪ੍ਰਤੀ ਸਾਰੇ ਭਰਮ-ਭੁਲੇਖੇ ਤੇ ਸ਼ੰਕੇ ਨਵਿਰਤ ਹੁੰਦੇ ਹਨ। ਇਸ ਤਰ੍ਹਾਂ ਗੁਰਬਾਣੀ ਦੀ ਚੁੰਬਕੀ ਖਿੱਚ ਹੀ ਉਸ ਨੂੰ 'ਤੱਤ ਸ਼ਬਦ' ਰੂਪੀ ਪਾਰਸ ਤਕ ਲੈ ਜਾਂਦੀ ਹੈ। ਗੁਰਬਾਣੀ ਨੂੰ ਪੜ੍ਹ-ਸੁਣ ਕੇ ਅਸੀਂ 'ਸ਼ਬਦ ਗੁਰੂ' ਦੀ ਪ੍ਰਾਪਤੀ ਵੱਲੋਂ ਅਵੇਸਲੇ ਹੋ ਕੇ ਨਹੀਂ ਬੈਠਣਾ ਸਗੋਂ ਗੁਰੂ ਉਪਦੇਸ਼ ਕਮਾਉਂਦੇ ਹੋਇਆਂ, ਤੱਤ-ਗਿਆਨ ਦੀ ਰੋਸ਼ਨੀ ਵਿਚ ਸੂਖਮ ਆਤਮ-ਭਾਵਾਂ ਨੂੰ ਅੰਤਰ-ਆਤਮੇ ਵਸਾ ਕੇ ਸਿਮਰਨ ਦੀ ਜਾਚ ਸਿੱਖਣੀ ਹੈ। ਫਿਰ ਹੀ ਅਸੀਂ 'ਸ਼ਬਦ-ਗੁਰੂ' ਦੀ ਕਮਾਈ ਕਰ ਕੇ ਸੰਸਾਰ ਦੇ ਅਗਨ ਸਾਗਰ ਦੀਆਂ ਘੁੰਮਣ-ਘੇਰੀਆਂ ਤੋਂ ਪਾਰ ਹੋ ਕੇ ਆਤਮਿਕ ਉਡਾਰੀਆਂ, ਆਤਮਿਕ ਕ੍ਰਿਸ਼ਮਿਆਂ ਤੇ ਆਤਮਿਕ ਉੱਚ ਮੰਡਲਾਂ ਦੀ ਸਿਖਰ ਪ੍ਰਾਪਤ ਕਰ ਸਕਦੇ ਹਾਂ। ਸੋ ਸਪਸ਼ਟ ਹੈ ਕਿ ਗੁਰਬਾਣੀ ਨੂੰ ਅਸੀਂ ਅਸਥੂਲ ਕੰਨਾਂ ਰਾਹੀਂ ਸੁਣਨਾ ਹੈ, ਕੀਰਤਨ ਰਾਹੀਂ ਮਨ ਨੂੰ ਇਕਾਗਰ ਕਰਨਾ ਹੈ ਤੇ ਸਾਧਸੰਗਤ ਵਿਚ ਸ਼ਬਦ ਦੀ ਵਿਚਾਰ ਕਰਨੀ ਹੈ। ਗੁਰਮਤਿ ਅੰਦਰ 'ਸ਼ਬਦ-ਸੁਰਤਿ' ਨੂੰ ਹੀ ਜੀਵਨ ਦਾ ਮੂਲ ਆਧਾਰ ਮੰਨਿਆ ਗਿਆ ਹੈ। ਪਾਰਬ੍ਰਹਮ ਗੁਰੂ ਸ਼ਬਦ ਹੈ ਤੇ ਸਿੱਖ ਦੀ ਸੁਰਤ ਚੇਲਾ। ਸੋ ਗੁਰੂ ਚੇਲਾ ਦਾ ਮਿਲਾਪ ਹੀ ਜੀਵਨ ਦਾ ਮੁੱਖ ਮਨੋਰਥ ਹੋਣਾ ਚਾਹੀਦਾ ਹੈ ਜਿਸ ਲਈ ਗੁਰਸਿੱਖ ਨੂੰ ਥੋੜ੍ਹਾ ਖਾਣਾ, ਥੋੜ੍ਹਾ ਸੌਣਾ, ਥੋੜ੍ਹਾ ਬੋਲਣਾ ਦੇ ਗੁਣ ਅਪਣਾਉਂਦਿਆਂ ਗੁਰਬਾਣੀ ਰਾਹੀਂ ਜੋਦੜੀ, ਤਰਲੇ, ਮਿੰਨਤ ਆਦਿ ਅੱਠੋ ਪਹਿਰ ਕਰਨ ਦੀ ਜ਼ਰੂਰਤ ਹੈ। ਸ਼ਬਦ-ਸੁਰਤਿ ਦਾ ਮਿਲਾਪ ਤਾਂ ਪਰਮਾਰਥਕ ਪਾਂਧੀਆਂ ਦਾ ਮਾਰਗ ਹੈ; ਮਨ ਦੀਆਂ ਚਤੁਰਾਈਆਂ, ਸਿਆਣਪਾਂ ਤੇ ਦਿਮਾਗ਼ੀ ਸੋਚ ਨੂੰ ਤਿਲਾਂਜਲੀ ਦੇ ਕੇ ਗੁਰੂ ਨੂੰ ਪੂਰਨ ਰੂਪ ਵਿਚ ਸਮਰਪਿਤ ਹੋਣ ਦਾ ਮਾਰਗ ਹੈ, ਪ੍ਰੇਮਾ-ਭਗਤੀ ਕਰਦਿਆਂ ਨਾਮ-ਰਸ ਨੂੰ ਮਾਨਣ ਦਾ ਮਾਰਗ ਹੈ। ਗੁਰੂ ਹੁਕਮ ਅੱਗੇ ਬਿਨਾਂ ਹੀਲ-ਹੁੱਜਤ ਦੇ ਸਿਰ ਝੁਕਾ ਦੇਣ ਦਾ ਮਾਰਗ ਹੈ। ਇਹ ਚਰਚਾ ਦਾ ਵਿਸ਼ਾ ਨਹੀਂ, ਇਹ ਤਾਂ ਅੰਤਰ-ਆਤਮੇ ਅਨੁਭਵ ਕਰਨ ਦੀ ਅਗੰਮੀ ਖੇਡ ਹੈ। ਨਾਮ-ਰਸ ਤੇ ਰਹੱਸ ਦੀ ਸੋਝੀ ਸਤਿਸੰਗਤ ਵਿੱਚੋਂ ਹੁੰਦੀ ਹੈ। ਪੜ੍ਹਨ, ਸੁਣਨ ਦੇ ਨਾਲ ਅੰਤਸ਼ਕਰਨ ਸ਼ੁੱਧ ਕਰਨਾ ਹੈ, ਰਜੋ ਤੇ ਤਮੋ ਰੁਚੀਆਂ ਤੇ ਮੰਦਭਾਵਨਾ ਦਾ ਖ਼ਾਤਮਾ ਕਰਨਾ ਹੈ, ਗੁਰਬਾਣੀ ਨੂੰ ਹਿਰਦੇ ਅੰਦਰ ਵਸਾ ਕੇ ਅਮਲੀ ਜੀਵਨ ਧਾਰਨ ਨਾਲ ਹੀ ਵਿਸਮਾਦੀ ਤੇ ਅਨਹਦੀ ਖੇਡ ਵਾਪਰਨੀ ਹੈ। ਸ਼ਬਦ-ਗੁਰੂ ਗੁਰਬਾਣੀ ਨੂੰ ਹਿਰਦੇ ਅੰਦਰ ਵਸਾਉਣ ਲਈ ਸਾਨੂੰ ਦੁਨਿਆਵੀ ਚੰਚਲ ਪ੍ਰੀਤ, ਵਿਸ਼ੇ-ਵਿਕਾਰ, ਭਰਮ-ਜਾਲ, ਕਰਮ-ਜਾਲ, ਮਨਮਤੀ ਖੇਡਾਂ, ਅਨਮਤੀ ਪ੍ਰਭਾਵ, ਦੁਬਿਧਾ, ਕੁਸੰਗਤ, ਨਿੰਦਾ, ਚੁਗਲੀ ਤੇ ਫਜ਼ੂਲ ਦੀ ਬਹਿਸ ਆਦਿ ਦਾ ਤਿਆਗ ਕਰ ਕੇ ਸਤਿ, ਸੰਤੋਖ, ਬਿਬੇਕ ਬੁੱਧ, ਸੱਚਾ ਵੈਰਾਗ, ਸੁਕ੍ਰਿਤ, ਪਰਉਪਕਾਰਤਾ, ਦਯਾ, ਧਰਮ ਦੇ ਮਾਰਗ ਨੂੰ ਅਪਣਾਉਣਾ ਹੋਵੇਗਾ। ਸ਼ਬਦ-ਸੁਰਤਿ ਦੇ ਮੇਲ ਤੋਂ ਹੀ ਨਾਮ ਦੀ ਕਮਾਈ ਸ਼ੁਰੂ ਹੁੰਦੀ ਹੈ ਤੇ ਹੌਲੀ-ਹੌਲੀ ਚੰਚਲ ਮਨ ਨਿਰਸੰਸਕਾਰ, ਨਿਰਵਿਕਲਪਾਕਾਰ ਤੇ ਅੰਦਰ ਸੁਤੇ-ਸਿੱਧ ਗੁਰ ਪ੍ਰਸਾਦਿ ਅਵਸਥਾ ਵਿਚ ਪ੍ਰਵੇਸ਼ ਕਰ ਜਾਂਦਾ ਹੈ। ਸ਼ਬਦ ਦੀ ਕਮਾਈ ਨਾਲ ਹੀ ਮਨ ਦੀਆਂ ਖਿੰਡੀਆਂ ਬਿਰਤੀਆਂ ਇਕਾਗਰ ਕਰ ਕੇ, ਸਤਿ-ਚਿੱਤ-ਅਨੰਦ, ਅਗੰਮੀ ਜੋਤ ਦੇ ਦਰਸ਼ਨ ਹੋ ਸਕਦੇ ਹਨ। ਗੁਰਮਤਿ ਅਨੁਸਾਰ ਸ਼ਬਦ-ਸੁਰਤਿ ਦੀ ਸਾਧਨਾ ਅਸੀਂ ਆਪਣੇ ਜ਼ੋਰ, ਯਤਨ, ਚਤੁਰਾਈ, ਸਿਆਣਪ ਤੇ ਦਿਮਾਗ਼ੀ ਵਿਚਾਰ-ਵਟਾਂਦਰੇ ਆਦਿ ਨਾਲ ਨਹੀਂ ਸਗੋਂ ਗੁਰ ਪ੍ਰਸਾਦਿ ਸਦਕਾ ਸਾਧ-ਸੰਗਤਿ ਵਿਚ ਵਿਚਰਦਿਆਂ ਗੁਰ-

ਉਪਦੇਸ਼ਾਂ ਨੂੰ ਜੀਵਨ ਵਿਚ ਅਮਲੀ ਜਾਮਾ ਪਹਿਨਾ ਕੇ, ਨਿਰਮਾਣ ਅਤੇ ਨਿਸ਼ਕਾਮ ਬਣ ਕੇ ਹੀ ਕਰ ਸਕਦੇ ਹਾਂ। ਪਰ ਇਸੇ ਅਨਦ ਬਿਨੋਦੀ ਆਤਮ ਰਸ ਤੇ ਇਲਾਹੀ ਅੰਮ੍ਰਿਤ ਦੀ ਦਾਤ ਦੀ ਪ੍ਰਾਪਤੀ ਮਨ, ਮਤਿ ਤੇ ਬੁੱਧੀ ਤੋਂ ਜਨਮ-ਜਨਮਾਂਤਰਾਂ ਦੀ ਲੱਗੀ ਪਾਪਾਂ ਤੇ ਵਿਸ਼ੇ-ਵਿਕਾਰਾਂ ਦੀ ਮੈਲ ਨੂੰ ਲਾਹ ਕੇ ਕੋਈ ਵਿਰਲਾ ਗੁਰਮੁਖ ਹੀ ਕਰ ਸਕਦਾ ਹੈ। ਇਹੋ ਕਾਰਨ ਹੈ ਕਿ ਇਸ ਕਮਾਈ ਨੂੰ ਗਾਖੜੀ ਅਤੇ ਅਲੂਣੀ ਸਿਲ ਚੱਟਣ ਦੇ ਸਮਾਨ ਦੱਸਿਆ ਗਿਆ ਹੈ। ਪਰ ਫਿਰ ਵੀ ਜਿਉਂ-ਜਿਉਂ ਸਾਧਕ, ਸਾਧ-ਸੰਗਤ ਕਰਦਾ ਹੈ, ਨਿਤਨੇਮ ਕਰਦਾ ਤੇ ਗੁਰਬਾਣੀ ਵਿਚਾਰਦਾ ਹੈ, ਤਿਉਂ-ਤਿਉਂ ਉਸ ਦੇ ਹਿਰਦੇ ਵਿਚ ਪ੍ਰਭੂ-ਮਿਲਾਪ ਦੀ ਖਿੱਚ, ਰੀਝ ਤੇ ਚਾਉ ਦੇ ਨਾਲ-ਨਾਲ ਬਿਰਹੋਂ ਵੈਰਾਗ ਦੀ ਅਵਸਥਾ ਰਾਹੀਂ ਵਸਲ ਦੀ ਭੁੱਖ ਤੀਬਰ ਹੁੰਦੀ ਰਹਿੰਦੀ ਹੈ।

ਗੁਰਮਤਿ ਅਨੁਸਾਰ 'ਸ਼ਬਦ-ਗੁਰੂ' ਦੀ ਪ੍ਰਾਪਤੀ ਅੰਮ੍ਰਿਤ ਛਕਣ ਉਪਰੰਤ ਪੰਜ ਪਿਆਰਿਆਂ ਤੋਂ ਮਿਲੇ ਗੁਰਮੰਤਰ ਦੀ ਕਮਾਈ ਕਰ ਕੇ ਹੀ ਹੋ ਸਕਦੀ ਹੈ। ਦਸਮ ਪਿਤਾ ਨੇ ਪੰਥ ਵਿਚ ਸਰੀਰ ਅਤੇ ਗ੍ਰੰਥ ਵਿਚ ਜੋਤ ਵਿਦਮਾਨ ਕਰ ਕੇ ਅੱਗੋਂ ਲਈ ਦੇਹਧਾਰੀ ਗੁਰੂ ਪਰੰਪਰਾ ਨੂੰ ਸਦਾ ਵਾਸਤੇ ਹੀ ਖ਼ਤਮ ਕਰ ਦਿੱਤਾ ਹੈ। ਸੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਵਿਚ ਪੰਜ ਪਿਆਰਿਆਂ ਤੋਂ ਮਿਲੀ ਦਾਤ 'ਸ਼ਬਦ-ਗੁਰੂ' ਦੇ ਲੜ ਲੱਗ ਕੇ ਹੀ ਅਸੀਂ 'ਲੋਕ ਸੁਖੀਏ ਪਰਲੋਕ ਸੁਹੇਲੇ' ਹੋ ਸਕਦੇ ਹਾਂ। ਅੰਮ੍ਰਿਤ ਛਕ, ਗੁਰੂ ਵਾਲੇ ਬਣ ਕੇ ਸ਼ਬਦ ਦੀ ਕੀਤੀ ਕਮਾਈ ਥਾਏਂ ਪੈਂਦੀ ਹੈ। ਗੁਰੂ ਅਤੇ ਨਾਮ ਦੀ ਪ੍ਰਾਪਤੀ ਦੇ ਸੰਕਲਪ ਪ੍ਰਤੀ ਅਸਪਸ਼ਟਤਾ ਨੇ ਹੀ ਪਾਖੰਡੀ ਸਾਧਾਂ ਸੰਤਾਂ ਦੇ ਟੋਲੇ ਖੜ੍ਹੇ ਕਰ ਦਿੱਤੇ ਹਨ ਅਤੇ ਅਜਿਹੀ ਧੁੰਦ ਖਿਲਾਰਨ ਵਾਲੇ ਗੁਰਮਤਿ ਨੂੰ ਮੁੜ ਉਥੇ ਲੈ ਜਾਣ ਦੀ ਭੂਮਿਕਾ ਅਦਾ ਕਰ ਰਹੇ ਹਨ, ਜਿੱਥੋਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ਼ੁਰੂ ਕੀਤੀ ਸੀ।

ਨਾਮ ਦੇ ਦਾਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਹਨ। ਅਸੀਂ ਨਾਮ ਦੀ ਪ੍ਰਾਪਤੀ ਅੰਮ੍ਰਿਤ ਛਕਣ ਉਪਰੰਤ ਇਨ੍ਹਾਂ ਦੀ ਚਰਨ-ਸ਼ਰਨ ਵਿਚ ਹੀ ਪ੍ਰਾਪਤ ਕਰਨੀ ਹੈ:

**- ਗੁਰਬਾਣੀ ਵਰਤੀ ਜਗ ਅੰਤਰਿ ਇਸੁ ਬਾਣੀ ਤੇ ਹਰਿ ਨਾਮੁ ਪਾਇਦਾ॥**

*(ਪੰਨਾ ੧੦੬੬)*

**- ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿ ਨਾਮਾ॥**

*(ਪੰਨਾ ੭੯੭)*

**- ਸਬਦੁ ਬੁਝੈ ਸੋ ਮੈਲੁ ਚੁਕਾਏ॥ ਨਿਰਮਲ ਨਾਮੁ ਵਸੈ ਮਨਿ ਆਏ॥**

*(ਪੰਨਾ ੧੦੪੪)*

**- ਨਾਮੁ ਅਮੋਲਕੁ ਰਤਨੁ ਹੈ ਪੂਰੇ ਸਤਿਗੁਰ ਪਾਸਿ॥**

*(ਪੰਨਾ ੪੦)*

ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਗੁਰਬਾਣੀ ਦਾ ਅੱਖਰ-ਅੱਖਰ ਹੀ ਨਾਮ ਹੈ। ਸੋ ਸ਼ਬਦ ਦੀ ਕਮਾਈ ਕਰ ਕੇ ਹੀ ਆਤਮਿਕ ਅਡੋਲਤਾ ਤੇ ਪਰਮਪਦੁ ਦੀ ਪ੍ਰਾਪਤੀ ਹੋ ਸਕਦੀ ਹੈ। ਆਓ, ਆਪਾਂ ਗੁਰ ਪ੍ਰਸਾਦਿ ਸਦਕਾ ਸਾਧਸੰਗਤ ਵਿਚ ਗੁਰਬਾਣੀ ਦੀ ਵਿਚਾਰ ਰਾਹੀਂ ਮਨ-ਬਚ-ਕਰਮ ਨਾਲ ਵਿਸਮਾਦੀ ਤੇ ਰਸੀਲੇ 'ਸ਼ਬਦ' ਦੀ ਕਮਾਈ ਕਰ ਕੇ ਅੰਦਰਲੀ ਪਰਮ-ਜੋਤ, ਆਤਮ-ਪ੍ਰਕਾਸ਼, ਨਿਰੰਕਾਰ ਨਾਲ ਅਭੇਦਤਾ ਪ੍ਰਾਪਤ ਕਰੀਏ, ਤਾਂ ਹੀ ਜੀਵਨ ਸਫਲ ਹੋ ਸਕੇਗਾ। ਅੰਮ੍ਰਿਤ ਦੀ ਦਾਤ ਤੋਂ ਕੋਈ ਗੁਰੂ ਦਾ ਪਿਆਰਾ ਵਾਂਝਾ ਨਹੀਂ ਰਹਿਣਾ ਚਾਹੀਦਾ।

■

# ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੱਭਿਆਚਾਰਕ ਪੱਖ

-ਪ੍ਰਿੰ. ਸਰਮੁਖ ਸਿੰਘ ਅਮੋਲ

ਸੱਭਿਆਚਾਰ ਦਾ ਅਰਥ ਇਸ ਨੂੰ 'ਸੱਭਿਆ+ਆਚਾਰ' ਵਾਂਗ ਨਿਖੇੜ ਕੇ ਬਿਲਕੁਲ ਨਿੱਖਰ ਕੇ ਸਾਹਮਣੇ ਆ ਜਾਂਦਾ ਹੈ ਅਰਥਾਤ ਸੱਭਿਆ (ਸਾਊ) ਸੁਲਝਿਆ ਸੁਧਰਿਆ ਆਚਰਨ ਹੀ ਸੱਭਿਆਚਾਰ ਹੈ। ਪਰ ਇਉਂ ਇਹ ਗੱਲ ਕੇਵਲ ਵਿਅਕਤੀ ਨਾਲ ਜੁੜਦੀ ਹੈ। ਜਦੋਂ ਇਹ ਸ਼ਬਦ ਅਸੀਂ ਸਮਾਜ ਲਈ ਵਰਤਦੇ ਹਾਂ ਤਾਂ ਇਸ ਦੇ ਅਰਥ ਵੀ ਸਮਾਜ ਜਿੰਨੇ ਹੀ ਵਿਸ਼ਾਲ ਹੋ ਜਾਂਦੇ ਹਨ। ਇਸੇ ਲਈ ਹੀ ਸੱਭਿਆਚਾਰ ਨੂੰ ਕਈ ਵਾਰੀ ਸੱਭਿਅਤਾ ਜਾਂ ਸਦਾਚਾਰ ਦੇ ਅਰਥਾਂ ਲਈ ਵੀ ਵਰਤ ਲਿਆ ਜਾਂਦਾ ਹੈ। ਸ਼ਬਦ 'ਸੰਸਕ੍ਰਿਤੀ' ਸੁਧਰੀ-ਸੰਵਾਰੀ ਉਚੇਰੀ ਅਵਸਥਾ ਵੱਲ ਸੰਕੇਤ ਕਰਦਾ ਹੈ ਅਤੇ ਸ਼ਬਦ ਸੱਭਿਆਚਾਰ ਜਾਂ 'ਕਲਚਰ' ਪਾਲਣਾ, ਪੋਸਣਾ ਤੇ ਸਾਧਨਾ ਨਾਲ ਸੰਬੰਧਿਤ ਹੈ। ਕਿਉਂਕਿ ਉੱਨਤੀ ਸਦਾ ਹੀ ਕੁਝ ਸਿੱਖਣ ਨਾਲ ਹੁੰਦੀ ਹੈ ਤੇ ਸਿੱਖੀ ਦਾ ਸੁਣ ਕੇ, ਵੇਖ ਕੇ,ਪੜ੍ਹ ਕੇ ਤੇ ਮੰਨ ਕੇ ਹੈ। ਇਸੇ ਲਈ ਸਿੱਖ ਸੱਭਿਆਚਾਰ ਦਾ ਜਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਨੁਸਾਰ ਸੱਭਿਆਚਾਰ ਦਾ ਇਕ ਮੋਟਾ ਅਸੂਲ ਹੈ:

**ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ॥** *(ਪੰਨਾ ੬੬੧)*

'ਇਹ ਸਿੱਖਣ ਦਾ ਕੰਮ ਸਭ ਰਾਸ਼ਟਰ, ਜਾਤੀਆਂ ਤੇ ਧਰਮ ਸ਼ੁਰੂ ਤੋਂ ਹੀ ਅਰੰਭ ਦੇਂਦੇ ਹਨ ਅਤੇ ਇਉਂ ਸੱਭਿਆਚਾਰ ਕੇਵਲ ਮਨੁੱਖ ਜਾਤੀ ਦਾ ਹੀ ਵਿਰਸਾ ਹੈ। (ਐਨਸਾਈਕਲੋਪੀਡੀਆ ਆਫ਼ ਸੋਸ਼ਿਲ ਸਾਇੰਸਜ਼) ਇਹ ਵੀ ਮਨੁੱਖੀ ਜਨਮ ਦੀ ਉਤਮਤਾ ਦਾ ਇਕ ਪ੍ਰਮਾਣ ਹੈ। ਇਹ ਸਿੱਖਣਾ ਅਤੇ ਬਦਲਣਾ ਜੀਵਨ ਦੇ ਲੱਗਭਗ ਹਰ ਪੱਖ ਉੱਤੇ ਹੁੰਦਾ ਹੈ। ਵਿਦਵਾਨ ਤਾਂ ਇਥੋਂ ਤਕ ਪੁੱਜੇ ਹਨ ਕਿ ਮਨੁੱਖਾਂ ਦੀ ਸਰੀਰਕ ਬਣਤਰ ਵਿਚ ਵੀ ਅੰਤਰ ਸਮੇਂ ਨਾਲ ਆਉਂਦਾ ਜਾਂਦਾ ਹੈ ਅਤੇ ਨਿਰੇ ਸਮੇਂ ਨਾਲ ਹੀ ਨਹੀਂ, ਇਹ ਅੰਤਰ ਥਾਵਾਂ, ਮੌਸਮਾਂ ਤੇ ਵਾਤਾਵਰਨ ਦੇ ਅੰਤਰ ਨਾਲ ਨਿੱਖਰਦਾ ਹੈ। ਦੂਰ ਨਾ ਜਾਈਏ, ਕਸ਼ਮੀਰ ਤੇ ਹੋਰ ਠੰਡੇ ਇਲਾਕਿਆਂ ਦੇ ਲੋਕ ਵਧੇਰੇ ਗੋਰੇ ਰੰਗ ਦੇ ਹਨ ਪਰ ਦੱਖਣੀ ਭਾਰਤ ਲੋਕਾਂ ਦਾ ਸ਼ਿਆਮ ਰੰਗ ਹੈ। ਇਹੋ ਗੱਲ ਖੁਰਾਕ, ਕੱਪੜੇ ਅਤੇ ਉਪਜੀਵਕਾ ਦੇ ਸਾਧਨਾਂ ਤੇ ਹੋਰ ਅਨੇਕਾਂ ਪੱਖਾਂ ਉੱਤੇ ਲਾਗੂ ਹੈ। ਇਥੋਂ ਤਕ ਕਿ ਕਾਨੂੰਨ, ਰੀਤਾਂ, ਰਸਮਾਂ ਉਪਜੀਵਕਾ ਦੇ ਸਾਧਨ ਭੀ ਇਸ ਕਲਚਰ ਦੀ ਹੱਦ ਵਿਚ ਆ ਜਾਂਦੇ ਹਨ ਅਤੇ ਸਾਰੇ ਹੀ ਸੱਭਿਆਚਾਰ ਦਾ ਹਿੱਸਾ ਬਣ ਜਾਂਦੇ ਹਨ। ਕੌਣ ਨਹੀਂ ਜਾਣਦਾ ਕਿ ਦਰਿਆਵਾਂ ਦੇ ਕਿਨਾਰੇ ਰਹਿਣ ਵਾਲੇ ਲੋਕ ਸੁਭਾਵਕ ਹੀ ਤਾਰੂ ਹੁੰਦੇ ਹਨ? ਇਸੇ ਤਰ੍ਹਾਂ ਮੱਛੀਆਂ ਫੜਨ ਵਾਲੇ ਅਤੇ ਬੇੜੀਆਂ ਚਲਾਉਣ ਵਾਲੇ ਵੀ। ਪੇਂਡੂ ਤੇ ਸ਼ਹਿਰੀਆਂ ਦੇ ਕਿੱਤਿਆਂ ਦਾ ਫ਼ਰਕ ਵੀ ਇਸੇ ਕਾਰਨ ਹੈ। ਦੂਜੀ ਪ੍ਰਕਾਰ ਦਾ ਅੰਤਰ ਮਨੁੱਖ ਦੇ ਆਪਣੇ ਬਣਾਏ ਪਰ ਵਿਰਸੇ ਵਿਚ ਮਿਲੇ ਹੋਏ ਵਾਤਾਵਰਨ ਦਾ ਹੈ। ਇਹ ਗੱਲ ਵੀ ਉਤਲੀਆਂ ਮਿਸਾਲਾਂ ਤੋਂ ਹੀ ਪ੍ਰਤੱਖ ਹੈ। ਇਉਂ ਵਿਦਵਾਨ ਈਲੀਅਟ (Eliot) ਦੇ ਸੱਭਿਆਚਾਰ ਦੇ ਅਰਥਾਂ (ਪਰਿਭਾਸ਼ਾ) ਨੂੰ ਵੇਖ ਕੇ ਅਸੀਂ ਇਸ ਨੁਕਤੇ ਨੂੰ ਹੋਰ ਵੀ ਪ੍ਰਤੱਖ ਸਮਝ ਸਕਦੇ ਹਾਂ। ਉਸ ਦੇ ਸ਼ਬਦ ਹਨ:

"ਸੋ ਕਲਚਰ ਤੋਂ ਮੇਰਾ ਭਾਵ ਸਭ ਤੋਂ ਪਹਿਲਾਂ ਓਹੀ ਹੈ ਜੋ ਐਂਥਰੋਪਾਲੋਜਿਸਟ (ਵਿਸ਼ਾਲ ਭਾਵ ਵਿਚ 'ਮਨੁੱਖ' ਦੇ ਵਿਗਿਆਨੀ) ਦਾ ਹੁੰਦਾ ਹੈ ਅਰਥਾਤ ਇਕ ਥਾਂ ਉੱਤੇ ਇਕੱਠੇ ਰਹਿਣ ਵਾਲੇ ਲੋਕਾਂ ਦਾ ਜੀਵਨ ਢੰਗ। ਇਹ ਕਲਚਰ ਉਨ੍ਹਾਂ ਦੇ ਹੁਨਰਾਂ, ਸਮਾਜਿਕ ਤਰੀਕਿਆਂ, ਰਿਵਾਜਾਂ ਅਤੇ ਧਰਮ ਰਾਹੀਂ ਦ੍ਰਿਸ਼ਟਮਾਨ ਹੁੰਦੀ ਹੈ। ਪਰ ਇਨ੍ਹਾਂ ਸਭ ਚੀਜ਼ਾਂ ਦਾ ਜੋੜ ਸੰਸਕ੍ਰਿਤੀ ਨਹੀਂ, ਭਾਵੇਂ ਅਸੀਂ ਸੁਖੈਨਤਾ ਲਈ ਇਉਂ ਹੀ ਮੰਨ ਕੇ ਗੱਲ ਕਰ ਲੈਂਦੇ ਹਾਂ।"..... ਨਾਲ ਹੀ ਉਹ ਕਹਿੰਦਾ ਹੈ ਕਿ ਕਿਸੇ ਵਿਅਕਤੀ ਦੀ ਸੰਸਕ੍ਰਿਤੀ ਜਾਂ ਸੱਭਿਆਚਾਰ ਜਾਤੀ ਨਾਲ ਤੇ ਜਾਤੀ ਦੀ ਸੰਸਕ੍ਰਿਤੀ ਸਮੁੱਚੇ ਸਮਾਜ ਨਾਲ ਸੰਬੰਧਿਤ ਹੈ, ਇਸ ਲਈ ਸਮਾਜਿਕ ਸੱਭਿਆਚਾਰ ਹੀ ਮੁੱਖ, ਮਹਾਨ ਜਾਂ ਵਿਸ਼ੇਸ਼ ਹੈ। ਇਕ ਹੋਰ ਵਿਦਵਾਨ ਪ੍ਰੋਫ਼ੈਸਰ ਐਡਵਰਡ ਬੀ. ਰਾਈਟਰ ਦਾ ਕਥਨ ਹੈ-

"ਸੱਭਿਆਚਾਰ ਸਮਾਜਿਕ ਤਜਰਬੇ ਦਾ ਫਲ ਹੈ। ਇਸ ਦਾ ਸੰਬੰਧ ਸਮੁੱਚੀਆਂ ਮਨੁੱਖੀ ਕਾਢਾਂ, ਲੱਭਤਾਂ ਅਤੇ ਮਨੁੱਖੀ ਯਤਨਾਂ ਦੇ ਇਕੱਤਰਿਤ ਸਿੱਟੇ ਨਾਲ ਹੈ।"

"... ਵਲਵਲਿਆਂ ਅਤੇ ਰੁਚੀਆਂ ਦਾ ਸਹਾਇਕ ਮਿਸ਼ਰਨ, ਸੰਪਰਦਾਇਕ ਜਾਂ ਸੰਸਥਾਵਾਂ ਦੀ ਬਣਤਰ ਅਤੇ ਹੋਰ ਸਾਧਨ ਜਿਨ੍ਹਾਂ ਨਾਲ ਸਮਾਜਿਕ ਵਿਉਂਤ ਦਾ ਸੂਤ ਰਖਿਆ ਅਤੇ ਪ੍ਰਵਾਨਿਤ ਵਤੀਰੇ ਦੇ ਨਮੂਨੇ ਪ੍ਰਚੱਲਤ ਕੀਤੇ ਜਾਂਦੇ ਹਨ ਅਤੇ ਸੰਸਾਰ ਦੀ ਦਾਰਸ਼ਨਿਕ ਵਿਆਖਿਆ ਦੇ ਨਿਯਮਾਂ ਦੇ ਸੰਗ੍ਰਹਿ ਜਿਨ੍ਹਾਂ ਨਾਲ ਜੀਵਨ ਦੀ ਅਜਿਹੀ ਸਮਝ ਆਉਂਦੀ ਹੈ ਕਿ ਇਹ ਇਕ ਤਰ੍ਹਾਂ ਸਹਿਣ ਯੋਗ ਜਾਂ ਰਹਿਣ ਯੋਗ ਬਣਦਾ ਹੈ ਆਦਿ ਸਭ ਦਾ ਸਮੂਹ 'ਸੱਭਿਆਚਾਰ' ਹੈ।"

('ਪ੍ਰਿੰਸੀਪਲਜ਼ ਆਫ ਸੋਸ਼ਿਆਲੋਜੀ', ਸੰਪਾਦਤ ਐਲਫਰੈਡ ਮਕਲੁੰਗਲੀ)

ਇਸੇ ਤਰ੍ਹਾਂ ਸੱਭਿਆਚਾਰ, ਧਰਮ, ਸਦਾਚਾਰ, ਦੇਸ਼ ਭਗਤੀ, ਵਫ਼ਾ ਆਦਿ ਸਭ ਉੱਚਤਮ ਲੱਛਣ, ਗੁਣ ਜਾਂ ਸੁਭਾਅ ਮਨੁੱਖ ਨੂੰ ਆਪੇ ਦਾ ਤਿਆਗ ਸਿਖਾਉਂਦੇ ਅਤੇ ਵਿਅਕਤੀ ਦੇ ਟਾਕਰੇ ਉੱਤੇ ਮਨੁੱਖੀ ਜੀਵਨ ਦੀ ਅਤੇ ਮਨੁੱਖੀ ਵਰਤੋਂ-ਵਿਹਾਰ ਦੀ ਉੱਤਮਤਾ ਨੂੰ ਦਰਸਾਉਂਦੇ ਹਨ। ਇਹੀ ਸੱਭਿਆਚਾਰ ਦਾ ਸਰੂਪ ਹੈ। ਇਸੇ ਤੋਂ ਸਲੀਕਾ ਪੈਦਾ ਹੁੰਦਾ ਹੈ, ਇਹੀ ਸਮਾਜਿਕ ਪ੍ਰਬੰਧ ਦੀ ਸੁਰੱਖਿਅਤਾ ਲਈ ਬਲਵਾਨ ਸ਼ਕਤੀ ਹੈ। ਇਹੀ ਗੁਣ ਸੱਭਿਆਚਾਰ ਵਿਚ ਕਈ ਤਰ੍ਹਾਂ ਨਾਲ ਲਿਆਉਣ, ਪਕਾਉਣ, ਨਿਭਾਉਣ, ਸਿਖਾਉਣ, ਫੈਲਾਉਣ ਤੇ ਸਲਾਹੁਣ ਦੇ ਸਾਧਨ ਵਰਤੇ ਤੇ ਲੱਭੇ ਜਾਂਦੇ ਹਨ ਅਤੇ ਇਸੇ ਕਰਕੇ ਸੱਭਿਆਚਾਰ ਸਿਧਾਂਤ ਤੇ ਵਰਤੋਂ ਵਿਚ ਕੀਮਤਾਂ ਦੀ ਪ੍ਰਤੀਤੀ ਹੈ। (ਕਲਚਰ ਐਨ ਇੰਟਰੋਡਕਸ਼ਨ) ਸ਼ਬਦ 'ਪੁਰਸ਼' ਨੂੰ ਦੇਖੀਏ, 'ਪੁਰਸ਼' ਦੇ ਇਕ ਅਰਥ ਸਮਾਜ ਵਿਚ ਰਹਿਣ ਵਾਲਾ ਭੀ ਹੈ ਤੇ ਪੁਰਸ਼ ਦੀ ਸਮਾਜਿਕਤਾ ਚੇਤਨਤਾ ਭਰਪੂਰ ਹੈ। (Culture is in theory and practice a realization of values.) ਇਸੇ ਲਈ ਔਗਬਰਨ ਤੇ ਨਿਮਕਾਫ ਦੀ ਲਿਖੀ ਇਕ ਪੁਸਤਕ ਵਿਚ ਕਲਚਰ ਦਾ ਲੱਛਣ ਕੁੱਜੇ ਵਿਚ ਸਮੁੰਦਰ ਬੰਦ ਕਰਨ ਵਾਂਗ ਏਨਾ ਹੀ ਦੱਸਿਆ ਹੈ- "ਜੋ ਵਰਤਣ ਵਿਹਾਰਨ ਦਾ ਵਤੀਰਾ ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਨੂੰ ਸਿੱਖਣ ਰਾਹੀਂ ਮਿਲਦਾ ਹੈ, ਉਹ ਕਲਚਰ ਕਹਾਉਂਦਾ ਹੈ।" (ਏ ਹੈਂਡ ਬੁੱਕ ਆਫ ਸੋਸ਼ਿਆਲੋਜੀ, ਬਾਈ ਵਿਲੀਅਮ ਐਫ ਔਗਬਰਨ ਐਂਡ ਮੇਅਰ ਐਫ ਨਿਮਕਾਫ਼) ਮੇਰੀ ਜਾਚੇ ਇੰਨੇ ਕੁ ਲੱਛਣ ਲਿਖਣ ਨਾਲ ਗੱਲ ਸਪੱਸ਼ਟ ਹੋ ਗਈ ਹੈ ਕਿ ਸੱਭਿਆਚਾਰ ਦੇ ਅੰਗ ਅਨੇਕਾਂ ਹਨ। ਜਿਵੇਂ ਭਾਸ਼ਾ, ਪਦਾਰਥਕ ਲੱਛਣ, (ਭੋਜਨ, ਵੱਸੋਂ, ਪਹਿਰਾਵਾ, ਭਾਂਡੇ, ਹਥਿਆਰ, ਰੋਜ਼ਗਾਰ) ਕਲਾ, (ਚਿੱਤਰਕਾਰੀ, ਬੁੱਤਕਾਰੀ, ਘਾੜਤ ਵਿੱਦਿਆ, ਰਾਗ, ਨ੍ਰਿਤ, ਸਾਹਿਤ, ਕਵਿਤਾ, ਨਿਰਮਾਣ ਕਲਾ) ਮਿਥਿਹਾਸ ਤੇ ਵਿਗਿਆਨ, ਧਾਰਮਿਕ ਜੀਵਨ, ਰੀਤਾਂ-ਰਸਮਾਂ, ਘਰੇਲੂ ਤੇ ਸਮਾਜਿਕ ਸੰਬੰਧ, ਜਾਇਦਾਦ, ਪੂੰਜੀ ਸਬੰਧੀ ਨਿਯਮ ਤੇ ਵਪਾਰ, ਰਾਜ-ਕਾਜ, ਯੁੱਧ, ਤਰਕ, ਵਿਗਿਆਨ, ਸੁਹਜ-ਸਵਾਦ ਤੇ ਕਾਨੂੰਨ ਆਦਿ।

ਹੁਣ ਅਸੀਂ ਇਸ ਸਥਿਤੀ ਵਿਚ ਹਾਂ ਕਿ ਸਹਿਜ ਸੁਭਾਇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚੋਂ ਅਸੀਂ ਸੱਭਿਆਚਾਰਕ ਪੱਖ ਥਾਂ-ਥਾਂ ਵੇਖ ਸਕਦੇ ਹਾਂ ਅਤੇ ਇਸੇ ਲਈ ਮੈਂ ਆਪ ਦਾ ਸਮਾਂ ਇਹ ਦੱਸਣ ਵਿਚ ਨਹੀਂ ਲਾਉਣਾ ਚਾਹੁੰਦਾ ਕਿ ਗੁਰੂ ਜੀ ਨੇ ਜਾਂ ਭਗਤ ਸਾਹਿਬਾਨ ਨੇ ਆਪਣੀ ਬਾਣੀ ਵਿਚ ਪੰਜਾਬੀ ਸੱਭਿਆਚਾਰ ਦੇ ਪੱਖਾਂ ਦਾ ਕੀ ਵੇਰਵਾ ਦਿੱਤਾ ਹੈ। ਸਗੋਂ ਕੇਵਲ ਉਨ੍ਹਾਂ ਕੀਮਤਾਂ ਦਾ ਜ਼ਿਕਰ ਕਰਨਾ ਚਾਹਾਂਗਾ, ਜਿਨ੍ਹਾਂ ਨੂੰ ਇਨ੍ਹਾਂ ਪੱਖਾਂ ਦੇ ਸੰਬੰਧ ਵਿਚ ਗੁਰੂ ਜੀ ਨੇ ਵਧੇਰੇ ਉਤਸ਼ਾਹਿਤ ਕੀਤਾ। ਆਪ ਨੇ ਸਮਾਜ ਨੂੰ ਤੇ ਸੱਭਿਅਤਾ ਨੂੰ ਹੋਰ ਮਾਂਜ-ਸੁਆਰ ਕੇ ਸੇਧ ਦੇ ਕੇ ਹੋਰ ਉਚੇਰੀਆਂ ਕੀਮਤਾਂ ਪ੍ਰਚਾਰਨੀਆਂ ਸਨ ਅਤੇ ਨਾਲ ਹੀ ਜੋ ਭੁਲੇਖੇ ਅਤੇ ਗਲਤ ਰਾਹ ਉਸ ਵੇਲੇ ਦੀ ਲੋਕਾਈ ਨੇ ਜਾਂ ਉਨ੍ਹਾਂ ਦੇ ਆਗੂਆਂ ਨੇ ਪ੍ਰਚੱਲਤ ਕਰ ਦਿੱਤੇ ਸਨ, ਉਨ੍ਹਾਂ ਤੋਂ ਸਮਾਜ ਨੂੰ ਕੱਢ ਕੇ ਨਵੀਂ ਨਰੋਈ ਤੇ ਉਚੇਰੀ ਸਦਗੁਣ ਭਰਪੂਰ ਜ਼ਿੰਦਗੀ ਦੇਣੀ ਗੁਰੂ ਸਾਹਿਬ ਦਾ ਮਨੋਰਥ, ਮੰਤਵ ਸੀ।

**(ੳ) ਭੂਗੋਲਿਕ ਸਥਿਤੀ:** ਸਮਾਜ ਵਿਗਿਆਨੀ (ਸੋਸ਼ਿਆਲੋਜਿਸਟ) ਸਹਿਮਤ ਹਨ ਕਿ ਦੇਸ਼ ਦੀ ਭੂਗੋਲਿਕ ਸਥਿਤੀ ਦਾ ਸੱਭਿਆਚਾਰ ਉੱਤੇ ਬਹੁਤ ਪ੍ਰਭਾਵ ਹੁੰਦਾ ਹੈ। ਸਿੱਖ ਸੱਭਿਆਚਾਰ ਜਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੱਭਿਆਚਾਰ ਸਮੁੱਚੇ ਤੌਰ ਉੱਤੇ ਪੰਜਾਬ ਦੀ ਉਪਜ ਹੈ, ਭਾਵੇਂ ਸੱਚ ਦੁਨੀਆਂ ਲਈ ਸਾਂਝਾ ਹੁੰਦਾ ਹੈ ਜਿਵੇਂ ਸੂਰਜ, ਚੰਦ ਤੇ ਹੋਰ ਕੁਦਰਤ ਤੇ ਰੱਬ ਦੀਆਂ ਸੁਗਾਤਾਂ। ਗੁਰੂ ਸਾਹਿਬਾਨ ਨੇ ਵੀ ਇਸੇ ਲਈ ਕੁਦਰਤ ਜਾਂ ਭੂਗੋਲਿਕ ਸਥਿਤੀ ਨੂੰ ਜਾਂ ਇਉਂ ਕਹੀਏ ਕਿ

ਵਾਤਾਵਰਨ ਦੇ ਮਨੁੱਖ ਉੱਤੇ ਅਸਰ ਨੂੰ ਬਹੁਤ ਦੂਰ ਤਕ ਮੰਨਿਆ ਹੈ ਅਤੇ ਸਾਫ਼ ਫ਼ਰਮਾਇਆ ਹੈ:

**ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥**
**ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ॥** *(ਪੰਨਾ ੮)*

ਕਹਿਣ ਤੋਂ ਭਾਵ ਇਹ ਹੈ ਕਿ ਮਨੁੱਖ ਇਸ ਧਰਤੀ ਦੀ ਉਪਜ ਹੈ ਤੇ ਇਹ ਨਿਰਾ ਧਰਤੀ ਦਾ ਬੱਚਾ ਹੀ ਨਹੀਂ ਸਗੋਂ ਬੱਚੇ ਵਾਂਗ ਹੀ ਮਾਂ ਦੀ ਮਿੱਟੀ ਦੀ ਮਿੱਟੀ ਹੈ। ਇਹ ਧਰਤੀ ਮਾਤਾ ਹੀ ਇਸ ਨੂੰ ਮਾਵਾਂ ਵਾਂਗ ਪਾਲਦੀ, ਪੋਸਦੀ, ਖਵਾਉਂਦੀ, ਕੰਮ ਲਾਉਂਦੀ, ਇਸ ਦੇ ਵਿਚਾਰਾਂ ਤੇ ਸੋਚਾਂ ਨੂੰ ਸੇਧ ਦਿੰਦੀ ਤੇ ਸਾਹਮਣੇ ਆਉਂਦੀਆਂ ਔਕੜਾਂ ਦਾ ਟਾਕਰਾ ਕਰ ਕੇ ਉਸ ਦੇ ਸਰੀਰ ਨੂੰ ਪਕਾਉਂਦੀ ਤੇ ਬੁੱਧੀ ਨੂੰ ਤੀਖਣ ਕਰਦੀ ਹੈ। ਗੁਰੂ ਜੀ ਨੇ ਥਾਂ-ਥਾਂ ਕੁਦਰਤੀ ਸ਼ਕਤੀਆਂ ਦਾ ਵਰਣਨ ਵਿਸਮਾਦ ਦੇ ਰੰਗ ਵਿਚ ਕੀਤਾ ਹੈ। ਚਾਹੇ ਉਹ ਸ਼ਕਤੀ ਪੌਣ ਦੀ ਹੈ ਚਾਹੇ ਪਾਣੀ ਦੀ, ਚਾਹੇ ਅਗਨੀ ਦੀ ਹੈ ਤੇ ਚਾਹੇ ਚੰਨ ਤਾਰਿਆਂ ਤੇ ਸੂਰਜ ਦੀ। ਆਸਾ ਕੀ ਵਾਰ ਦਾ ਵਿਸਮਾਦ ਵਾਲਾ ਸਲੋਕ ਜਾਂ "ਭੈ ਵਿਚਿ ਪਵਣੁ ਵਹੈ ਸਦਵਾਉ" ਆਦਿ ਪੰਗਤੀਆਂ ਦੱਸਦੀਆਂ ਹਨ ਕਿ ਗੁਰੂ ਸਾਹਿਬਾਨ ਦੇ ਦੱਸੇ ਸੱਭਿਆਚਾਰ ਅਨੁਸਾਰ ਇਨ੍ਹਾਂ ਸ਼ਕਤੀਆਂ ਦੀ ਜਾਂ ਕੁਦਰਤ ਦੀ ਪੂਜਾ ਨਹੀਂ ਕਰਨੀ, ਸਗੋਂ 'ਵੇਖਿ ਵਿਡਾਣੁ ਰਹਿਆ ਵਿਸਮਾਦੁ' ਤਕ ਪੁੱਜ ਕੇ 'ਬਲਿਹਾਰੀ ਕੁਦਰਤਿ ਵਸਿਆ' ਅਤੇ ਜਿਸ ਦੀ ਸ਼ਨਾਖਤ ਕੁਦਰਤਿ ਵਿੱਚੋਂ ਕਰਨੀ ਹੈ, ਉਸ ਤਕ ਪਹੁੰਚਣਾ ਹੈ। ਉਸੇ ਨਾਲ ਪਿਆਰ ਕਰਨਾ ਹੈ, ਇਸੇ ਪਿਆਰ ਵਿੱਚੋਂ ਸਭ ਜੀਆਂ ਦਾ ਪਿਆਰ, ਜੀਅ ਦਇਆ, ਵੰਡ ਕੇ ਛਕਣਾ, ਉਪਜਦਾ ਹੈ। ਇਨ੍ਹਾਂ ਕੁਦਰਤ ਦੀਆਂ ਸ਼ਕਤੀਆਂ ਤੇ ਇਸੇ ਵਾਤਾਵਰਨ ਦੀ ਹੋਰ ਡੂੰਘੀ ਸਮਝ ਸਾਨੂੰ ਕੁਦਰਤ ਦੇ ਕਾਨੂੰਨ ਦੀ ਮਹਾਨਤਾ, ਪਕਿਆਈ ਤੇ ਕਰੜਾਈ ਸਮਝਾ ਸਕਦੀ ਹੈ ਤੇ ਇਸੇ ਤੋਂ ਸਿੱਖੀ ਸੱਭਿਆਚਾਰ ਦਾ ਇਕ ਬਹੁਤ ਉੱਚਾ ਗੁਣ ਸਾਡੇ ਸਾਹਮਣੇ ਆਉਂਦਾ ਹੈ ਜਿਸ ਨੂੰ ਅਸੀਂ 'ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ', 'ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ' ਜਾਂ 'ਤੇਰਾ ਕੀਆ ਮੀਠਾ ਲਾਗੈ' ਜਾਂ 'ਸਤਿਗੁਰ ਕੇ ਭਾਣੈ ਵਿਚਿ ਆਵੈ' ਦੇ ਮਹਾਂਵਾਕਾਂ ਨਾਲ ਰੋਜ਼ ਦ੍ਰਿੜ੍ਹ ਕਰਦੇ ਹਾਂ। ਇਉਂ ਕਹੀਏ ਕਿ ਭਾਣਾ ਮੰਨਣ, ਰਾਜ਼ੀ-ਬ-ਰਜ਼ਾ ਰਹਿਣਾ ਆਪਣੇ ਜੀਵਨ ਨੂੰ ਕੁਦਰਤੀ ਜੀਵਨ ਦੇ ਵੱਧ ਤੋਂ ਵੱਧ ਨੇੜੇ ਰੱਖਣ ਦਾ ਯਤਨ ਕਰਨਾ ਅਤੇ ਇਉਂ ਕੁਦਰਤ ਦੇ ਕਾਦਰ ਨਾਲ ਜੁੜੇ ਰਹਿਣਾ ਅਤੇ ਨਾਲ ਹੀ 'ਸੁਖੁ ਦੁਖੁ ਦੋਨੋ ਸਮ ਕਰਿ ਜਾਨੈ, ਅਉਰੁ ਮਾਨੁ ਅਪਮਾਨਾ' ਦੀ ਅਵਸਥਾ ਤਕ ਪੁਜਣਾ ਆਦਿ ਅਤਿ ਸੁਖ ਦਾਤੇ ਨਿਯਮਾਂ ਦਾ ਸੰਚਾਰ ਸਾਡੇ ਅੰਦਰ ਹੁੰਦਾ ਰਹਿੰਦਾ ਹੈ। ਫਿਰ ਅਸੀਂ ਕੁਝ ਅਜਿਹੇ ਜੀਵਨ ਪੁੱਜਦੇ ਹਾਂ ਜਿਸ ਨੂੰ ਆਖੀਦਾ ਹੈ:

**ਸਹਜ ਸੁਭਾਇ ਹੋਵੈ ਸੋ ਹੋਇ॥ ਕਰਣੈਹਾਰੁ ਪਛਾਣੈ ਸੋਇ॥** *(ਪੰਨਾ ੨੮੨)*

ਕੁਦਰਤਿ, ਪ੍ਰਕਿਰਤੀ ਦੇ ਵਿਸਮਾਦ, ਸੁਖਮਨੀ ਨਿਯਮਾਂ ਨੂੰ ਸਮਝਣਾ ਸਾਇੰਸ ਦਾ ਕਰਤਵ ਭੀ ਹੈ ਤੇ 'ਅਕਲੀ ਪੜ੍ਹਿ ਕੈ ਬੁਝੀਐ ਅਕਲੀ ਕੀਚੈ ਦਾਨੁ' ਭੀ ਕੁਦਰਤ ਨੂੰ ਸਮਝਣ ਵੱਲ ਸੰਕੇਤ ਹੈ।

**(ਅ) ਇਤਿਹਾਸ:** ਸੱਭਿਆਚਾਰ ਦਾ ਦੂਜਾ ਬੜਾ ਵੱਡਾ ਆਧਾਰ ਇਤਿਹਾਸਕ ਪਿਛੋਕੜ ਹੈ। ਇਤਿਹਾਸ ਦੀ ਜਾਣਕਾਰੀ ਜਾਂ ਗਿਆਨ ਨਾ ਹੋਣਾ ਸੱਭਿਆਚਾਰ ਦੀ ਘਾਟ ਹੈ। ਪ੍ਰਿੰ. ਤੇਜਾ ਸਿੰਘ ਜੀ ਦੇ ਲੇਖ ਵਿਚ ਇਸ ਘਾਟ ਨੂੰ ਇਸ਼ਾਰੇ ਮਾਤਰ ਰੜਕਾਇਆ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਸੀਂ ਅਚੰਭੇ ਤੇ ਪ੍ਰਸੰਸਾ ਨਾਲ ਵੇਖਦੇ ਹਾਂ ਕਿ ਗੁਰੂ ਸਾਹਿਬਾਨ ਭਗਤ ਸਾਹਿਬਾਨ ਤੇ ਭੱਟ ਸਾਹਿਬਾਨ ਨੇ ਵੀ ਪੁਰਾਤਨ ਭਾਰਤੀ ਇਤਿਹਾਸ-ਮਿਥਿਹਾਸ ਅਤੇ ਪੁਰਾਣਿਕ ਗਿਆਨ ਨੂੰ ਪਿਛੋਕੜ ਵਿਚ ਰੱਖ ਕੇ ਨਵੇਂ ਨਤੀਜੇ ਕੱਢੇ ਹਨ। ਆਸਾ ਕੀ ਵਾਰ ਵਿਚ ਹੀ ਸਾਰੇ ਯੁੱਗਾਂ ਤੇ ਉਨ੍ਹਾਂ ਦੇ ਮਹਾਨ ਵਿਅਕਤੀਆਂ ਵੱਲ ਸੰਕੇਤ ਸਪੱਸ਼ਟ ਮਿਲਦੇ ਹਨ। ਇਹੋ ਜਿਹੀ ਇਕ ਹੋਰ ਮਿਸਾਲ ਰਾਮਕਲੀ ਵਾਰ ਮ: ੧ ਦਾ ਸਲੋਕ ਹੈ ਜਿਸ ਵਿਚ 'ਰੋਵਹਿ ਪਾਂਡਵ ਭਏ ਮਜੂਰ' ਅਤੇ 'ਅਜੈ ਸੁ ਰੋਵੈ ਭੀਖਿਆ ਖਾਇ' ਆਦਿ ਤੁਕਾਂ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਤਾਂ ਆਪਣੇ ਸਮੇਂ ਦੇ ਇਤਿਹਾਸ ਵੱਲ ਭੀ ਆਪਣੀ ਬਾਣੀ ਵਿਚ ਬਾਬਰ ਦੀ ਉਦਾਹਰਣ ਦੇ ਕੇ ਬੜੇ ਸਪੱਸ਼ਟ ਸੰਕੇਤ ਕੀਤੇ ਹਨ। ਹੈਰਾਨੀ ਹੈ ਕਿ ਉਸ ਵੇਲੇ ਗੁਰੂ ਜੀ ਨੇ ਭਾਰਤ ਵਿਚ ਆਏ ਬਾਰੂਦ ਦੇ ਹਥਿਆਰਾਂ ਦਾ ਵੀ ਵਰਣਨ ਕਰ ਕੇ ਇਕ ਇਤਿਹਾਸਕ ਯਾਦ ਸੰਭਾਲ ਲਈ ਹੈ:

**ਓਨ੍ਹੀ ਤੁਪਕ ਤਾਣਿ ਚਲਾਈ ਓਨ੍ਹੀ ਹਸਤਿ ਚਿੜਾਈ॥** *(ਪੰਨਾ ੪੧੮)*

ਇਤਿਹਾਸ ਦੇ ਪਾਠਕ ਜਾਣਦੇ ਹਨ ਕਿ ਉਸ ਵੇਲੇ ਤਕ ਭਾਰਤੀਆਂ ਦੀਆਂ ਬਹੁਤ ਸਾਰੀਆਂ ਬਦਕਿਸਮਤੀਆਂ ਤੇ ਅਸਫ਼ਲਤਾਵਾਂ ਦਾ ਕਾਰਨ ਉਨ੍ਹਾਂ ਦੇ ਆਪਣੇ ਹਾਥੀ ਹੀ ਹੁੰਦੇ ਸਨ। ਇਤਿਹਾਸ ਦੀ ਇਸ ਘਟਨਾ ਦਾ ਅਸਰ ਮੈਂ ਤਾਂ ਮਾਸਟਰ ਤਾਰਾ ਸਿੰਘ ਜੀ ਦੇ ਵੇਲੇ ਤਕ ਪੰਜਾਬੀਆਂ ਦੇ ਮਨ ਉੱਤੇ ਵੇਖਦਾ ਰਿਹਾ ਹਾਂ। ਮੈਨੂੰ ਯਾਦ ਹੈ, ਜਦੋਂ ਮਾਸਟਰ ਤਾਰਾ ਸਿੰਘ ਜੀ ਦਾ ਇਕ ਜਲੂਸ ਹਾਥੀ ਉੱਤੇ ਨਿਕਲਿਆ, ਕਈ ਲੋਕ ਆਖਦੇ ਸਨ, ਰੱਬ ਖ਼ੈਰ ਕਰੇ! ਇਹ ਤਾਂ ਪ੍ਰਤੱਖ ਹੀ ਹੈ ਕਿ ਬਾਰੂਦ ਵਾਲੀਆਂ ਤੋਪਾਂ ਜਾਂ ਬੰਦੂਕਾਂ ਜਾਂ ਜੰਬੂਰ ਬਾਬਰ ਦੇ ਹੱਲੇ ਨਾਲ ਹੀ ਪਹਿਲੀ ਵਾਰੀ ਭਾਰਤ ਅੰਦਰ ਵਰਤੋਂ ਵਿਚ ਆਏ, ਹਥਿਆਰ ਹਨ। ਗੁਰੂ ਜੀ ਨੇ ਭਾਰਤ ਦੇ ਬਹੁਤ ਸਾਰੇ ਹਥਿਆਰ ਅਤੇ ਉਸ ਦੇ ਨਤੀਜੇ ਨੂੰ ਇਹ ਕਹਿ ਕੇ ਬੰਨ੍ਹ ਦਿੱਤਾ ਹੈ:

**ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥**
**ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥** *(ਪੰਨਾ ੧੪੫)*

ਅਤੇ ਇਸੇ ਤਰ੍ਹਾਂ:

**ਰਾਜੇ ਸੀਹ ਮੁਕਦਮ ਕੁਤੇ॥ ਜਾਇ ਜਗਾਇਨਿ੍ ਬੈਠੇ ਸੁਤੇ॥**
**ਚਾਕਰ ਨਹਦਾ ਪਾਇਨਿ੍ ਘਾਉ॥ ਰਤੁ ਪਿਤੁ ਕੁਤਿਹੋ ਚਟਿ ਜਾਹੁ॥** *(ਪੰਨਾ ੧੨੮੮)*

ਦੀਆਂ ਤੁਕਾਂ ਦਾ ਵਿਸਥਾਰ ਹੀ ਗੁਰੂ ਸਾਹਿਬ ਤੋਂ ਪਹਿਲਾਂ ਦੀਆਂ ਸੱਤ-ਅੱਠ ਸਦੀਆਂ ਦਾ ਇਤਿਹਾਸ ਹੈ। ਗੁਰੂ ਜੀ ਨੇ ਜੋ ਇਸ ਦਾ ਸੱਭਿਆਚਾਰਕ ਪੱਖ ਲਿਆ, ਉਹ ਸਪੱਸ਼ਟ ਹੈ ਕਿ:

**ਜਿਸ ਨੋ ਆਪਿ ਖੁਆਏ ਕਰਤਾ ਖੁਸਿ ਲਏ ਚੰਗਿਆਈ॥** *(ਪੰਨਾ ੪੧੭)*

ਅਤੇ ਸਮਾਜ ਦਾ ਇਕ ਹੋਰ ਸਮੁੱਚਾ ਚਿੱਤਰ ਇਉਂ ਹੈ:

**ਨਾਉ ਫਕੀਰੈ ਪਾਤਿਸਾਹੁ ਮੂਰਖ ਪੰਡਿਤੁ ਨਾਉ॥**
**ਅੰਧੇ ਕਾ ਨਾਉ ਪਾਰਖੂ ਏਵੈ ਕਰੇ ਗੁਆਉ॥**
**ਇਲਤਿ ਕਾ ਨਾਉ ਚਉਧਰੀ ਕੂੜੀ ਪੂਰੇ ਥਾਉ॥** *(ਪੰਨਾ ੧੨੮੮)*

ਇਨ੍ਹਾਂ ਬਚਨਾਂ ਰਾਹੀਂ ਅਤੇ ਇਸ ਤਰ੍ਹਾਂ ਮਾਝ ਰਾਗ ਦੀ ਵਾਰ ਵਿਚ ਤੇ ਆਸਾ ਕੀ ਵਾਰ ਵਿਚ ਸੱਚੇ ਪਾਤਸ਼ਾਹ ਜੀ ਨੇ ਆਪਣੇ ਸਮੇਂ ਦੀ ਤੇ ਉਸ ਤੋਂ ਪਹਿਲਾਂ ਦੀ ਸਮਾਜਿਕ, ਧਾਰਮਿਕ, ਵਿਵਹਾਰਕ, ਜੀਵਨ ਦੀ ਦੁਰਦਸ਼ਾ ਦਾ ਬਹੁਤ ਹੀ ਸੰਪੂਰਨ ਚਿੱਤਰ ਸਾਡੇ ਸਾਹਮਣੇ ਰੱਖ ਦਿੱਤਾ ਹੈ। ਜਿਹਾ ਕਿ 'ਗਊ ਬਿਰਾਹਮਣ ਕਉ ਕਰੁ ਲਾਵਹੁ' ਵਾਲੇ ਸਲੋਕ ਵਿਚ ਅਤੇ ਹੋਰ ਅਨੇਕਾਂ ਸਲੋਕਾਂ ਤੇ ਸ਼ਬਦਾਂ ਵਿਚ। ਇਸੇ ਤਰ੍ਹਾਂ ਭਾਈ ਗੁਰਦਾਸ ਜੀ ਨੇ ਅਨੇਕਾਂ ਤੁਕਾਂ ਵਿਚ ਵਰਤਮਾਨ ਤੇ ਪੁਰਾਤਨ ਇਤਿਹਾਸ ਦਾ ਵਰਣਨ, ਨਤੀਜੇ ਅਤੇ ਸਿੱਖਿਆ ਅੰਕਿਤ ਕਰ ਦਿੱਤੀ ਹੈ। ਇਹ ਕਹਿਣ ਦੀ ਤਾਂ ਲੋੜ ਹੀ ਨਹੀਂ ਕਿ ਇਸ ਭਾਰਤ ਨੇ ਗੁਰੂ ਜੀ ਤੋਂ ਪਹਿਲਾਂ ਹੀ ਸਿਥੀਅਨ, ਕੁਸ਼ਾਨ, ਹਿਊਨ ਆਦਿ ਕੌਮਾਂ ਨਾਲ ਪੰਜਾਬ ਵਿਚ ਹੀ ਲੋਹਾ ਲਿਆ ਅਤੇ ਪੰਜਾਬ ਨੇ ਹੀ ਸਭ ਤੋਂ ਵੱਧ ਕਸ਼ਟ ਸਹਾਰੇ ਸਨ। ਮਹਿਮੂਦ ਗਜ਼ਨਵੀ ਦੇ ਹਮਲੇ ਹੋਰ ਕਿਸੇ ਵੀ ਪ੍ਰਾਂਤ ਨਾਲੋਂ ਪੰਜਾਬ ਲਈ ਵਧੇਰੇ ਦੁੱਖ ਦਾ ਕਾਰਨ ਬਣੇ ਸਨ। ਗਜ਼ਨੀ ਤੋਂ ਪਿੱਛੋਂ ਸ਼ਹਾਬੁਦੀਨ ਗੌਰੀ, ਤੈਮੂਰ, ਬਾਬਰ ਤੇ ਅਹਿਮਦ ਸ਼ਾਹ ਅਬਦਾਲੀ ਤਕ ਇਹ ਲੜੀ ਇਸੇ ਤਰ੍ਹਾਂ ਚੱਲਦੀ ਰਹੀ। ਅਸਾਂ ਇਤਿਹਾਸ ਦਾ ਜ਼ਿਕਰ ਇਸ ਵਾਸਤੇ ਕੀਤਾ ਹੈ ਕਿ ਗੁਰਬਾਣੀ ਵਿਚ ਵਰਤੀ ਗਈ ਭਾਸ਼ਾ ਵਿਚ ਪੰਜਾਬ ਦੇ ਸਿੱਖਾਂ ਤੇ ਪੰਜਾਬੀਆਂ ਦੇ ਭੋਜਨ, ਪਹਿਰਾਵੇ, ਕਲਾ, ਜੀਵਨ ਅਤੇ ਹੋਰ ਅਨੇਕਾਂ ਪੱਖਾਂ ਵਿਚ ਵੱਖ-ਵੱਖ ਸੰਸਕ੍ਰਿਤੀਆਂ ਦੀ ਸੰਧੀ ਹੋਈ ਹੋਈ ਹੈ। ਇਸੇ ਤਰ੍ਹਾਂ ਹੀ ਇਥੇ ਅਨੇਕ ਨਸਲਾਂ, ਵੰਸ਼ਾਂ ਜਾਂ ਕੁਲਾਂ ਦਾ ਮਿਲਗੋਭਾ ਹੈ। ਗਿਆਨ ਦਾ ਸੋਮਾ ਟੈਕਸਲਾ ਯੂਨੀਵਰਸਿਟੀ, ਹੜੱਪਾ ਤੇ ਰੋਪੜ ਆਦਿ ਦੀ ਕਲਾ, ਕੁਰੂਕਸ਼ੇਤਰ ਵਰਗੀ ਥਾਂ ਜੋ ਮਹਾਨ ਯੁੱਧ ਦਾ ਮੈਦਾਨ ਬਣਿਆ ਅਤੇ ਰਾਜਾ ਪੋਰਸ ਤੇ ਸਿਕੰਦਰ ਆਦਿ ਦੀਆਂ ਲੜਾਈਆਂ ਦਾ ਕੇਂਦਰ ਇਹੋ ਸਾਡਾ ਪੰਜਾਬ ਜਾਂ ਸਾਡਾ ਸਿੱਖੀ ਦਾ ਕੇਂਦਰ ਤੇ ਸੋਮਾ ਹੈ। ਉਹ ਪਵਿੱਤਰ ਧਰਤੀ ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਤੇ ਸਾਰੀ ਦੀ ਸਾਰੀ ਸੰਪਾਦਨਾ ਹੋਈ, ਪੰਜਾਬ ਦੀ ਹੈ। ਇਸ ਨੂੰ ਦਸ ਗੁਰੂ ਸਾਹਿਬਾਨ ਤੇ ਅਨੇਕ ਸ਼ਹੀਦ ਸਿੰਘਾਂ ਨੇ ਪਵਿੱਤਰ ਕੀਤਾ ਤੇ ਉਨ੍ਹਾਂ ਤੋਂ ਇਥੋਂ ਦੀ ਲੋਕਾਈ ਨੇ ਪ੍ਰੇਰਨਾ ਲਈ।

**(ੲ) ਭਾਸ਼ਾ ਤੇ ਲਿੱਪੀ:** ਸੱਭਿਆਚਾਰ ਦਾ ਇਕ ਹੋਰ ਵੱਡਾ ਪੱਖ ਭਾਸ਼ਾ ਹੁੰਦੀ ਹੈ। ਭਾਸ਼ਾ ਨੂੰ ਪ੍ਰੇਮ ਕਰਨਾ, ਉੱਨਤ ਕਰਨਾ, ਆਪਣੀ ਭਾਸ਼ਾ ਵਿਚ ਰਚਨਾ ਕਰਨੀ ਅਤੇ ਆਪਣੀ ਭਾਸ਼ਾ ਵਿਚ ਗੱਲਬਾਤ ਕਰਨੀ, ਸੱਭਿਆਚਾਰ ਦਾ ਇਕ ਵੱਡਾ ਅੰਗ ਹੈ। ਭਾਸ਼ਾ ਵਿਗਿਆਨੀ ਤਾਂ ਇਥੋਂ ਤਕ ਪੁੱਜਦੇ ਹਨ ਕਿ ਕਿਸੇ ਦੇਸ਼ ਦੇ ਕਲਚਰ ਜਾਂ ਸੱਭਿਆਚਾਰ ਦਾ ਅਤੇ ਇਸੇ ਤਰ੍ਹਾਂ ਧਰਮ ਦੀ ਉੱਨਤੀ ਦਾ ਅਨੁਮਾਨ ਉਸ ਦੀ ਭਾਸ਼ਾ ਦੀ ਉੱਨਤੀ ਤੋਂ ਲਾਇਆ ਜਾ ਸਕਦਾ ਹੈ। ਜਿਵੇਂ ਮਹਾਤਮਾ ਬੁੱਧ ਨੇ ਸੰਸਕ੍ਰਿਤ ਤੋਂ ਪੱਲਾ ਛੁਡਾ ਕੇ ਲੋਕਾਂ ਦੀ ਬੋਲੀ, ਜਿਸ ਨੂੰ ਪਾਲੀ ਜਾਂ ਪ੍ਰਾਕ੍ਰਿਤ ਵੀ ਆਖਦੇ ਹਨ, ਵਿਚ ਆਪਣਾ ਪ੍ਰਚਾਰ ਕਰ ਕੇ ਇਕ ਸਿਧਾਂਤ ਦ੍ਰਿੜ੍ਹ ਕਰਾ ਦਿੱਤਾ ਕਿ ਜਿਸ ਭਾਸ਼ਾ ਵਿਚ ਚੰਗੀਆਂ ਗੱਲਾਂ ਲਿਖੀਆਂ ਜਾਂ ਬੋਲੀਆਂ ਜਾਣ, ਉਹੀ ਚੰਗੀ ਹੈ। ਨਾਲ ਹੀ ਇਹ ਭੀ ਸਿਖਾਇਆ ਕਿ ਜਿਨ੍ਹਾਂ ਵਾਸਤੇ ਤੁਸੀਂ ਲਿਖ ਜਾਂ ਬੋਲ ਰਹੇ ਹੋ, ਉਨ੍ਹਾਂ ਦੀ ਸਮਝ ਵਿਚ ਆਉਣ ਵਾਲੀ ਅਤੇ ਉਨ੍ਹਾਂ ਦੇ ਪੱਧਰ ਦੀ ਭਾਸ਼ਾ ਵਿਚ ਗੱਲ ਕਰੋ। ਇਹੋ ਗੱਲ ਗੁਰਬਾਣੀ ਵਿਚ ਹੋਈ ਹੈ। ਪੰਜਾਬੀ ਭਾਸ਼ਾ ਦਾ ਇਤਿਹਾਸ ਅਤੇ ਪੰਜਾਬੀ ਸਾਹਿਤ ਦਾ ਇਤਿਹਾਸ ਤਾਂ ਸ਼ੁਰੂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਤੋਂ ਹੁੰਦੇ ਹਨ। ਅੱਜ ਤਕ, ਪੰਜਾਬੀ ਰਚਨਾ ਦਾ ਜੋ ਪੁਰਾਣੇ ਤੋਂ ਪੁਰਾਣਾ ਨਮੂਨਾ ਅਤੇ ਅੱਜ ਸਮਝ ਆਉਣ ਵਾਲੀ ਭਾਸ਼ਾ ਦਾ ਜੋ ਨਮੂਨਾ ਸਾਨੂੰ ਮਿਲਦਾ ਹੈ, ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਈ ਬਾਬਾ ਫਰੀਦ ਜੀ ਦੀ ਬਾਣੀ ਹੈ। ਗੁਰੂ ਸਾਹਿਬਾਨ ਨੇ ਵੀ ਜਿੱਥੇ ਪੰਜਾਬ ਵਿਚ ਪ੍ਰਚਾਰ ਕਰਦਿਆਂ ਪੰਜਾਬੀ ਵਿਚ ਰਚਨਾ ਕੀਤੀ, ਪਰ ਆਪ ਨੇ ਸਹਿਸਕ੍ਰਿਤੀ, ਗਾਥਾ, ਤਿਲੰਗੀ (ਫਰੰਟੀਅਰ ਦੀ) ਭੀ ਵਰਤੋਂ ਵਿਚ ਲਿਆਂਦੀ ਅਤੇ ਇਸੇ ਤਰ੍ਹਾਂ ਫ਼ਾਰਸੀ ਭੀ। ਭਗਤ ਸਾਹਿਬਾਨ ਦੀ ਬਾਣੀ ਵਿਚ ਭਗਤ ਜੈ ਦੇਵ ਜੀ ਦੀ ਬੋਲੀ ਵਿਚ ਸੰਸਕ੍ਰਿਤ ਅਤੇ ਭਗਤ ਨਾਮਦੇਵ ਜੀ ਦੀ ਬੋਲੀ ਵਿਚ ਮਰਾਠੀ ਅਤੇ ਇਸੇ ਤਰ੍ਹਾਂ ਭਗਤ ਕਬੀਰ ਜੀ ਤੇ ਹੋਰ ਬਾਕੀ ਭਗਤ ਸਾਹਿਬਾਨ ਦੀ ਬੋਲੀ ਵਿਚ ਪੂਰਬੀ ਬੋਲੀ ਆਦਿ ਦੇ ਪ੍ਰਭਾਵ ਸਪੱਸ਼ਟ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਹਿਤਕ, ਭਾਸ਼ਾਈ ਅਤੇ ਇਸੇ ਤਰ੍ਹਾਂ ਸਦਾਚਾਰਕ, ਸਮਾਜਿਕ ਤੇ ਇਤਿਹਾਸਕ ਦੇਣ ਵਡਮੁੱਲੀ ਹੈ। ਅਸੀਂ ਮਾਣ ਨਾਲ ਕਹਿ ਸਕਦੇ ਹਾਂ ਕਿ ਪੁਰਾਤਨ ਪੰਜਾਬੀ ਦੀਆਂ ਕਈ ਇਕ ਉਪਭਾਖਾਵਾਂ ਦੇ ਸ਼ਬਦ, ਅਨੇਕਾਂ ਅਖਾਣ ਤੇ ਅਖੌਤਾਂ ਅਤੇ ਪੁਰਾਤਨ ਪੰਜਾਬੀ ਦਾ ਪੂਰਨ ਸ਼ਬਦ-ਭੰਡਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹੈ। ਇਹ ਗੱਲ ਹੋਰ ਭੀ ਕੀਮਤੀ ਬਣ ਜਾਂਦੀ ਹੈ ਜਦ ਅਸੀਂ ਇਹ ਦੇਖਦੇ ਹਾਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਪੰਜਾਬੀ ਛੰਦਾ-ਬੰਦੀ (ਪਿੰਗਲ ਜਾਂ ਅਰੂਜ਼) ਪੰਜਾਬੀ ਅਲੰਕਾਰਾਂ ਅਤੇ ਹੋਰ ਅਨੇਕਾਂ ਹੀ ਸਾਹਿਤਕ ਗੁਣਾਂ ਦਾ ਭੰਡਾਰ ਅਤੇ ਪ੍ਰੇਰਿਕ ਸੋਮਾ ਹੈ। ਸਤਿਕਾਰ ਨਾਲ ਸਿਰ ਨੀਵਾਂ ਹੁੰਦਾ ਹੈ ਕਿ ਸੱਚੇ ਪਾਤਸ਼ਾਹ ਨੇ ਅਧਿਆਤਮਕਤਾ ਦਾ ਪ੍ਰਚਾਰ ਕਰਦਿਆਂ ਨਾਲ ਭਾਰਤੀ ਸੱਭਿਆਚਾਰ ਤੇ ਪੰਜਾਬੀ ਕਲਚਰ ਜਾਂ ਸਮੁੱਚੀ ਭਾਂਤ ਸੱਭਿਆਚਾਰ ਦੀ ਏਨੀ ਸਾਂਭ ਕਰ ਲਈ ਹੈ, ਨਹੀਂ ਤਾਂ ਉਹ ਸਮੇਂ ਹੋਰ ਹੀ ਤਰ੍ਹਾਂ ਦੇ ਸਨ ਤੇ ਪਤਾ ਨਹੀਂ ਅਸੀਂ ਕਿੰਨਾ ਕੁਝ ਗਵਾ ਚੁੱਕੇ ਹਾਂ ਜਿਹੜਾ ਲੱਭਣਾ ਹੁਣ ਅਸੰਭਵ ਨਹੀਂ ਤਾਂ ਕਠਿਨ ਜ਼ਰੂਰ ਹੋ ਚੁਕਾ ਹੈ। ਪੰਜਾਬ ਉੱਤੇ ਤਾਂ ਇਹ ਗੱਲ ਹੋਰ ਭੀ ਵਧੇਰੇ ਢੁੱਕਦੀ ਹੈ ਇਥੇ ਹੀ ਕਹਿ ਦੇਈਏ ਕਿ ਭਾਸ਼ਾ ਦੀ ਲਿੱਪੀ ਵੀ ਸੱਭਿਆਚਾਰ ਦਾ ਇਕ ਜ਼ਰੂਰੀ ਅੰਗ ਹੈ। ਇਹ ਗੁਰਮੁਖੀ ਲਿੱਪੀ ਕਿਸ ਬਣਾਈ, ਕਦੋਂ ਬਣਾਈ, ਇਸ ਬਹਿਸ ਵਿਚ ਨਾ ਵੀ ਪਈਏ ਤਾਂ ਭੀ ਇਸ ਸੰਬੰਧੀ ਤਾਂ ਕੋਈ ਦੋ ਰਾਵਾਂ ਹੋ ਹੀ ਨਹੀਂ ਸਕਦੀਆਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਮੁਖੀ ਲਿੱਪੀ ਵਿਚ ਲਿਖਵਾ ਕੇ ਸੱਚੇ ਪਾਤਸ਼ਾਹ ਜੀ ਨੇ ਪੰਜਾਬੀ ਲਿੱਪੀ ਦਾ ਜਨਮ ਸੁਆਰ ਦਿੱਤਾ ਹੈ ਤੇ ਇਸ ਨੂੰ ਸਦਾ ਲਈ ਅਮਰ ਕਰ ਦਿੱਤਾ ਹੈ। ਅੱਜ ਦੀ ਪੰਜਾਬੀ ਸਾਹਿਤ ਤੇ ਭਾਸ਼ਾ ਦੀ ਉੱਨਤੀ ਦੀ ਲਹਿਰ ਦਾ ਸੋਮਾ, ਨੀਂਹ, ਕਾਰਨ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ ਤੇ ਇਸੇ ਦਾ ਆਸਰਾ ਲੈ ਕੇ ਹੋਰ ਉਸਾਰੀ ਹੋ ਸਕਦੀ ਹੈ। ਨੀਚਹੁੰ ਊਚ ਕਰਨ ਵਾਲੇ ਮੇਰੇ ਗੋਬਿੰਦ ਦਾ ਇਹ ਵੀ ਇਕ ਕ੍ਰਿਸ਼ਮਾ ਹੈ ਕਿ ਜਿਸ ਭਾਸ਼ਾ ਤੇ ਲਿੱਪੀ ਨੂੰ ਕੋਈ ਜਾਣਦਾ ਨਹੀਂ ਸੀ, ਗੁਰੂ ਜੀ ਦੇ ਕਿਰਪਾ-ਕਟਾਖਸ਼ ਨਾਲ ਅੱਜ ਉਹ ਚਹੁੰ ਕੁੰਟੀਂ ਨਹੀਂ ਤਾਂ ਦੇਸੀਂ-ਪ੍ਰਦੇਸੀਂ ਜ਼ਰੂਰ ਪਹੁੰਚ ਚੁਕੀ ਹੈ। ਅਫਰੀਕਾ, ਅਮਰੀਕਾ, ਇੰਗਲੈਂਡ ਤੇ ਮਲਾਇਆ ਅਤੇ ਹਿੰਦੁਸਤਾਨ ਦੇ ਲੱਗਭਗ ਸਾਰੇ ਹੀ ਪ੍ਰਾਂਤਾਂ ਵਿਚ ਪੰਜਾਬੀ ਦੀਆਂ ਪੁਸਤਕਾਂ ਤੇ ਅਖ਼ਬਾਰ ਪੰਜਾਬੀ ਲਿੱਪੀ ਵਿਚ ਛਾਪੇ ਅਤੇ ਪੜ੍ਹੇ-ਸੁਣੇ ਜਾਂਦੇ ਹਨ।

**(ਸ) ਕੁੱਲੀ, ਗੁੱਲੀ, ਜੁੱਲੀ:** ਸਾਡਾ ਭਾਵ ਨਿੱਤ ਦੇ ਦੈਨਿਕ ਜੀਵਨ ਤੋਂ ਹੈ। ਇਹ ਤਾਂ ਸਾਫ ਦਿੱਸਦਾ ਹੈ ਕਿ ਗੁਰਬਾਣੀ

ਵਿੱਚੋਂ ਉਸ ਵੇਲੇ ਦੇ ਪ੍ਰਚੱਲਤ ਭੋਜਨਾਂ (ਗਰੀ ਛੁਹਾਰੇ ਖਾਂਦੀਆਂ, ਖਿੱਚੜੀ, ਮਾਖਿਓਂ ਮਾਝਾ ਦੁੱਧ, ਰੋਟੀਆਂ, ਦਾਲ ਸੀਧਾ ਘਿਓ, ਸ਼ਕਰ ਖੰਡ ਨਿਵਾਤ ਗੁੜ, ਖੀਰ, ਚਨੇ), ਪਹਿਰਾਵਾ (ਚੋਲਾ, ਕਾਲੇ ਮੈਂਡੇ ਕੱਪੜੇ, ਮੈਂ ਭੁਲਾਵਾ ਪੱਗ ਦਾ, ਪਾਣਾ, ਧੋਤੀ ਤੜਾਗੀ, ਖਿੰਥਾ, ਨਿਹਾਲੀ, ਪਟ (ਰੇਸ਼ਮ), ਅਤੇ ਇਸੇ ਤਰ੍ਹਾਂ ਗਹਿਣਿਆਂ, ਭਾਂਡਿਆਂ, ਸ਼ਸਤਰਾਂ, ਉਦਯੋਗ ਤੇ ਧੰਦਿਆਂ ਆਦਿ ਦਾ ਵਰਣਨ ਆਉਂਦਾ ਹੈ। ਹਾਰ-ਸ਼ਿੰਗਾਰ ਵੀ ਦੱਸੇ ਗਏ ਹਨ। ਹਾਰ, ਕਜਰ, ਬਸਤ੍ਰ, ਅਨਿਕ ਸੀਗਾਰ ਰੇ ਆਦਿ ਬਹੁਤ ਸਾਰੀਆਂ ਗੱਲਾਂ ਇਸ਼ਾਰੇ-ਮਾਤਰ ਹੀ ਜਾਂ ਮਿਸਾਲਾਂ ਦੇ ਰੂਪ ਵਿਚ ਆਈਆਂ ਹਨ। ਸੁਆਲ ਤਾਂ ਇਹ ਹੈ ਕਿ ਗੁਰਬਾਣੀ ਦਾ ਸੱਭਿਆਚਾਰ ਇਨ੍ਹਾਂ ਸਾਰਿਆਂ ਸੰਬੰਧੀ ਕੀ ਕਹਿੰਦਾ ਹੈ। ਇਸ ਦਾ ਜਵਾਬ ਬੜਾ ਸਿੱਧਾ ਹੈ:

**ਬਾਬਾ ਹੋਰੁ ਖਾਣਾ ਖੁਸੀ ਖੁਆਰੁ॥**
**ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥...**
**ਸੋ ਕਿਉ ਮਨਹੁ ਵਿਸਾਰੀਐ ਜਾ ਕੇ ਜੀਅ ਪਰਾਣ॥**
**ਤਿਸੁ ਵਿਣੁ ਸਭੁ ਅਪਵਿਤ੍ਰੁ ਹੈ ਜੇਤਾ ਪੈਨਣੁ ਖਾਣੁ॥...**
**ਬਾਬਾ ਹੋਰੁ ਪੈਨਣੁ ਖੁਸੀ ਖੁਆਰੁ॥**
**ਜਿਤੁ ਪੈਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥** *(ਪੰਨਾ ੧੬)*

ਫੈਸ਼ਨ ਦਾ ਜਵਾਬ ਭੀ ਇਹੋ ਹੈ:

**- ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕੁ ਸੰਬਾਹਿ॥** *(ਪੰਨਾ ੪੭੨)*
**- ਓਨ੍ਹੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ॥** *(ਪੰਨਾ ੪੬੭)*
**- ਫਿਟੁ ਇਵੇਹਾ ਜੀਵਿਆ ਜਿਤੁ ਖਾਇ ਵਧਾਇਆ ਪੇਟੁ॥** *(ਪੰਨਾ ੭੯੦)*
**- ਬਹੁ ਸਾਦਹੁ ਦੂਖੁ ਪਰਾਪਤਿ ਹੋਵੈ॥** *(ਪੰਨਾ ੧੦੩੪)*
**- ਖਾਇਆ ਮੈਲੁ ਵਧਾਇਆ ਪੈਧੈ ਘਰ ਕੀ ਹਾਣਿ॥** *(ਪੰਨਾ ੧੩੩੧)*

ਮੁੱਕਦੀ ਗੱਲ, ਸਾਡਾ ਖਾਣ, ਪੀਣ, ਪਹਿਰਨ ਭੀ ਕੁਦਰਤੀ ਜਿਹਾ ਅਤੇ ਸਾਡੇ ਵਾਤਾਵਰਨ, ਰੁੱਤ ਅਤੇ ਹਾਲਤ ਅਨੁਸਾਰ ਹੋਣਾ ਚਾਹੀਦਾ ਹੈ, ਜਿਸ ਤੋਂ ਮਨ ਵਿਚ ਵਿਕਾਰ ਤੇ ਤਨ ਵਿਚ ਰੋਗ ਨਾ ਪੈਦਾ ਹੋਵੇ ਅਤੇ ਜੇਬ ਨੂੰ ਵੀ ਘਰ ਕੀ ਹਾਣ ਤਕ ਨਾ ਪਹੁੰਚਣਾ ਪਵੇ। ਹਾਂ, ਇਤਿਹਾਸ ਤੋਂ ਪਤਾ ਲੱਗਦਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਵੱਖੋ-ਵੱਖਰੀਆਂ ਉਦਾਸੀਆਂ ਵੇਲੇ ਵੱਖ-ਵੱਖ ਤਰ੍ਹਾਂ ਦੇ ਲਿਬਾਸ ਪਹਿਨ ਲੈਂਦੇ ਹਨ। ਇਸ ਤੋਂ ਸਪੱਸ਼ਟ ਹੈ ਕਿ ਕਿਸੇ ਲਿਬਾਸ ਲਈ ਵੀ ਕੋਈ ਮਨਾਹੀ ਨਹੀਂ, ਬਸ ਇੱਕੋ ਗੱਲ ਹੈ ਕਿ ਉਹ ਪਹਿਰਨ ਜਾਂ ਖੁਰਾਕ, ਭੋਜਨ ਸਾਡੀ ਹੈਸੀਅਤ ਮੁਤਾਬਕ ਅਤੇ ਸਾਡੀ ਸਥਿਤੀ ਦੇ ਅਨੁਸਾਰ ਹੋਣੇ ਚਾਹੀਦੇ ਹਨ। ਕੁੱਲੀ ਜਾਂ ਰਿਹਾਇਸ਼ ਜਾਂ ਘਰਾਂ ਆਦਿ ਸੰਬੰਧੀ ਭੀ ਗੁਰਬਾਣੀ ਦਾ ਸੱਭਿਆਚਾਰ ਨਾ ਮਹਿਲਾਂ ਵਿਚ ਰਹਿਣੋਂ ਮਨ੍ਹਾਂ ਕਰਦਾ ਹੈ ਨਾ ਸਰਾਵਾਂ ਵਿਚ, ਨਾ ਮੰਡਪਾਂ-ਮਾੜੀਆਂ ਨੂੰ ਨਿੰਦਦਾ ਹੈ ਤੇ ਨਾ ਟੁੱਟੀ ਝੌਂਪੜੀ ਨੂੰ ਬੁਰਾ ਕਹਿੰਦਾ ਹੈ। ਗੱਲ ਫਿਰ 'ਸਹਿਜ ਸੁਭਾਇ ਹੋਵੈ ਸੋ ਹੋਇ' 'ਪੁਰ ਆਉਂਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਕ ਪਾਸੇ ਇਹ ਭੀ ਲਿਖਿਆ ਹੈ, 'ਕੋਠੇ ਮੰਡਪ ਮਾੜੀਆ ਉਸਾਰੇਦੇ ਭੀ ਗਏ- ਕੂੜਾ ਸਉਦਾ ਕਰਿ ਗਏ ਗੋਰੀ ਆਇ ਪਏ॥' ਪਰ ਨਾਲ ਹੀ ਫ਼ਰਮਾਇਆ ਹੈ:

**- ਮਹਲਾ ਅੰਦਰਿ ਹੋਦੀਆ ਹੁਣਿ ਬਹਣਿ ਨ ਮਿਲਨ੍ਹਿ ਹਦੂਰਿ॥** *(ਪੰਨਾ ੪੧੭)*
**-ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ॥**
**ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ॥** *(ਪੰਨਾ ੧੪)*

ਤੇ ਉਸ ਵਿਚ ਸਾਮਾਨ:

**ਧਰਤੀ ਤ ਹੀਰੇ ਲਾਲ ਜੜਤੀ ਪਲਘਿ ਲਾਲ ਜੜਾਉ॥** *(ਪੰਨਾ ੧੪)*

ਪਰ ਗੁਰੂ ਜੀ ਦਾ ਭਾਵ ਇਹ ਨਹੀਂ ਕਿ ਇਨ੍ਹਾਂ ਨੂੰ ਛੱਡ ਕੇ ਜੰਗਲਾਂ ਦਾ ਵਾਸਾ ਕਰੋ, ਸਗੋਂ ਉਨ੍ਹਾਂ ਨੇ ਤਾਂ ਇਹ

ਸਿਖਾਇਆ ਹੈ ਕਿ :

**ਜਿਥੈ ਰਖਹਿ ਬੈਕੁੰਠੁ ਤਿਥਾਈ ਤੂੰ ਸਭਨਾ ਕੇ ਪ੍ਰਤਿਪਾਲਾ ਜੀਉ॥** *(ਪੰਨਾ ੧੦੬)*

ਇਹ ਭੀ ਸਾਫ ਸਮਝਾਇਆ ਹੈ ਕਿ:

**- ਬਸਤਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ॥**
**ਜਾਤਿ ਨ ਪਤਿ ਨ ਆਦਰੋ ਉਦਿਆਨ ਭ੍ਰਮਿੰਨਾ॥**
**ਮਿਤ੍ਰ ਨ ਇਠ ਧਨ ਰੂਪਹੀਣ ਕਿਛੁ ਸਾਕੁ ਨ ਸਿੰਨਾ॥**
**ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ॥**

*(ਪੰਨਾ ੭੦੭)*

**-ਤਿਨ ਕਾ ਖਾਧਾ ਪੈਧਾ ਮਾਇਆ ਸਭੁ ਪਵਿਤੁ ਹੈ ਜੋ ਨਾਮਿ ਹਰਿ ਰਾਤੇ॥**
**ਤਿਨ ਕੇ ਘਰ ਮੰਦਰ ਮਹਲ ਸਰਾਈ ਸਭਿ ਪਵਿਤੁ ਹਹਿ**
**ਜਿਨੀ ਗੁਰਮੁਖਿ ਸੇਵਕ ਸਿਖ ਅਭਿਆਗਤ ਜਾਇ ਵਰਸਾਤੇ॥**
**ਤਿਨ ਕੇ ਤੁਰੇ ਜੀਨ ਖੁਰਗੀਰ ਸਭਿ ਪਵਿਤੁ ਹਹਿ**
**ਜਿਨੀ ਗੁਰਮੁਖਿ ਸਿਖ ਸਾਧ ਸੰਤ ਚੜਿ ਜਾਤੇ॥** *(ਪੰਨਾ ੬੪੮)*

ਮੁੱਕਦੀ ਗੱਲ ਇਹ ਹੈ ਕਿ ਰੁੱਖਾਂ ਥੱਲੇ ਰਹੀਏ ਜਾਂ ਛੱਪਰ ਪਾ ਕੇ ਵੱਸੀਏ ਗੁਰੂ ਦੀ ਕਿਰਪਾ ਨਾਲ ਸੁਖ ਭਰੇ ਮੰਦਰਾਂ ਵਿਚ ਮਹਿਲਾਂ, ਮਾੜੀਆਂ ਵਿਚ ਨਿਵਾਸ ਮਿਲੇ, ਪਿੰਡ ਹੋਵੇ ਜਾਂ ਸ਼ਹਿਰ, ਦਰਿਆ ਦਾ ਕਿਨਾਰਾ ਹੋਵੇ ਜਾਂ ਸਮੁੰਦਰ ਵਿਚਲਾ ਟਾਪੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੱਭਿਆਚਾਰ ਅਨੁਸਾਰ:

**ਜਹ ਬੈਸਾਲਹਿ ਤਹ ਬੈਸਾ ਸੁਆਮੀ ਜਹ ਭੇਜਹਿ ਤਹ ਜਾਵਾ॥**
**ਸਭ ਨਗਰੀ ਮਹਿ ਏਕੋ ਰਾਜਾ ਸਭੇ ਪਵਿਤੁ ਹਹਿ ਥਾਵਾ॥** *(ਪੰਨਾ ੯੯੩)*

**(ਹ) ਉਪਜੀਵਕਾ:** ਸੱਭਿਆਚਾਰ ਦਾ ਇਕ ਹੋਰ ਰੰਗ ਉਪਜੀਵਕਾ ਦਾ ਸਾਧਨ ਹੈ। ਗੁਰਬਾਣੀ ਜਦ 'ਗੁਰੁ ਪੀਰੁ ਸਦਾਏ ਮੰਗਣ ਜਾਇ– ਤਾ ਕੈ ਮੂਲਿ ਨ ਲਗੀਐ ਪਾਇ' ਦਾ ਉਪਦੇਸ਼ ਦੇਂਦੀ ਹੈ ਅਤੇ ਆਖਦੀ ਹੈ ਕਿ 'ਮਾਨੁਖ ਤੇ ਜਾਚਤ ਸ੍ਰਮ ਪਾਈਐ' ਤੇ 'ਮੰਨੈ ਨਾਨਕ ਭਵਹਿ ਨ ਭਿਖ' ਤਾਂ ਪ੍ਰਤੱਖ ਹੈ ਕਿ ਇਥੇ 'ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ' ਹੈ। ਮੇਰਾ ਜ਼ੋਰ 'ਸਭ' ਸ਼ਬਦ ਉੱਤੇ ਹੈ ਭਾਵ ਇਹ ਕਿ ਹਰ ਤਰ੍ਹਾਂ ਦੀ ਕਿਰਤ ਪਰ ਸੁੱਚੀ ਕਿਰਤ, ਦਸਾਂ ਨਹੁੰਆਂ ਦੀ ਕਿਰਤ ਪਾਤਸ਼ਾਹ ਜੀ ਨੇ ਮੰਨੀ ਹੈ ਅਤੇ ਸਾਫ ਸਮਝਾਇਆ ਹੈ:

**ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥** *(ਪੰਨਾ ੧੨੪੫)*

'ਜਤੁ ਪਹਾਰਾ ਧੀਰਜੁ ਸੁਨਿਆਰੁ' ਵਿਚ ਸਾਰੀ ਸੁਨਿਆਰੇ ਦੀ ਹੱਟੀ ਦਾ ਚਿਤਰ ਰੱਖ ਕੇ ਅਧਿਆਤਮ ਵਿੱਦਿਆ ਦੇ ਗੁਹਜ ਭਾਵ ਤੇ ਸਦਾਚਾਰ ਦੇ ਡੂੰਘੇ ਅਰਥ ਸਮਝਾਉਣ ਵਾਲੇ ਪਾਤਸ਼ਾਹ ਜੀ ਨੇ ਕਿਰਸਾਨਾਂ, ਦੁਕਾਨਦਾਰਾਂ, ਵਣਜਾਰਿਆਂ, ਅਧਿਆਪਕਾਂ, ਪੁਜਾਰੀਆਂ ਤੇ ਹੋਰ ਕਿਰਤੀਆਂ ਨੂੰ ਭੀ ਉਹੀ ਥਾਂ 'ਤੇ ਦਰਸਾ ਦਿੱਤਾ ਹੈ ਜੋ ਸਰਾਫਾਂ ਤੇ ਜਵਾਹਰੀਆਂ ਨੂੰ। ਆਧੁਨਿਕ ਸਮੇਂ ਦੇ ਇਕ ਮਹਾਨ ਵਿਦਵਾਨ ਪ੍ਰੋ: ਨਿਰਹੰਜਨ ਰੇ ਦੇ ਸ਼ਬਦਾਂ ਵਿਚ 'ਗੁਰੂ ਜੀ ਨੇ ਕਿਰਤ ਦੀ ਮਹਾਨਤਾ ਬਣਾਈ ਹੈ। ਆਪ ਵੀ ਕੀਤੀ ਹੈ।' ਉਨ੍ਹਾਂ ਨੇ ਇਕ ਭਾਸ਼ਨ ਵਿਚ ਇਥੋਂ ਤਕ ਕਿਹਾ ਸੀ, "ਸਾਡੇ ਦੇਸ਼ ਵਿਚ ਹੁਣ ਤਕ ਕਿਸੇ ਦਾ ਮਾਣ ਜਾਂ ਇੱਜ਼ਤ ਕਰਨ ਲਈ ਅਸੀਂ ਉਸ ਨੂੰ ਕੰਮ ਕਰਨ ਤੋਂ ਰੋਕ ਦੇਂਦੇ ਹਾਂ। ਸਾਡੇ ਵਿਚ ਤਾਂ ਆਪਣਾ ਬੈਗ ਚੁੱਕਣਾ ਜਾਂ ਗੜਵੀ ਚੁੱਕਣੀ ਵੀ ਹੱਤਕ ਸਮਝਦੇ ਹਾਂ।" ਪਰ ਗੁਰੂ ਜੀ ਨੇ:

**- ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ॥** *(ਪੰਨਾ ੫੨੨)*
**- ਅਹਿਰਖ ਵਾਦੁ ਨ ਕੀਜੈ ਰੇ ਮਨ॥ ਸੁਕ੍ਰਿਤੁ ਕਰਿ ਕਰਿ ਲੀਜੈ ਰੇ ਮਨ॥** *(ਪੰਨਾ ੪੭੯)*

ਕਹਿ ਕੇ ਇਕ ਤਰ੍ਹਾਂ ਨਾਲ ਗੱਲ ਨਿਬੇੜ ਦਿੱਤੀ ਹੈ। ਕਿਉਂਕਿ ਅੱਗੇ ਜਾਤ ਤੇ ਕੰਮ ਸੰਬੰਧਿਤ ਸਨ ਅਤੇ

(ਬਾਕੀ ਪੰਨਾ ੫੧ 'ਤੇ)




ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਪ੍ਰਕਾਸ਼ ਗੁਰਪੁਰਬ ਨੂੰ ਸਮਰਪਿਤ ਤਖ਼ਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ ਵਿਖੇ ਕਰਵਾਏ ਗਏ ਗੁਰਮਤਿ ਸਮਾਗਮ ਵਿਚ ਕੀਰਤਨ ਕਰਦੇ ਹੋਏ ਭਾਈ ਸਤਿੰਦਰਬੀਰ ਸਿੰਘ ਹਜ਼ੂਰੀ ਰਾਗੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ।
ਹੇਠਾਂ: ਸਮਾਗਮ ਵਿਚ ਸ਼ਾਮਲ ਸੰਗਤਾਂ। (29 ਅਗਸਤ 2016)




ਤਖ਼ਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ ਵਿਖੇ ਕਰਵਾਏ ਗਏ ਗੁਰਮਤਿ ਸਮਾਗਮ ਸਮੇਂ ਗਿਆਨੀ ਗੁਰਮੁਖ ਸਿੰਘ ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ ਨੂੰ ਸਨਮਾਨਿਤ ਕਰਦੇ ਹੋਏ ਸ. ਮੋਹਣ ਸਿੰਘ ਬੰਗੀ ਅੰਤ੍ਰਿੰਗ ਕਮੇਟੀ ਮੈਂਬਰ, ਸ. ਗੁਰਪ੍ਰੀਤ ਸਿੰਘ ਝੱਬਰ ਮੈਂਬਰ, ਸ. ਦਿਲਜੀਤ ਸਿੰਘ 'ਬੇਦੀ' ਵਧੀਕ ਸਕੱਤਰ ਤੇ ਹੋਰ। (29 ਅਗਸਤ 2016)



ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਪ੍ਰਕਾਸ਼ ਗੁਰਪੁਰਬ ਨੂੰ ਸਮਰਪਿਤ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਕਰਵਾਏ ਗਏ ਗੁਰਮਤਿ ਸਮਾਗਮ ਸਮੇਂ ਬਾਬਾ ਬਲਬੀਰ ਸਿੰਘ ਮੁਖੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਨੂੰ ਸਨਮਾਨਿਤ ਕਰਦੇ ਹੋਏ ਸ. ਮੋਹਣ ਸਿੰਘ ਬੰਗੀ ਅੰਤ੍ਰਿੰਗ ਮੈਂਬਰ, ਸ. ਜਗਸੀਰ ਸਿੰਘ ਮਾਂਗੇਆਣਾ, ਸ. ਗੁਰਪ੍ਰੀਤ ਸਿੰਘ ਝੱਬਰ, ਵਧੀਕ ਸਕੱਤਰ ਸ. ਦਿਲਜੀਤ ਸਿੰਘ 'ਬੇਦੀ' ਤੇ ਸ. ਬਲਵਿੰਦਰ ਸਿੰਘ ਜੌੜਾਸਿੰਘਾ।




ਤਖ਼ਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ ਵਿਖੇ ਕਰਵਾਏ ਗਏ ਗਤਕਾ ਮੁਕਾਬਲਿਆਂ ਦੀ ਆਰੰਭਤਾ ਸਮੇਂ ਸ. ਮੋਹਣ ਸਿੰਘ ਬੰਗੀ ਅੰਤ੍ਰਿੰਗ ਮੈਂਬਰ, ਸ. ਗੁਰਪ੍ਰੀਤ ਸਿੰਘ ਝੱਬਰ ਮੈਂਬਰ, ਸ. ਬਲਵਿੰਦਰ ਸਿੰਘ ਜੌੜਾਸਿੰਘਾ ਵਧੀਕ ਸਕੱਤਰ, ਸ. ਮਨਮੋਹਨ ਸਿੰਘ ਭਾਗੋਵਾਲੀਆ ਡਾਇਰੈਕਟਰ ਗਤਕਾ ਅਤੇ ਹੋਰ। (29 ਅਗਸਤ 2016)



ਸ. ਦਿਲਜੀਤ ਸਿੰਘ 'ਬੇਦੀ' ਤੇ ਡਾ. ਜਸਬੀਰ ਸਿੰਘ ਸਰਨਾ ਵੱਲੋਂ ਸੰਪਾਦਤ ਪੁਸਤਕ 'ਸਰਦਾਰ ਹਰੀ ਸਿੰਘ ਨਲਵਾ-ਵਾਰਾਂ ਤੇ ਜੰਗਨਾਮੇ' ਲੋਕ ਅਰਪਣ ਕਰਦੇ ਹੋਏ ਜਥੇ. ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਕਮੇਟੀ, ਸ. ਰਜਿੰਦਰ ਸਿੰਘ ਮਹਿਤਾ ਅੰਤ੍ਰਿੰਗ ਮੈਂਬਰ, ਸ. ਖੁਸ਼ਵਿੰਦਰ ਸਿੰਘ ਭਾਟੀਆ ਮੈਂਬਰ ਅਤੇ ਹੋਰ।

(23 ਅਗਸਤ 2016)



ਜਥੇ. ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਗੁਰਦੁਆਰਾ ਪ੍ਰਬੰਧਕ ਕਮੇਟੀ ਜ਼ਿਲ੍ਹਾ ਪੁਲਵਾਮਾ (ਕਸ਼ਮੀਰ) ਦੇ ਪ੍ਰਧਾਨ ਸ. ਜੋਗਿੰਦਰ ਸਿੰਘ ਦੀ ਅਗਵਾਈ ਵਿਚ ਆਇਆ ਵਫ਼ਦ ਕਸ਼ਮੀਰ 'ਚ ਸਿੱਖਾਂ ਨੂੰ ਦਰਪੇਸ਼ ਮੁਸ਼ਕਲਾਂ ਸਬੰਧੀ ਪੱਤਰ ਸੌਂਪਦੇ ਹੋਏ।

(23 ਅਗਸਤ 2016)



ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਦੇ ਗਿਆਨੀ ਗੁਰਮੁਖ ਸਿੰਘ ਇਕੱਤਰਤਾ ਹਾਲ ਵਿਖੇ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਦੀ ਪ੍ਰਧਾਨਗੀ ਕਰਦੇ ਹੋਏ ਜਥੇਦਾਰ ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਕਮੇਟੀ ਅਤੇ ਇਕੱਤਰਤਾ 'ਚ ਹਾਜ਼ਰ ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰ, ਅੰਤ੍ਰਿੰਗ ਮੈਂਬਰਾਨ ਅਤੇ ਉੱਚ ਅਧਿਕਾਰੀ। (12 ਅਗਸਤ 2016)



ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਦੇ ਗਿਆਨੀ ਗੁਰਮੁਖ ਸਿੰਘ ਇਕੱਤਰਤਾ ਹਾਲ ਵਿਖੇ ਪ੍ਰੈੱਸ ਨੂੰ ਸੰਬੋਧਨ ਕਰਦੇ ਹੋਏ ਜਥੇਦਾਰ ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ। ਉਨ੍ਹਾਂ ਨਾਲ ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰ, ਅੰਤ੍ਰਿੰਗ ਮੈਂਬਰਾਨ ਤੇ ਅਧਿਕਾਰੀ। (12 ਅਗਸਤ 2016)



ਜੰਮੂ-ਕਸ਼ਮੀਰ ਵਿਖੇ ਸਿੱਖਾਂ ਦੀਆਂ ਮੁਸ਼ਕਲਾਂ ਦੇ ਹੱਲ ਸਬੰਧੀ ਸ਼੍ਰੋਮਣੀ ਕਮੇਟੀ ਵੱਲੋਂ ਭੇਜੇ ਗਏ ਵਫਦ ਪਾਸੋਂ ਰਿਪੋਰਟ ਪ੍ਰਾਪਤ ਕਰਨ ਉਪਰੰਤ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਜਥੇ. ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਕਮੇਟੀ। ਉਨ੍ਹਾਂ ਨਾਲ ਮੈਂਬਰ ਭਾਈ ਮਨਜੀਤ ਸਿੰਘ, ਸ. ਗੁਰਿੰਦਰਪਾਲ ਸਿੰਘ ਗੋਰਾ ਤੇ ਸ. ਹਰਜਾਪ ਸਿੰਘ ਸੁਲਤਾਨਵਿੰਡ, ਸ. ਹਰਚਰਨ ਸਿੰਘ ਮੁੱਖ ਸਕੱਤਰ, ਵਧੀਕ ਸਕੱਤਰ ਸ. ਦਿਲਜੀਤ ਸਿੰਘ 'ਬੇਦੀ' ਤੇ ਸ. ਪ੍ਰਤਾਪ ਸਿੰਘ, ਸ. ਪਰਮਜੀਤ ਸਿੰਘ ਮੁੰਡਾਪਿੰਡ ਪੀ.ਏ ਅਤੇ ਹੋਰ।



ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ ਵਾਤਾਵਰਣ ਦੀ ਸ਼ੁਧਤਾ ਲਈ ਬੂਟੇ ਲਗਾਉਣ ਦੀ ਆਰੰਭਤਾ ਕਰਦੇ ਹੋਏ ਜਥੇ ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਕਮੇਟੀ। ਉਨ੍ਹਾਂ ਨਾਲ ਸ. ਕਰਨੈਲ ਸਿੰਘ ਪੰਜੋਲੀ ਅੰਤ੍ਰਿੰਗ ਮੈਂਬਰ, ਗਿ: ਹਰਪਾਲ ਸਿੰਘ ਹੈੱਡ ਗ੍ਰੰਥੀ, ਸ. ਗੁਰਮੀਤ ਸਿੰਘ ਮੈਨੇਜਰ ਅਤੇ ਹੋਰ।



ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਿਆਹ ਪੁਰਬ ਨੂੰ ਸਮਰਪਿਤ ਗੁਰਦੁਆਰਾ ਸ੍ਰੀ ਡੇਹਰਾ ਸਾਹਿਬ ਬਟਾਲਾ ਤੋਂ ਸਜਾਏ ਗਏ ਨਗਰ ਕੀਰਤਨ ਵਿਚ ਸ਼ਾਮਲ ਸੰਗਤਾਂ ਦਾ ਵਿਸ਼ਾਲ ਇਕੱਠ। (8 ਸਤੰਬਰ 2016)



ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਿਆਹ ਪੁਰਬ ਨੂੰ ਸਮਰਪਿਤ ਗੁਰਦੁਆਰਾ ਸ੍ਰੀ ਡੇਹਰਾ ਸਾਹਿਬ ਬਟਾਲਾ ਵਿਖੇ ਨਗਰ ਕੀਰਤਨ ਦੀ ਆਰੰਭਤਾ ਤੋਂ ਪਹਿਲਾਂ ਜਥੇਦਾਰ ਸੁੱਚਾ ਸਿੰਘ ਲੰਗਾਹ ਮੈਂਬਰ ਸ਼੍ਰੋਮਣੀ ਕਮੇਟੀ ਅਤੇ ਜ਼ਿਲ੍ਹਾ ਜਥੇਦਾਰ ਨੂੰ ਸਨਮਾਨਿਤ ਕਰਦੇ ਹੋਏ ਸ. ਗੁਰਿੰਦਰਪਾਲ ਸਿੰਘ ਗੋਰਾ, ਸ. ਸੱਜਣ ਸਿੰਘ ਬੱਜੂਮਾਨ, ਸ. ਲਖਬੀਰ ਸਿੰਘ ਲੋਧੀਨੰਗਲ, ਸ. ਕਸ਼ਮੀਰ ਸਿੰਘ ਬਰਿਆਰ, ਸ. ਗੁਰਤਿੰਦਰਪਾਲ ਸਿੰਘ ਤੇ ਸ. ਕੁਲਵੰਤ ਸਿੰਘ।



ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਆਏ ਪੰਜਾਬ ਦੇ ਨਵ-ਨਿਯੁਕਤ ਰਾਜਪਾਲ ਸ੍ਰੀ ਵੀ.ਪੀ. ਬਦਨੌਰ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਸੂਚਨਾ ਕੇਂਦਰ ਵਿਖੇ ਸਨਮਾਨਿਤ ਕਰਦੇ ਹੋਏ ਸ. ਰਜਿੰਦਰ ਸਿੰਘ ਮਹਿਤਾ ਅੰਤ੍ਰਿੰਗ ਮੈਂਬਰ, ਸ. ਸੁਲੱਖਣ ਸਿੰਘ ਮੈਨੇਜਰ, ਸ. ਗੁਰਬਚਨ ਸਿੰਘ ਮੁੱਖ ਸੂਚਨਾ ਅਧਿਕਾਰੀ ਤੇ ਹੋਰ। (23 ਅਗਸਤ 2016)



ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਪਹੁੰਚੇ ਨਿਸ਼ਾਨੇਬਾਜ਼ ਅਭਿਨਵ ਬਿੰਦਰਾ ਦੇ ਪਿਤਾ ਡਾ. ਅਭਿਜੀਤ ਬਿੰਦਰਾ, ਮਾਤਾ ਕੰਵਰਜੀਤ ਕੌਰ ਤੇ ਉਨ੍ਹਾਂ ਨਾਲ ਆਏ ਹੋਰਾਂ ਨੂੰ ਸਨਮਾਨਿਤ ਕਰਦੇ ਹੋਏ ਸ. ਹਰਚਰਨ ਸਿੰਘ ਮੁੱਖ ਸਕੱਤਰ।

(ਪੰਨਾ ੪੨ ਦਾ ਬਾਕੀ)

ਉਪਰੋਕਤ ਪੰਕਤੀਆਂ ਤੋਂ ਸਪੱਸ਼ਟ ਹੈ ਕਿ ਗੁਰੂ ਸਾਹਿਬ ਨੂੰ ਕਿਉਂ ਲਿਖਣਾ ਪਿਆ, "ਫਕੜ ਜਾਤੀ ਫਕੜੁ ਨਾਉ॥ ਸਭਨਾ ਜੀਆ ਇਕਾ ਛਾਉ॥" ਅਤੇ "ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ॥" ਇਸੇ ਲਈ ਕੋਈ ਜਾਤ ਉਤਮ ਨੀਚ ਨਹੀਂ, ਕੋਈ ਕੰਮ ਨੀਚ ਨਹੀਂ। ਈਮਾਨਦਾਰੀ ਨਾਲ ਕੀਤਾ ਕੰਮ ਜਾਂ ਉਪਜੀਵਕਾ ਦਾ ਸਾਧਨ ਯੋਗ ਹੈ।

**(ਕ) ਪਰਵਾਰਿਕ ਜੀਵਨ:** ਸਭ ਸਮਾਜ ਤੇ ਸਭ ਸੱਭਿਆਚਾਰ ਅਸਲ ਵਿਚ ਸਮਾਜਿਕ ਜੀਵਨ ਦੀਆਂ ਲੋੜਾਂ ਤੇ ਇਸੇ ਤੋਂ ਵਿਕਸਤ ਹੋਈਆਂ ਦਾਤਾਂ ਹਨ। ਇਨ੍ਹਾਂ ਸਦਕਾ ਹੀ ਸਮਾਜ ਦਾ ਸੂਤ ਕਾਇਮ ਰਹਿੰਦਾ ਹੈ। ਸਮਾਜ ਦਾ ਜੀਵਨ ਸੁਖਦਾਈ ਬਣਾਉਣ ਲਈ ਹੀ ਸਦਾਚਾਰ ਦੇ ਨਿਯਮ ਤੇ ਸਰਕਾਰ ਦੇ ਕਾਨੂੰਨ ਬਣਦੇ ਹਨ। ਇਸ ਵਿਚਾਰ ਨੂੰ ਥੋੜ੍ਹਾ ਜਿਹਾ ਅੱਗੇ ਸੋਚੀਏ ਤਾਂ ਸਮਾਜ ਦਾ ਆਧਾਰ ਪਰਵਾਰਿਕ ਜੀਵਨ ਹੈ ਜਾਂ ਬਹੁਤ ਸਿੱਧੇ ਸ਼ਬਦਾਂ ਵਿਚ ਗ੍ਰਿਹਸਤੀ ਜੀਵਨ ਹੀ ਅਸਲ ਸਮਾਜਿਕ ਜੀਵਨ ਹੈ। ਇਹ ਇਕ ਭੁਲੇਖਾ ਆਮ ਜਨਤਾ ਨੂੰ ਹੈ ਕਿ ਗ੍ਰਿਹਸਤ ਜੀਵ ਦੇ ਅਧਿਆਤਮਕ ਜੀਵਨ ਦੇ ਰਾਹ ਵਿਚ ਰੁਕਾਵਟ ਹੈ। ਇਸੇ ਲਈ ਅਧਿਆਤਮਕ ਜੀਵਨ ਦੇ ਜਗਿਆਸੂ ਕਈ ਵਾਰੀ ਜੰਗਲਾਂ ਦਾ ਰਾਹ ਲੱਭ ਲੈਂਦੇ ਹਨ, ਅਰਥਾਤ ਤਪੀ, ਬਨਬਾਸੀ ਅਤੇ ਹੋਰ ਬੜਾ ਕੁਝ ਬਣ ਜਾਂਦੇ ਹਨ। ਗ੍ਰਿਹਸਤ ਗੁਰੂ ਸਾਹਿਬਾਨ ਦਾ ਜਿਨ੍ਹਾਂ ਨੇ ਆਪ ਗ੍ਰਿਹਸਤ ਆਸ਼ਰਮ ਦਾ ਵੀ ਇਕ ਬਹੁਤ ਆਦਰਸ਼ ਨਮੂਨਾ ਸਾਡੇ ਸਾਹਮਣੇ ਰੱਖਿਆ ਗ੍ਰਿਹਸਤੀ ਜੀਵਨ ਸੰਬੰਧੀ ਸੱਭਿਆਚਾਰ ਇਕ ਨਵਾਂ ਰੰਗ ਲੈਂਦਾ ਹੈ। ਆਪ ਦਾ ਉਪਦੇਸ਼ ਇਹ ਨਹੀਂ ਕਿ ਘਰ-ਬਾਰ ਛੱਡ ਜਾਓ, ਜਾਂ ਪਉਣ ਅਹਾਰੀ ਹੋ ਜਾਓ ਜਾਂ ਨੰਗੇ ਹੋ ਕੇ ਤੁਰੇ-ਫਿਰੋ, ਜਾਂ ਪੁੱਤਰਾਂ-ਧੀਆਂ ਨੂੰ ਇਕ ਬੰਧਨ ਸਮਝੋ ਜਾਂ ਇਸਤਰੀ ਨੂੰ ਸ਼ੂਦਰ ਤੇ ਮਾਇਆ ਸਮਝ ਕੇ ਤਿਆਗ ਦਿਓ। ਸਗੋਂ ਉਨ੍ਹਾਂ ਦੀ ਨਿਗਾਹ ਵਿਚ ਤਾਂ:

**- ਨਾ ਸੋਹਾਗਨਿ ਨਾ ਓਹਿ ਰੰਡ॥** *(ਪੰਨਾ ੮੭੩)*

**- ਗ੍ਰਿਹੁ ਤਜਿ ਬਨ ਖੰਡ ਜਾਈਐ ਚੁਨਿ ਖਾਈਐ ਕੰਦਾ॥**
**ਅਜਹੁ ਬਿਕਾਰ ਨ ਛੋਡਈ ਪਾਪੀ ਮਨੁ ਮੰਦਾ॥** *(ਪੰਨਾ ੮੫੫)*

ਸੂਰਜ ਵਾਂਗ ਇਹ ਗੱਲ ਪ੍ਰਕਾਸ਼ ਹੈ ਕਿ ਗੁਰਬਾਣੀ ਅਨੁਸਾਰ ਗ੍ਰਿਹਸਤ ਜੀਵਨ ਹੀ ਸੱਭਿਆਚਾਰਕ ਜੀਵਨ ਹੈ। 'ਬ੍ਰਹਮ ਗਿਆਨੀ ਸਦਾ ਨਿਰਲੇਪ' ਦੇ ਸ਼ਬਦਾਂ ਵਿਚ ਗ੍ਰਿਹਸਤੀ ਜੀਵਨ ਦਾ ਆਦਰਸ਼ ਸਾਡੇ ਸਾਹਮਣੇ ਹੈ। ਇਸੇ ਆਦਰਸ਼ ਦਾ ਹਿੱਸਾ ਹੈ ਕਿ 'ਬ੍ਰਹਮ ਗਿਆਨੀ ਪਰਉਪਕਾਰ ਉਮਾਹਾ' ਅਤੇ ਇਸੇ ਦਾ ਹਿੱਸਾ ਹੈ:

**ਕਬੀਰ ਜਉ ਗ੍ਰਿਹੁ ਕਰਹਿ ਤ ਧਰਮੁ ਕਰੁ ਨਾਹੀ ਤ ਕਰੁ ਬੈਰਾਗੁ॥**
**ਬੈਰਾਗੀ ਬੰਧਨੁ ਕਰੈ ਤਾ ਕੋ ਬਡੋ ਅਭਾਗੁ॥** *(ਪੰਨਾ ੧੩੭੭)*

ਭੁਲੇਖੇ ਤੋਂ ਬਚਣ ਲਈ ਫਿਰ ਕਹਿ ਦਿਆਂ ਕਿ ਮੋਹ ਦੇ ਚਿੱਕੜ ਵਿਚ ਇੰਨਾ ਨਹੀਂ ਫਸਣਾ ਕਿ ਸਾਡਾ ਪੈਰ ਹੀ ਨਾ ਚੱਲ ਸਕੇ (ਪੰਕਜੁ ਮੋਹ ਪਗੁ ਨਹੀ ਚਾਲੈ ਹਮ ਦੇਖਾ ਤਹ ਡੂਬੀਅਲੇ) ਸਗੋਂ ਇਹ ਸਭ ਵਾਹਿਗੁਰੂ ਦੀ ਦਾਤ ਸਮਝ ਕੇ ਕਾਮ, ਕ੍ਰੋਧ, ਲੋਬ, ਮੋਹ, ਹੰਕਾਰ ਨੂੰ ਆਪਣੇ ਦਾਸ ਤੇ ਗ਼ੁਲਾਮ ਬਣਾ ਕੇ (ਨਾ ਕਿ ਇਨ੍ਹਾਂ ਦੇ ਗ਼ੁਲਾਮ ਬਣ ਕੇ) ਮਨ ਦੀਆਂ ਵਾਸ਼ਨਾਵਾਂ ਉੱਤੇ ਕਾਬੂ ਪਾ ਕੇ (ਨਾ ਕਿ ਮਨ ਨੂੰ ਮਾਰ ਕੇ) ਗ੍ਰਿਹਸਤ ਵਿਚ ਰਹਿਣਾ ਕੇਵਲ ਇਸ ਲਈ ਹੈ ਕਿ 'ਬਾਣੀ ਬ੍ਰਹਮਾ ਵੇਦੁ ਧਰਮੁ ਦ੍ਰਿੜਹੁ ਪਾਪ ਤਜਾਇਆ ਬਲਿ ਰਾਮ ਜੀਉ' ਜਾਂ ਨਿਰਭਉ ਹੋ ਜਾਏ ਅਤੇ ਇਉਂ ਹੌਲੀ-ਹੌਲੀ ਸਤਿਗੁਰ ਪੁਰਖ ਨੂੰ ਮਿਲ ਚੌਥੀ ਲਾਂਵ ਤਕ 'ਸਹਜੁ ਭਇਆ ਹਰਿ ਪਾਇਆ ਬਲਿ ਰਾਮ ਜੀਉ' ਬਣ ਜਾਏ। ਗ੍ਰਿਹਸਤੀ ਜੀਵਨ ਦਾ ਚੱਜ-ਆਚਾਰ, 'ਕਾਹੇ ਪੂਤ ਝਗਰਤ ਹਉ ਸੰਗਿ ਬਾਪ॥ ਜਿਨ ਕੇ ਜਣੇ ਬਡੀਰੇ ਤੁਮ ਹਉ ਤਿਨ ਸਿਉ ਝਗਰਤ ਪਾਪ॥' ਤੋਂ ਪ੍ਰਤੱਖ ਹੈ। ਗ੍ਰਿਹਸਤੀ ਜੀਵਨ ਦੀ ਨੀਂਹ ਦਾਜ ਦੇ ਲਾਲਚ ਜਾਂ ਵਰੀ ਦੇ ਲੋਭ ਉੱਤੇ ਨਹੀਂ, ਨਾ ਪਾਪ (ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ) ਉੱਤੇ ਹੈ, ਸਗੋਂ ਇਨ੍ਹਾਂ ਨੂੰ ਛੱਡ ਕੇ 'ਸਤੁ ਸੰਤੋਖੁ ਕਰਿ ਭਾਉ ਕੁੜਮੁ ਕੁੜਮਾਈ ਆਇਆ ਬਲਿ ਰਾਮ ਜੀਉ॥' ਉੱਤੇ ਨਿਰਭਰ ਹੈ। ਗ੍ਰਿਹਸਤੀ ਜੀਵਨ ਦੀ ਦੋ ਪਹੀਆਂ ਦੀ ਜੋੜੀ ਇਹ ਸਮਝ ਕੇ ਤੁਰ ਪਵੇ ਕਿ ਅਸਾਂ ਇਕ ਦੂਜੇ ਦੀ ਸੇਵਾ, ਸੁਖ, ਆਰਾਮ ਲਈ ਜੀਊਣਾ ਹੈ ਤੇ ਗ੍ਰਿਹਸਤ ਵਿਚ ਸਾਡਾ ਦੋਹਾਂ ਦਾ ਏਨਾ ਹੀ ਹੱਕ ਹੈ ਤਾਂ ਸਮਾਜ ਜਾਂ ਪੰਥ ਦੀ ਸੇਵਾ, ਕੁਰਬਾਨੀ, ਤਿਆਗ ਅਰ ਵਾਹਿਗੁਰੂ ਦਾ ਸ਼ੁਕਰ ਤੇ ਭਾਣਾ, ਸਰਬੱਤ ਦਾ ਭਲਾ 'ਸਭੁ ਕੋ ਮੀਤੁ ਹਮ ਆਪਨ ਕੀਨਾ' ਆਦਿ ਸਾਰੇ ਦਾ ਸਾਰੇ ਸਦਾਚਾਰਕ, ਸੱਭਿਆਚਾਰਕ ਜਾਂ ਅਧਿਆਤਮਕ ਗੁਣ ਸਿੱਖਣ

ਲਈ ਤੇ ਉਨ੍ਹਾਂ ਦਾ ਅਭਿਆਸ ਕਰਨ ਲਈ ਜ਼ਿੰਦਗੀ ਦੀ ਗੱਡੀ ਤੁਰ ਪੈਂਦੀ ਹੈ। ਸੱਚ ਹੈ 'ਹਸੰਦਿਆ, ਖੇਲੰਦਿਆ, ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ'। ਫਿਰ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਾਂਗ ਕਿਹਾ ਜਾ ਸਕੇਗਾ, 'ਸ਼ੁਕਰ ਹੈ, ਤੇਰੀ ਅਮਾਨਤ ਮੁਝ ਸੇ ਫਿਦਾ ਹੁਈ' ਤੇ ਉਹ ਅਮਾਨਤ ਚਾਰੇ ਪੁੱਤਰ ਸਨ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਜਦੋਂ ਆਖਿਆ ਸੀ, ਇਸਤਰੀ ਈਮਾਨ ਹੈ, ਦੌਲਤ ਗੁਜ਼ਰਾਨ ਹੈ ਤੇ ਪੁੱਤਰ ਨਿਸ਼ਾਨ ਹੈ' ਤਾਂ ਭੀ ਇਹੋ ਰਮਜ਼ ਸਮਝਾਈ ਸੀ ਤੇ ਇਸੇ ਨੂੰ ਸਮਝਣ ਨਾਲ ਸੰਸਾਰ ਦਾ ਉੱਚੇ ਤੋਂ ਉੱਚਾ ਸੱਭਿਆਚਾਰ ਸਿਖਿਆ, ਵਰਤਿਆ ਤੇ ਪ੍ਰਾਪਤ ਕੀਤਾ ਜਾ ਸਕਦਾ ਹੈ। ਗ੍ਰਿਹਸਤੀ ਜੀਵਨ ਦਾ ਅਲੰਕਾਰ ਹੀ ਗੁਰੂ ਸਾਹਿਬ ਨੇ ਵਾਹਿਗੁਰੂ ਪ੍ਰੇਮ ਲਈ ਭੀ ਦ੍ਰਿਸ਼ਟਾਂਤ ਸਮਝ ਕੇ ਵਰਤਿਆ ਹੈ ਅਤੇ ਇਸੇ ਰਾਹੀਂ ਹੀ ਇਕ ਆਦਰਸ਼ ਪਤਨੀ ਦੇ ਗੁਣ ਰਹੱਸਮਈ ਢੰਗ ਨਾਲ, ਪਰ ਰਸੀਲੇ ਢੰਗ ਨਾਲ ਦੱਸ ਦਿੱਤੇ ਹਨ, ਜਿਵੇਂ ਨਿਮਰਤਾ ਸਿਖਾਉਣ ਲਈ ਕਿਹਾ ਹੈ:

**- ਨਾ ਮੈ ਕੁਲੁ ਨਾ ਸੋਭਾਵੰਤ॥ ਕਿਆ ਜਾਨਾ ਕਿਉ ਭਾਨੀ ਕੰਤ॥** *(ਪੰਨਾ ੩੯੪)*

**- ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ॥**<br>**ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ॥** *(ਪੰਨਾ ੧੩੮੪)*

ਜੇ ਇਹ ਗੁਣ ਆ ਜਾਣ ਅਤੇ 'ਮੀਠੀ ਆਗਿਆ ਪਿਰ ਕੀ ਲਾਗੀ' ਹੋ ਜਾਏ ਤਾਂ ਆਪੇ ਹੀ 'ਸਉਕਨਿ ਘਰ ਕੀ ਕੰਤਿ ਤਿਆਗੀ' ਵਾਲੀ ਉੱਚ ਅਵਸਥਾ ਪ੍ਰਾਪਤ ਹੋ ਜਾਵੇ।

**(ਖ) ਧਨ ਸੰਪਤੀ:** ਭਾਈ ਕਾਨ੍ਹ ਸਿੰਘ ਜੀ ਨਾਭਾ ਨੇ ਆਪਣੀ ਪੁਸਤਕ 'ਗੁਰਮਤਿ ਪ੍ਰਭਾਕਰ' ਵਿਚ ਬੜਾ ਹੀ ਸੁੰਦਰ ਸੱਭਿਆਚਾਰਕ ਨਿਰਣਾ ਦਿੱਤਾ ਹੈ- "ਗੁਰਮਤਿ ਵਿਚ ਧਨ ਦਾ ਤਿਆਗ ਨਿੰਦਕ ਹੈ, ਸਗੋਂ ਉੱਦਮ ਨਾਲ ਧਨ ਪੈਦਾ ਕਰਨ ਦਾ ਉਪਦੇਸ਼ ਹੈ। ਯਥਾ 'ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ'। ਪਰੰਤੂ ਧਨ ਨੂੰ ਆਪਣੇ ਜਨਮ ਦਾ ਉਦੇਸ਼ ਜਾਣਨਾ, ਜ਼ੁਲਮ ਅਤੇ ਪਾਪ ਨਾਲ ਧਨ ਕਮਾਉਣਾ, ਹੰਕਾਰ ਵਿਚ ਅੰਨ੍ਹਿਆਂ ਹੋ ਕੇ ਕਰਤਾਰ ਨੂੰ ਭੁਲਾ ਦੇਣਾ ਸਿੱਖੀ ਦੇ ਨਿਯਮਾਂ ਦੇ ਵਿਰੁੱਧ ਹੈ। ਇਸ ਦੀ ਪ੍ਰੋੜ੍ਹਤਾ ਲਈ ਉਨ੍ਹਾਂ ਨੇ ਕਾਫ਼ੀ ਤੁਕਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚੋਂ ਦਿੱਤੀਆਂ ਹਨ। ਕੇਵਲ ਦ੍ਰਿਸ਼ਟਾਂਤ ਵਜੋਂ ਕੁਝ ਕੁ ਆਪ ਦੇ ਦ੍ਰਿਸ਼ਟੀਗੋਚਰ ਕਰਦੇ ਹਾਂ:

**- ਲੈਦਾ ਬਦ ਦੁਆਇ ਤੂੰ ਮਾਇਆ ਕਰਹਿ ਇਕਤ॥**<br>**ਜਿਸ ਨੋ ਤੂੰ ਪਤੀਆਇਦਾ ਸੋ ਸਣੁ ਤੁਝੈ ਅਨਿਤ॥** *(ਪੰਨਾ ੪੨)*

**- ਕਾਮਣਿ ਲੋੜੈ ਸੁਇਨਾ ਰੁਪਾ ਮਿਤ੍ਰ ਲੁੜੇਨਿ ਸੁ ਖਾਧਾਤਾ॥**<br>**ਨਾਨਕ ਪਾਪ ਕਰੇ ਤਿਨ ਕਾਰਣਿ ਜਾਸੀ ਜਮਪੁਰਿ ਬਾਧਾਤਾ॥** *(ਪੰਨਾ ੧੫੫)*

**- ਧਨੁ ਧਨੁ ਕਹਾ ਪੁਕਾਰਤੇ ਮਾਇਆ ਮੋਹ ਸਭ ਕੂਰ॥** *(ਪੰਨਾ ੨੫੧)*

**- ਮਾਇਆਧਾਰੀ ਅਤਿ ਅੰਨਾ ਬੋਲਾ॥** *(ਪੰਨਾ ੩੧੩)*

**- ਦਾਰਾ ਮੀਤ ਪੂਤ ਸਨਬੰਧੀ ਸਗਰੇ ਧਨ ਸਿਉ ਲਾਗੇ॥**<br>**ਜਬ ਹੀ ਨਿਰਧਨ ਦੇਖਿਓ ਨਰ ਕਉ ਸੰਗੁ ਛਾਡਿ ਸਭ ਭਾਗੇ॥** *(ਪੰਨਾ ੬੩੩)*

**(ਗ) ਸੂਰਮਤਾ ਤੇ ਰਾਜ:** ਗ੍ਰਿਹਸਤੀ ਤੇ ਸੱਭਿਆਚਾਰਕ ਜੀਵਨ ਦਾ ਇਕ ਹੋਰ ਅੰਗ ਬਹਾਦਰੀ ਜਾਂ ਦੂਜੇ ਸ਼ਬਦਾਂ ਵਿਚ ਘਰ-ਬਾਰ, ਧਨ-ਸੰਪਤ ਅਤੇ ਦੇਸ਼-ਧਰਮ ਦੀ ਰੱਖਿਆ ਦੀ ਸਮਰੱਥਾ ਹੈ। ਇਸ ਲਈ ਸਿੱਧੀ ਗੱਲ ਹੈ ਕਿ ਜੋ ਧਰਮ ਨੂੰ, ਗ੍ਰਿਹਸਤ ਨੂੰ ਉੱਤਮ ਸਮਝਦਾ ਹੈ, ਉਹ ਜੋਧ ਮਹਾਬਲ ਸੂਰਿਆਂ ਨੂੰ ਵੀ ਉੱਤਮ ਸ਼੍ਰੇਣੀ ਵਿਚ ਗਿਣੇਗਾ:

**ਜੋ ਸੂਰਾ ਤਿਸ ਹੀ ਹੋਇ ਮਰਣਾ॥ ਜੋ ਭਾਗੈ ਤਿਸੁ ਜੋਨੀ ਫਿਰਣਾ॥** *(ਪੰਨਾ ੧੦੧੯)*

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਸੰਤੁ ਰਾਗ ਵਿਚ ਲਿਖਿਆ ਹੈ:

**ਰਣੁ ਦੇਖਿ ਸੂਰੇ ਚਿਤ ਉਲਾਸ॥** *(ਪੰਨਾ ੧੧੮੦)*

ਅਤੇ ਸੂਰਮੇ ਦਾ ਲੱਛਣ ਇਹ ਹੈ:

**ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥**
**ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥** *(ਪੰਨਾ ੧੧੦੫)*

ਦੀਨ ਤੋਂ ਭਾਵ ਇਥੇ ਪਰਉਪਕਾਰ ਵਾਸਤੇ ਦੀਨਾਂ ਦੀ ਰਖਿਆ ਲਈ ਜਾਂ ਧਰਮ ਦੇ ਨਿਯਮਾਂ ਦੀ ਪਾਲਣਾ ਹਿਤ ਦੋਵੇਂ ਹੋ ਸਕਦੇ ਹਨ ਅਤੇ ਕੀਤੇ ਜਾਂਦੇ ਹਨ। ਇਸੇ ਸਲੋਕ ਤੋਂ ਪਹਿਲਾਂ ਭਗਤ ਕਬੀਰ ਜੀ ਨੇ ਇਹ ਕਸਵੱਟੀ ਭੀ ਸੂਰਮੇ ਦੀ ਦੱਸੀ ਹੈ:

**ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ॥** *(ਪੰਨਾ ੧੧੦੫)*

ਇਉਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਵੱਲੋਂ ਮੀਰੀ-ਪੀਰੀ ਦੀਆਂ ਦੋ ਤਲਵਾਰਾਂ ਪਹਿਨਣ ਅਤੇ ਯੋਧੇ ਸੂਰਮੇ ਭਰਤੀ ਕਰਨ ਤੇ ਸ਼ਸਤਰ ਭੇਟਾ ਦੀ ਸ਼ਲਾਘਾ ਕਰਨ ਤੋਂ ਜੋ ਭੁਲੇਖੇ ਤੇ ਸ਼ੰਕੇ ਪੈਦਾ ਹੋਏ ਸਨ, ਉਨ੍ਹਾਂ ਨੂੰ ਨਵਿਰਤ ਕਰਨ ਲਈ ਭਾਈ ਗੁਰਦਾਸ ਜੀ ਨੂੰ ਲਿਖਣਾ ਪਿਆ ਸੀ ਕਿ ਚੰਦਨ ਦੀ ਰਾਖੀ ਲਈ ਵੀ ਸੱਪ ਹੁੰਦੇ ਹਨ, ਬੜਾ ਸੁਹਣਾ ਬੂਹਾ ਬਣਾ ਕੇ ਜੰਦਰਾ ਲਾਈਦਾ ਹੈ ਜਾਂ ਕੁੱਤਾ ਬੂਹੇ ਅੱਗੇ ਬਿਠਾਈਦਾ ਹੈ ਅਤੇ ਬੜੇ ਸੁੰਦਰ ਬਾਗ ਦੀ ਰਖਿਆ ਲਈ ਵਾੜ ਦੀ ਲੋੜ ਹੁੰਦੀ ਹੈ, ਇਵੇਂ ਹੀ ਧਰਮ, ਅਸੂਲ, ਨਿਯਮ, ਸਿਧਾਂਤ, ਇੱਜ਼ਤ ਅਤੇ ਘਰ ਆਦਿ ਦੀ ਰਖਿਆ ਲਈ ਸੂਰਮਤਾ ਦੀ ਲੋੜ ਹੈ। ਗੁਰੂ ਸਾਹਿਬ ਨੇ ਤਾਂ ਕਈ ਵਾਰ ਅਧਿਆਤਮਕ ਜਾਂ ਧਾਰਮਿਕ ਅਸੂਲਾਂ ਨੂੰ ਸਮਝਾਉਣ ਲਈ ਲੜਾਈ ਤੇ ਬਹਾਦਰੀ ਦੇ ਅਲੰਕਾਰ ਵਰਤੇ ਹਨ। ਸਹਸਕ੍ਰਿਤੀ ਸਲੋਕਾਂ ਵਿਚ ਵੀ ਲਿਖਿਆ ਹੈ:

**ਸੈਨਾ ਸਾਧ ਸਮੂਹ ਸੂਰ ਅਜਿਤੰ ਸੰਨਾਹੰ ਤਨਿ ਨਿੰਮ੍ਰਤਾਹ॥**
**ਆਵਧਹ ਗੁਣ ਗੋਬਿੰਦ ਰਮਣੰ ਓਟ ਗੁਰ ਸਬਦ ਕਰ ਚਰਮਣਹ॥**
**ਆਰੂੜਤੇ ਅਸ੍ਵ ਰਥ ਨਾਗਹ ਬੁਝੰਤੇ ਪ੍ਰਭ ਮਾਰਗਹ॥**
**ਬਿਚਰਤੇ ਨਿਰਭਯੰ ਸਤ੍ਰ ਸੈਨਾ ਧਾਯੰਤੇ ਗੋੁਪਾਲ ਕੀਰਤਨਹ॥**
**ਜਿਤਤੇ ਬਿਸ੍ਵ ਸੰਸਾਰਹ ਨਾਨਕ ਵਸੵੰ ਕਰੋਤਿ ਪੰਚ ਤਸਕਰਹ॥** *(ਪੰਨਾ ੧੩੫੬)*

ਇਉਂ ਸਿੱਖ ਸੱਭਿਆਚਾਰ ਵਿਚ ਸੂਰਮਤਾ ਜਾਂ ਬਹਾਦਰੀ ਦੀ ਸੇਵਾ ਦਾ ਰੂਪ ਧਾਰਦੀ ਹੈ। ਇਹ ਸੇਵਾ ਜਾਨ ਦੇ ਕੇ ਵੀ ਕਰਨੀ ਪਵੇ ਤਾਂ ਕਰਨੀ ਮਨਜ਼ੂਰ ਹੈ। ਰਾਜ ਪ੍ਰਬੰਧ ਬਾਬਤ ਸੰਕੇਤ ਹੈ:

**- ਤਖਤਿ ਰਾਜਾ ਸੋ ਬਹੈ ਜਿ ਤਖਤੈ ਲਾਇਕ ਹੋਈ॥** *(ਪੰਨਾ ੧੦੮੮)*
**- ਰਾਜੇ ਚੁਲੀ ਨਿਆਵ ਕੀ ਪੜਿਆ ਸਚੁ ਧਿਆਨੁ॥** *(ਪੰਨਾ ੧੨੪੦)*

**(ਘ) ਵਿੱਦਿਆ ਤੇ ਕੋਮਲ ਕਲਾ:** ਅਸਾਂ ਆਰੰਭ ਵਿਚ ਹੀ ਸੱਭਿਆਚਾਰ ਨੂੰ ਸਵਾਰਿਆ-ਸੁਧਰਿਆ, ਉਚੇਰਾ ਜਾਂ ਆਦਰਸ਼ਕ ਵਰਤੋਂ-ਵਿਹਾਰ ਕਿਹਾ ਹੈ। ਮਨੁੱਖੀ ਜੀਵਨ ਦੀ ਸੰਸਾਰਕ ਨਜ਼ਰ ਨਾਲ ਉਚੇਰੀ ਤੋਂ ਉਚੇਰੀ ਅਵਸਥਾ ਵਿੱਦਿਆ ਅਤੇ ਕੋਮਲ ਕਲਾ ਦੀ ਅਵਸਥਾ ਹੈ। ਭਗਤ ਕਬੀਰ ਜੀ ਨੇ ਭੀ ਇਹੋ ਸਮਝਾਇਆ ਹੈ ਕਿ:

**ਮਨ ਸਮਝਾਵਨ ਕਾਰਨੇ ਕਛੂਅਕ ਪੜੀਐ ਗਿਆਨ॥** *(ਪੰਨਾ ੩੪੦)*

ਜਿੱਥੋਂ ਤਕ ਵਿੱਦਿਆ ਦਾ ਸੰਬੰਧ ਹੈ, ਗੁਰਬਾਣੀ ਵਿਚ ਵਿਦਵਾਨ ਤੇ ਵਿੱਦਿਆ ਦੋਹਾਂ ਨੂੰ ਸੱਭਿਆਚਾਰ ਦਾ ਬਹੁਤ ਉੱਚਾ ਦਰਜਾ ਦਿੱਤਾ ਗਿਆ ਹੈ। ਆਪ ਨੇ ਲਿਖਿਆ ਹੈ:

**- ਸਤੀ ਪਹਰੀ ਸਤੁ ਭਲਾ ਬਹੀਐ ਪੜਿਆ ਪਾਸਿ॥** *(ਪੰਨਾ ੧੪੬)*
**- ਮੰਦਾ ਕਿਸੈ ਨ ਆਖੀਐ ਪੜਿ ਅਖਰੁ ਏਹੋ ਬੁਝੀਐ॥**
**ਮੂਰਖੈ ਨਾਲਿ ਨ ਲੁਝੀਐ॥** *(ਪੰਨਾ ੪੭੩)*

ਗੁਰੂ ਜੀ ਨੇ ਤਾਂ 'ਪੋਥੀ ਪਰਮੇਸਰ ਕਾ ਥਾਨੁ' ਆਖਿਆ ਹੈ ਅਤੇ 'ਵਿਦਿਆ ਵੀਚਾਰੀ ਤਾਂ ਪਰਉਪਕਾਰੀ' ਦਾ ਰੁਤਬਾ ਨੀਯਤ ਕੀਤਾ ਹੈ, ਕਿਉਂਕਿ ਮੂਰਖ ਆਦਮੀ ਉਪਕਾਰ ਕਰਦਾ ਵੀ ਕਈ ਵਾਰ ਉਲਟਾ ਨੁਕਸਾਨ ਕਰ ਬੈਠਦਾ ਹੈ। ਪਰ ਗੁਰਬਾਣੀ ਵਿੱਦਿਆ ਦੀ ਯੋਗ ਵਰਤੋਂ ਨੂੰ ਸੱਭਿਆਚਾਰ ਮੰਨਦੀ ਹੈ। ਸਪੱਸ਼ਟ ਹੁਕਮ ਹੈ:

**- ਅਕਲੀ ਪੜ੍ਹਿ ਕੈ ਬੁਝੀਐ ਅਕਲੀ ਕੀਚੈ ਦਾਨੁ॥**
**ਨਾਨਕੁ ਆਖੈ ਰਾਹੁ ਏਹੁ ਹੋਰਿ ਗਲਾਂ ਸੈਤਾਨੁ॥** *(ਪੰਨਾ ੧੨੪੫)*
**- ਗੁਰ ਪਰਸਾਦੀ ਵਿਦਿਆ ਵੀਚਾਰੈ ਪੜਿ ਪੜਿ ਪਾਵੈ ਮਾਨੁ॥**

*(ਪੰਨਾ ੧੩੨੯)*

ਹਰ ਤਰ੍ਹਾਂ ਦੀ ਪੜ੍ਹਾਈ ਦਾ ਨਿਚੋੜ ਗੁਰੂ ਸਾਹਿਬ ਨੇ ਆਸਾ ਕੀ ਵਾਰ ਵਿਚ ਇਹੋ ਦਿੱਤਾ ਹੈ ਕਿ 'ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ॥' ਪੜ੍ਹੇ-ਲਿਖੇ ਲੋਕਾਂ ਦੀ ਆਪਣੇ ਸਮੇਂ ਦੀ ਹਾਲਤ ਦਾ ਵਰਣਨ ਕਰਦਿਆਂ ਆਪ ਨੇ ਇਕ ਹੋਰ ਭੀ ਬੜੀ ਦੂਰ-ਅੰਦੇਸ਼ੀ ਦੀ ਗੱਲ ਸੁਝਾਈ ਹੈ:

**ਹਰਣਾਂ ਬਾਜਾਂ ਤੈ ਸਿਕਦਾਰਾਂ ਏਨ੍ਹਾ ਪੜ੍ਹਿਆ ਨਾਉ॥**
**ਫਾਂਧੀ ਲਗੀ ਜਾਤਿ ਫਹਾਇਨਿ ਅਗੈ ਨਾਹੀ ਥਾਉ॥**

*(ਪੰਨਾ ੧੨੮੮)*

ਇਸ ਦੇ ਅਰਥ ਸਮਝਾਉਂਦਿਆਂ ਭਾਈ ਕਾਨ੍ਹ ਸਿੰਘ ਹੋਰਾਂ ਲਿਖਿਆ ਹੈ- 'ਪੜ੍ਹਾਏ ਹੋਏ ਮਿਰਗ ਤੇ ਬਾਜ ਤਥਾ ਸੁਆਰਥੀ ਕਰਮਚਾਰੀ ਦਾ ਨਾਮ ਭੀ ਪੜ੍ਹਿਆਂ ਵਿਚ ਹੈ। ਇਹ ਆਪਣੇ ਹੀ ਜਾਤ-ਭਾਈਆਂ ਨੂੰ ਫਾਹੀ ਵਿਚ ਫਸਾਉਣ ਲਈ ਸਹਾਇਤਾ ਦਿੰਦੇ ਹਨ, ਐਸੇ ਪੜ੍ਹਿਆਂ ਹੋਇਆਂ ਨੂੰ ਕੋਈ ਥਾਂ ਨਹੀਂ।' ਗੁਰੂ ਸਾਹਿਬ ਦਾ ਨਿਰਣਾ ਸਪੱਸ਼ਟ ਹੈ:

**-ਨਾਨਕ ਸੋ ਪੜਿਆ ਸੋ ਪੰਡਿਤੁ ਬੀਨਾ ਜਿਸੁ ਰਾਮ ਨਾਮੁ ਗਲਿ ਹਾਰੁ॥**

*(ਪੰਨਾ ੯੩੮)*

**-ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ॥**

*(ਪੰਨਾ ੧੪੦)*

ਆਪਣੇ ਸਮੇਂ ਦੇ ਪਾਂਧਿਆਂ ਨੂੰ ਭੀ ਗੁਰੂ ਸਾਹਿਬ ਨੇ ਬਹੁਤ ਸਾਰੀ ਸਿੱਖਿਆ ਇਸ ਸਬੰਧ ਵਿਚ ਦਿੱਤੀ ਹੈ। ਪਰ ਨਾਲ ਹੀ ਵਿੱਦਿਆ, ਅੱਖਰ ਦੀ ਵਡਿਆਈ ਕਾਇਮ ਰੱਖੀ ਹੈ ਅਤੇ ਸਾਫ ਫ਼ੁਰਮਾਇਆ ਹੈ:

**ਇਕਿ ਕਹਿ ਜਾਣਹਿ ਕਹਿਆ ਬੁਝਹਿ ਤੇ ਨਰ ਸੁਘੜ ਸਰੂਪ॥**
**ਇਕਨਾ ਨਾਦ ਨ ਬੇਦ ਨ ਗੀਅ ਰਸੁ ਰਸ ਕਸ ਨ ਜਾਣੰਤਿ॥**
**ਇਕਨਾ ਸੁਧਿ ਨ ਬੁਧਿ ਨ ਅਕਲਿ ਸਰ ਅਖਰ ਕਾ ਭੇਉ ਨ ਲਹੰਤਿ॥**
**ਨਾਨਕ ਸੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤਿ॥** *(ਪੰਨਾ ੧੨੪੬)*

ਜੀਵਨ ਦੀ ਉੱਚਤਾ ਲਈ ਆਧੁਨਿਕ ਵਿਦਵਾਨਾਂ ਅਨੁਸਾਰ ਇਕਾਗਰਤਾ, ਸਮਾਧੀ ਅਤੇ ਬਹੁਤ ਹੱਦ ਤਕ ਅਧਿਆਤਮਿਕਤਾ ਮਨੁੱਖ ਦੇ ਅੰਦਰ ਕੋਮਲ ਕਲਾ ਲਈ ਪਿਆਰ, ਸੁਹਜ-ਸੁਆਦ ਅਤੇ ਇਸ ਕਲਾ ਲਈ ਰੀਝ ਜਾਂ ਇਨ੍ਹਾਂ ਦੀ ਸਮਰੱਥਾ ਬਹੁਤ ਜ਼ਰੂਰੀ ਹੈ।

■


## ਅੰਮ੍ਰਿਤ ਸੰਚਾਰ

*ਸ੍ਰੀ ਅਕਾਲ ਤਖ਼ਤ ਸਹਿਬ ਵਿਖੇ ਹਰ ਬੁੱਧਵਾਰ ਤੇ ਐਤਵਾਰ ਨੂੰ ਦੁਪਹਿਰ ੧੨ ਵਜੇ ਅੰਮ੍ਰਿਤ-ਸੰਚਾਰ ਹੁੰਦਾ ਹੈ। ਅੰਮ੍ਰਿਤ ਅਭਿਲਾਖੀ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹਾਜ਼ਰ ਹੋ ਕੇ ਅੰਮ੍ਰਿਤਪਾਨ ਕਰ ਕੇ ਗੁਰੂ ਵਾਲੇ ਬਣਨ।*

# ਸਿੱਖ ਅਰਦਾਸ: ਸੰਕਲਪ ਅਤੇ ਮਹੱਤਵ

*-ਸ. ਬੀਰਦਵਿੰਦਰ ਸਿੰਘ**

ਅਰਦਾਸ ਸਾਡਾ ਸਿਰਜਣਹਾਰ ਨਾਲ ਰੂਹਾਨੀ ਸੰਵਾਦ ਹੈ। ਸਿੱਖ ਅਰਦਾਸ ਦੇ ਤਸੱਵਰ ਨੂੰ ਸਹੀ ਅਤੇ ਸ਼ੁੱਧ ਪਰਿਪੇਖ ਵਿਚ ਸਮਝਣ ਲਈ ਅਰਦਾਸ ਦੀ ਸੰਰਚਨਾ, ਸਾਧਨਾ ਵਿਧੀ, ਮਹੱਤਵ ਅਤੇ ਮਹਾਤਮ ਨੂੰ ਹਰ ਪਹਿਲੂ ਤੋਂ ਸਮਝਣ ਦੀ ਜ਼ਰੂਰਤ ਹੈ। ਅਰਦਾਸ ਦੇ ਸੰਕਲਪ ਨੂੰ ਜਾਣਨ ਤੋਂ ਪਹਿਲਾਂ ਇਸ ਗੱਲ ਨੂੰ ਦ੍ਰਿੜ੍ਹ ਕਰ ਲੈਣਾ ਜ਼ਰੂਰੀ ਹੈ ਕਿ ਅਰਦਾਸ ਕੇਵਲ ਈਮਾਨਪ੍ਰਸਤਾਂ ਦਾ ਇਕ ਰੂਹਾਨੀ ਵਰਤਾਰਾ ਹੈ। ਜੋ ਸਿੱਖ, ਸ੍ਰੀ ਗੁਰੂ ਗ੍ਰੰਥ ਸਾਹਿਬ, ਗੁਰੂ ਸਾਹਿਬਾਨ ਅਤੇ ਅਰਦਾਸ ਦੇ ਸਮੂਹ ਸ਼ਹੀਦਾਂ ਵਿਚ ਅਕੀਦਾ ਰੱਖਦੇ ਹਨ, ਕੇਵਲ ਉਹ ਲੋਕ ਹੀ ਸਿੱਖ ਅਰਦਾਸ ਵਿਚ ਜੁੜਨ ਦੇ ਮਹਾਤਮ ਨੂੰ ਸਮਝ ਸਕਦੇ ਹਨ। ਅਰਦਾਸ ਸਾਡੇ ਆਤਮਿਕ ਵਿਸ਼ਵਾਸ ਵਿੱਚੋਂ ਉਪਜਿਆ ਰੂਹਾਨੀ ਸੰਵਾਦ ਹੈ। ਇਸ ਸੰਵਾਦ ਵਿਚ ਜੁੜਨ ਲਈ, ਅਰਦਾਸ ਕਰਨ ਵਾਲੇ ਵਿਅਕਤੀ ਦਾ ਉਸ ਦੇ ਧਾਰਮਿਕ ਵਿਸ਼ਵਾਸ ਪ੍ਰਤੀ ਸ਼ਰਧਾਵਾਨ ਹੋਣਾ ਅਤੇ ਪੂਰਨ ਰੂਪ ਵਿਚ ਸਮਰਪਿਤ ਹੋਣਾ ਜ਼ਰੂਰੀ ਹੈ, ਤਦ ਹੀ ਅਰਦਾਸ ਦਾ ਸਮੁੱਚਾ ਪ੍ਰਯੋਜਨ ਸਮਝ ਆ ਸਕਦਾ ਹੈ। ਇਸ ਅਸਰੀਰੀ ਸੰਵਾਦ ਦੀ ਵਿਧੀ ਤੇ ਆਤਮ-ਨਿਯੰਤਰਣ ਦਾ ਅਨੁਸ਼ਾਸਨ, ਆਮ ਦੁਨਿਆਵੀ ਸੰਵਾਦ ਤੋਂ ਭਿੰਨ ਹੈ। ਅਰਦਾਸ ਸਾਡੀ ਉਪਾਸਨਾ ਸਮਾਧੀ ਦੀ ਚਰਮਸੀਮਾ ਹੈ, ਜਿਸ ਰਾਹੀਂ ਅਸੀਂ ਅਗੋਚਰ ਆਦਿ ਸੱਚ ਭਾਵ ਵਾਹਿਗੁਰੂ ਦੇ ਰੂਬਰੂ ਹੁੰਦੇ ਹਾਂ, ਆਪਣੇ ਸੁੱਖਾਂ ਤੇ ਦੁੱਖਾਂ ਦੀ ਬਾਤ ਪਾਉਂਦੇ ਹਾਂ, ਆਪਣੇ ਸਿਰਜਣਹਾਰ ਨਾਲ ਗੱਲਾਂ ਕਰਦੇ ਹਾਂ।

ਸਮੂਹਿਕ ਅਰਦਾਸ, ਭਾਵ ਸੰਗਤ ਰੂਪ ਅਰਦਾਸ ਤੇ ਵਿਅਕਤੀਗਤ ਅਰਦਾਸ ਦਾ ਮਹੱਤਵ ਅਤੇ ਮਹਾਤਮ ਵੱਖੋ-ਵੱਖਰਾ ਹੈ। ਸੰਗਤ ਰੂਪ ਅਰਦਾਸ ਵਿਚ ਅਸੀਂ ਸਮੂਹਿਕ ਸਰੋਕਾਰਾਂ ਦੀ ਦ੍ਰਿਸ਼ਟੀ ਵਿਚ ਅਕਾਲ ਪੁਰਖ ਨੂੰ ਸੰਬੋਧਤ ਹੁੰਦੇ ਹਾਂ, ਵਿਅਕਤੀਗਤ ਅਰਦਾਸ ਵਿਚ ਅਸੀਂ ਆਪਣੀ ਨਿੱਜੀ ਪੀੜ, ਦੁੱਖ-ਦਰਦ ਮਾਨਸਿਕ ਕਲੇਸ਼, ਦੇਹ ਅਰੋਗਤਾ, ਸਫ਼ਲਤਾਵਾਂ ਤੇ ਕਾਰੋਬਾਰੀ ਬਰਕਤਾਂ ਦੇ ਸਵਾਲ ਪਾਉਂਦੇ ਹਾਂ। ਇਥੇ ਮੈਂ ਫਿਰ ਦੁਹਰਾਉਂਦਾ ਹਾਂ ਕਿ ਅਰਦਾਸ ਸਾਡੇ ਮਨ ਦੇ ਵਿਸ਼ਵਾਸ ਦਾ ਪ੍ਰਤੱਖ ਰੂਪ ਹੈ, ਅਰਦਾਸ ਸਾਡੇ ਤਨ ਅਤੇ ਮਨ ਦੀ ਇਕਸੁਰਤਾ ਦਾ ਪ੍ਰਕਾਸ਼ ਤੇ ਜ਼ਹੂਰ ਹੈ। ਅਰਦਾਸ ਕਰਨ ਵਾਲੇ ਵਿਅਕਤੀ ਲਈ ਜ਼ਰੂਰੀ ਹੈ ਕਿ ਉਹ ਪੂਰੀ ਸ਼ਰਧਾ, ਨਿਮਰਤਾ ਤੇ ਸਾਵਧਾਨੀ ਨਾਲ ਅਰਦਾਸ ਵਿਚ ਜੁੜੇ। ਅਰਦਾਸ ਦੀ ਆਰੰਭਕ ਪ੍ਰਸਤਾਵਨਾ ਸਿੱਖ ਗੁਰੂ ਸਾਹਿਬਾਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਰਾਧਨਾ ਨਾਲ ਸ਼ੁਰੂ ਹੁੰਦੀ ਹੈ, ਉਸ ਤੋਂ ਉਪਰੰਤ ਚਾਰੇ ਸਾਹਿਬਜ਼ਾਦੇ, ਪੰਜ ਪਿਆਰੇ, ਚਾਲੀ ਮੁਕਤੇ, ਹਠੀਆਂ, ਜਪੀਆਂ, ਤਪੀਆਂ, ਸਿੰਘ ਸ਼ਹੀਦਾਂ, ਮੁਰੀਦਾਂ ਅਤੇ ਸਮੂਹ ਸਿਦਕਵਾਨਾਂ, ਜਿਨ੍ਹਾਂ ਨੇ ਸਿੱਖੀ ਸਿਦਕ 'ਤੇ ਸਿਰੜ ਨਾਲ ਪਹਿਰਾ ਦਿੰਦੇ ਹੋਏ ਅਨੇਕਾਂ ਝੱਲੇ ਅਤੇ ਆਪਣੀਆਂ ਕੁਰਬਾਨੀਆਂ ਦਿੱਤੀਆਂ ਪਰ 'ਸਿੱਖੀ ਸਿਦਕ' ਨੂੰ ਪਿੱਠ ਨਹੀਂ ਦਿੱਤੀ। ਇਸ ਲਈ ਅਸੀਂ ਇਨ੍ਹਾਂ ਸਭਨਾਂ ਦੀਆਂ ਸੂਰਮਗਤੀਆਂ ਤੇ ਕੁਰਬਾਨੀਆਂ ਦੀ ਉਸਤਤੀ ਵਾਰਤਾ ਨਾਲ, ਆਪਣੀ ਸਮਰੂਪਤਾ ਅਤੇ ਰੂਹਾਨੀ ਸੰਪਰਕ ਸਿਰਜਣਹਾਰ ਨਾਲ ਸਥਾਪਤ ਕਰਦੇ ਹਾਂ।

ਉਪਰੋਕਤ ਦਾ ਭਾਵ ਹੈ ਕਿ ਅਰਦਾਸ ਕਰਨ ਵਾਲਾ ਪ੍ਰਾਣੀ ਜਾਂ ਅਰਦਾਸ ਕਰ ਰਹੀ ਸੰਗਤ ਆਪਣੇ-ਆਪ ਨੂੰ ਸਿੱਖ ਗੁਰੂ ਸਾਹਿਬਾਨ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਜ ਪਿਆਰੇ, ਚਾਰ ਸਾਹਿਬਜ਼ਾਦੇ, ਚਾਲੀ ਮੁਕਤੇ, ਹਠੀਆਂ, ਜਪੀਆਂ, ਤਪੀਆਂ, ਸਿੰਘ ਸ਼ਹੀਦਾਂ, ਮੁਰੀਦਾਂ ਅਤੇ ਸਮੂਹ ਸਿਦਕਵਾਨਾਂ, ਜਿਨਾਂ ਨਾਮ ਜਪਿਆ, ਵੰਡ ਛਕਿਆ, ਦੇਗ ਚਲਾਈ ਤੇ ਤੇਗ ਵਾਹੀ, ਇਨ੍ਹਾਂ ਸਭਨਾਂ ਦਾ ਓਟ ਆਸਰਾ ਲੈ ਕੇ, ਆਪਣੇ-ਆਪ ਨੂੰ ਇਨ੍ਹਾਂ ਦੇ ਪੈਰੋਕਾਰ ਜਾਂ ਪੈਰੋਕਾਰਾਂ ਦੇ ਰੂਪ ਵਿਚ ਪੇਸ਼ ਕਰਦੇ ਹਾਂ। ਇਸ ਦੇ ਨਾਲ ਹੀ ਅਰਦਾਸ ਦਾ ਦੂਸਰਾ ਪੜਾਅ 'ਹੇ ਵਾਹਿਗੁਰੂ' ਨਾਲ ਸ਼ੁਰੂ ਹੁੰਦਾ ਹੈ, ਜਿਸ ਨਾਲ ਅਸੀਂ ਆਪਣੀ ਅੰਤਰੀਵ ਆਰਜ਼ੂ ਪੇਸ਼ ਕਰਦੇ ਹਾਂ। 'ਹੇ ਵਾਹਿਗੁਰੂ' ਦਾ ਭਾਵ ਹੈ, ਸਤਿਗੁਰਾਂ ਅੱਗੇ ਅਧਿਕ

---

**ਸਾਬਕਾ ਡਿਪਟੀ ਸਪੀਕਰ, ਪੰਜਾਬ ਵਿਧਾਨ ਸਭਾ।*

ਜ਼ੋਰ ਨਾਲ ਹਾੜ੍ਹਾ ਪਾਉਣਾ। ਅਰਦਾਸ ਕਰਦੇ ਹਾਂ, "ਸਿੱਖਾਂ ਨੂੰ ਸਿੱਖੀ ਦਾਨ, ਕੇਸ ਦਾਨ, ਰਹਿਤ ਦਾਨ, ਬਿਬੇਕ ਦਾਨ, ਵਿਸਾਹ ਦਾਨ, ਭਰੋਸਾ ਦਾਨ, ਦਾਨਾਂ ਸਿਰ ਦਾਨ ਨਾਮ ਦਾਨ, ਸ੍ਰੀ ਅੰਮ੍ਰਿਤਸਰ ਜੀ ਦੇ ਇਸ਼ਨਾਨ, ਚੌਕੀਆਂ, ਝੰਡੇ, ਬੁੰਗੇ, ਜੁਗੋ ਜੁਗ ਅਟੱਲ, ਧਰਮ ਕਾ ਜੈਕਾਰ, ਬੋਲੋ ਜੀ ਵਾਹਿਗੁਰੂ। ਸਿੱਖਾਂ ਦਾ ਮਨ ਨੀਵਾਂ, ਮੱਤ ਉੱਚੀ, ਮੱਤ ਦਾ ਰਾਖਾ ਆਪ ਵਾਹਿਗੁਰੂ।.... ਹੇ ਨਿਮਾਣਿਆਂ ਦੇ ਮਾਣ, ਨਿਤਾਣਿਆਂ ਦੇ ਤਾਣ, ਨਿਓਟਿਆਂ ਦੀ ਓਟ, ਸੱਚੇ ਪਿਤਾ ਵਾਹਿਗੁਰੂ! ਆਪ ਦੇ ਹਜ਼ੂਰ ਅਰਦਾਸ ਹੈ...' (ਇਥੇ ਅਸੀਂ ਜਿਸ ਕਾਰਜ ਲਈ ਸੰਗਤ ਜੁੜੀ ਹੋਵੇ, ਉਸ ਕਾਰਜ ਦਾ ਜ਼ਿਕਰ ਯੋਗ ਸ਼ਬਦਾਂ ਵਿਚ ਕਰਦੇ ਹਾਂ ਜਾਂ ਅਪਨੀ ਨਿੱਜੀ ਅਰਜੋਈ ਕਰਦੇ ਹਾਂ)।

ਅਰਦਾਸ ਹਮੇਸ਼ਾ ਹੀ ਦਸ ਗੁਰੂ ਸਾਹਿਬਾਨ ਦੀ ਜਾਗਤ ਜੋਤ, ਸ਼ਬਦ ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਨਮੁੱਖ ਖੜ੍ਹੇ ਹੋ ਕੇ ਕੀਤੀ ਜਾਂਦੀ ਹੈ। ਜੇਕਰ ਕਿਸੇ ਮੌਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਉਪਲਬਧ ਨਹੀਂ ਹੈ ਤਾਂ ਅਜਿਹੀ ਅਵਸਥਾ ਵਿਚ ਕਿਸੇ ਵੀ ਦਿਸ਼ਾ ਵੱਲ ਮੂੰਹ ਕਰਕੇ, ਆਪਣੀ ਅੰਤਰ ਅਰਾਧਨਾ ਰਾਹੀਂ ਵਾਹਿਗੁਰੂ ਨੂੰ ਧਿਆ ਕੇ ਵੀ ਅਰਦਾਸ ਕੀਤੀ ਜਾ ਸਕਦੀ ਹੈ। ਪਰ ਅਜਿਹੇ ਸਮੇਂ ਸਾਡੇ ਲਈ ਇਕ ਵਿਸ਼ੇਸ਼ ਚੇਤਨਾ ਰਾਹੀਂ, ਆਤਮ-ਨਿਯੰਤਰਨ ਦੀ ਵਿਧੀ ਅਪਨਾ ਕੇ ਅਰਦਾਸ ਵਿਚ ਜੁੜਨਾ ਜ਼ਰੂਰੀ ਹੈ। ਸਿੱਖ ਧਰਮ ਵਿਚ ਹਰ ਸਿੱਖ ਲਈ, ਨਿੱਤ-ਨੇਮ ਦੀ ਬਾਣੀ ਦੇ ਪਾਠ ਉਪਰੰਤ ਅਤੇ ਹੋਰ ਅਨੇਕਾਂ ਕਾਰਜਾਂ ਦੀ ਨਿਰਵਿਘਨ ਸੰਪੂਰਨਤਾ ਲਈ ਵਾਹਿਗੁਰੂ ਜੀ ਅੱਗੇ ਖੜ੍ਹੇ ਹੋ ਕੇ ਅਤੇ ਦੋਵੇਂ ਹੱਥ ਅਦਬ ਸਹਿਤ ਜੋੜ ਕੇ ਅਰਦਾਸ ਕਰਨਾ ਜ਼ਰੂਰੀ ਹੈ। ਅਰਦਾਸ ਇਕ ਪਰਮਾਰਥਿਕ ਵਰਤਾਰਾ ਤੇ ਮੁਰਾਦਾਂ ਮੰਗਣ ਦੀ ਕਿਰਿਆ ਹੈ, ਇਸ ਲਈ ਅਰਦਾਸ ਰਾਹੀਂ ਅਸੀਂ ਆਪਣੇ ਮਨ ਵਿਚ ਉਪਜੀ ਹਰ ਤਰ੍ਹਾਂ ਦੀ ਇੱਛਾ ਦੀ ਸਾਂਝ ਆਪਣੇ ਸਿਰਜਣਹਾਰ ਨਾਲ ਪਾਉਂਦੇ ਹਾਂ। ਇਸ ਸਮੇਂ ਸਾਡੇ ਅਤੇ ਵਾਹਿਗੁਰੂ ਦੇ ਦਰਮਿਆਨ ਹੋਰ ਕੋਈ ਨਹੀਂ ਹੁੰਦਾ, ਕੇਵਲ ਗੁਰੂ ਸਾਹਿਬਾਨ, ਗੁਰੂ ਸ਼ਬਦ ਤੇ ਸ਼ਹੀਦ ਸਾਡੀ ਗਵਾਹੀ ਭਰਦੇ ਹੋਏ ਸਾਡੀ ਪਾਸਬਾਨੀ ਕਰਦੇ ਹਨ। ਅਜਿਹੇ ਵਿਚ ਸਾਡਾ ਮਨ ਪੂਰੀ ਪਾਕੀਜ਼ਗੀ ਨਾਲ ਪਾਰਬ੍ਰਹਮ ਦੀ ਇਲਾਹੀ ਨਦਰ ਦਾ ਤਲਬਗਾਰ ਬਣਦਾ ਹੈ।

ਇਥੇ ਇਸ ਸਦੀਵੀ ਸੱਚ ਨੂੰ ਸਮਝਣ ਅਤੇ ਵਿਚਾਰਨ ਦੀ ਲੋੜ ਹੈ ਕਿ ਜੋ ਕੁਝ ਵੀ ਅਰਦਾਸ ਵਿਚ ਅਸੀਂ ਵਾਹਿਗੁਰੂ ਪਾਸੋਂ ਮੰਗਦੇ ਹਾਂ, ਕੀ ਅਸੀਂ ਸੱਚੇ ਮਨੋਂ ਉਸ ਦੇ ਅਭਿਲਾਸ਼ੀ ਵੀ ਹਾਂ, ਜੇ ਸੱਚੇ ਮਨੋਂ ਅਭਿਲਾਸ਼ੀ ਹਾਂ ਤਾਂ ਕੀ ਸਾਡਾ ਆਚਰਣ ਤੇ ਦਿਨ ਭਰ ਦੇ ਵਰਤਾਰੇ, ਸਾਡੀ ਅਰਦਾਸ ਦੇ ਜ਼ਹੂਰ ਅਨੁਸਾਰ, ਢੁਕਵੇਂ ਸਦਾਚਾਰਾਂ 'ਤੇ ਪੂਰੇ ਵੀ ਉਤਰਦੇ ਹਨ ਜਾਂ ਨਹੀਂ? ਇਹ ਗੱਲ ਵਿਸ਼ੇਸ਼ ਤਵੱਜੋਂ ਮੰਗਦੀ ਹੈ। ਸੋ, ਜੇ ਕੋਈ ਵਿਅਕਤੀ ਜਾਂ ਕੌਮ ਆਪਣੀ ਅਰਦਾਸ ਪ੍ਰਤੀ ਵੀ ਵਫ਼ਾਦਾਰ ਨਾ ਹੋਵੇ ਤੇ ਅਰਦਾਸ ਸਮੇਂ ਵੀ ਕੋਈ ਢੌਂਗ ਕਰ ਰਿਹਾ ਹੋਵੇ, ਤਦ ਉਸ ਦੀ ਬਹੁੜੀ ਕੌਣ ਕਰੇਗਾ? ਜੋ ਵਿਅਕਤੀ ਆਪਣੇ ਵਾਹਿਗੁਰੂ ਨੂੰ ਹਾਜ਼ਰ-ਨਾਜ਼ਰ ਜਾਣਦਿਆਂ ਹੋਇਆਂ ਵੀ ਉਸ ਦੇ ਸਨਮੁਖ ਛਲਾਵਾ ਕਰ ਸਕਦਾ ਹੈ, ਉਹ ਵਾਹਿਗੁਰੂ ਦੀ ਅਪਾਰ ਕਿਰਪਾ ਦਾ ਪਾਤਰ ਕਿਵੇਂ ਹੋ ਸਕਦਾ ਹੈ? ਅਰਦਾਸ ਨੂੰ ਕੇਵਲ ਰੋਜ਼ਮਰ੍ਹਾ ਦੀ ਇਕ ਬੰਨ੍ਹਵੀਂ ਮਸ਼ਕ ਸਮਝ ਲੈਣਾ ਵੀ ਇਕ ਅਣਉਚਿੱਤ ਤੇ ਸ਼ਰਧਾਹੀਣ ਰਵੱਈਆ ਹੈ। ਅਜੋਕੇ ਭਿਆਨਕ ਤੇ ਅਦ੍ਰਿੜ੍ਹ ਸਮਿਆਂ ਦੇ ਸੰਤਾਪ ਦੇ ਸੰਦਰਭ ਵਿਚ ਹਰ ਸਿੱਖ ਨੂੰ ਸਿੱਖ ਅਰਦਾਸ ਵਿਚ ਸੱਚੀ-ਸੁੱਚੀ ਸਮਰਪਿਤ ਭਾਵਨਾ ਨਾਲ ਜੁੜਨਾ ਅਤੇ ਆਪਣੀ ਅਰਾਧਨਾ ਦੇ ਸੱਚੇ ਪਹਿਰੇਦਾਰ ਬਣ ਕੇ ਜੀਵਨ ਨਿਰਬਾਹ ਕਰਨਾ ਹੀ 'ਸਿੱਖ ਸੰਕਲਪ' ਦਾ ਇਕ ਯੋਗ ਅਮਲ ਹੈ। ਅਰਦਾਸ ਦੇ ਅਮਲੀ ਯਥਾਰਥ ਨੂੰ ਅਨੁਭਵ ਕਰਨ ਲਈ ਸਿੱਖ ਅਰਦਾਸ ਦਾ ਸੰਕਲਪ, ਸੰਰਚਨਾ, ਆਤਮ-ਨਿਯੰਤਰਨ ਦੀ ਵਿਧੀ ਅਤੇ ਮਹਾਤਮ ਨੂੰ ਸਮੁੱਚਤਾ ਵਿਚ ਸਮਝਣ ਦੀ ਲੋੜ ਹੈ, ਨਹੀਂ ਤਾਂ ਅਸੀਂ ਰਹਿਮਤਾਂ ਦੇ ਪਾਤਰ ਬਣਨ ਤੋਂ ਵਾਂਝੇ ਰਹਿ ਸਕਦੇ ਹਾਂ। ਜੋ ਵਾਹਿਗੁਰੂ ਬਖ਼ਸ਼ਿਸ਼ਾਂ ਦੇ ਸਮਰੱਥ ਅਤੇ ਸਰਬ-ਸ਼ਕਤੀਮਾਨ ਹਨ, ਉਹ ਸਾਡੀ ਹਰ ਅਵੱਗਿਆ ਨੂੰ ਵੀ ਪਛਾਣਦੇ ਹਨ, ਉਹ ਸਭ ਦੀ ਪੀੜ ਨੂੰ ਬੁੱਝਦੇ ਤੇ ਜਾਣਦੇ ਹਨ :

**ਘਟ ਘਟ ਕੇ ਅੰਤਰ ਕੀ ਜਾਨਤ॥ ਭਲੇ ਬੁਰੇ ਕੀ ਪੀਰ ਪਛਾਨਤ॥**

ਸੋ ਆਓ, ਆਪਣੀ ਅਰਦਾਸ ਯਾਚਨਾ ਦੇ ਸੱਚੇ ਪਹਿਰੇਦਾਰ ਬਣ ਕੇ ਵਾਹਿਗੁਰੂ ਜੀ ਦੀਆਂ ਮਿਹਰਾਂ ਅਤੇ ਰਹਿਮਤਾਂ ਦੇ ਪਾਤਰ ਬਣੀਏ, ਤਾਂ ਕਿ ਸਾਡਾ ਲੋਕ ਸੁਖੀ ਤੇ ਪ੍ਰਲੋਕ ਸੁਹੇਲਾ ਹੋ ਸਕੇ। ■

ਖ਼ਬਰਨਾਮਾ

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ੩੫੦ ਸਾਲਾ ਪ੍ਰਕਾਸ਼ ਗੁਰਪੁਰਬ ਨੂੰ ਸਮਰਪਿਤ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਗੁਰਮਤਿ ਸਮਾਗਮ ਹੋਇਆ

ਅੰਮ੍ਰਿਤਸਰ- ਜਥੇਦਾਰ ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸੁੱਚਜੀ ਅਗਵਾਈ ਹੇਠ ਦਸਮੇਸ਼ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ੩੫੦ ਸਾਲਾ ਪ੍ਰਕਾਸ਼ ਗੁਰਪੁਰਬ ਨੂੰ ਸਮਰਪਿਤ ਦੂਜਾ ਗੁਰਮਤਿ ਸਮਾਗਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪੂਰਨਤਾ ਦਿਵਸ 'ਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ (ਬਠਿੰਡਾ) ਦੇ ਭਾਈ ਡੱਲ ਸਿੰਘ ਦੀਵਾਨ ਹਾਲ ਵਿਖੇ ਕਰਵਾਇਆ ਗਿਆ। ਇਤਿਹਾਸਕ ਗੁਰਦੁਆਰਾ ਸ੍ਰੀ ਲਿਖਣਸਰ ਸਾਹਿਬ ਪਾਤਸ਼ਾਹੀ ਦਸਵੀਂ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਉਪਰੰਤ ਭਾਈ ਸਿਮਰਪ੍ਰੀਤ ਸਿੰਘ ਹਜ਼ੂਰੀ ਰਾਗੀ ਜਥਾ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਨੇ ਇਲਾਹੀ ਬਾਣੀ ਦੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਭਾਈ ਜਗਤਾਰ ਸਿੰਘ ਮੁੱਖ ਗ੍ਰੰਥੀ ਤਖ਼ਤ ਸ੍ਰੀ ਦਮਦਮਾ ਸਾਹਿਬ ਨੇ ਅਰਦਾਸ ਕੀਤੀ ਤੇ ਭਾਈ ਗੁਰਕੀਰਤ ਸਿੰਘ ਨੇ ਹੁਕਮਨਾਮਾ ਲਿਆ।

ਭਾਈ ਡੱਲ ਸਿੰਘ ਦੀਵਾਨ ਹਾਲ ਵਿਖੇ ਦੂਜੇ ਗੁਰਮਤਿ ਸਮਾਗਮ ਦੀ ਆਰੰਭਤਾ ਸਮੇਂ ਭਾਈ ਰਾਏ ਸਿੰਘ ਦੇਹਰਾਦੂਨ ਤੇ ਭਾਈ ਸਤਿੰਦਰਬੀਰ ਸਿੰਘ ਹਜ਼ੂਰੀ ਰਾਗੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅਤੇ ਭਾਈ ਗੁਰਦਿਤ ਸਿੰਘ ਹਜ਼ੂਰੀ ਰਾਗੀ ਤਖ਼ਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ (ਬਠਿੰਡਾ) ਨੇ ਸੰਗਤਾਂ ਨੂੰ ਰਸ-ਭਿੰਨੇ ਕੀਰਤਨ ਰਾਹੀਂ ਨਿਹਾਲ ਕੀਤਾ। ਭਾਈ ਬਲਦੇਵ ਸਿੰਘ ਤੇ ਸ. ਸਰਬਜੀਤ ਸਿੰਘ ਲੁਧਿਆਣੇ ਵਾਲਿਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਾਨਤਾ ਤੇ ਕਲਗੀਧਰ ਦਸਮੇਸ਼ ਪਿਤਾ ਵੱਲੋਂ ਖਾਲਸਾ ਪੰਥ ਦੀ ਸਿਰਜਣਾ ਸਬੰਧੀ ਸੰਗਤਾਂ ਨਾਲ ਗੁਰਮਤਿ ਵਿਚਾਰ ਸਾਂਝੇ ਕੀਤੇ। ਉਪਰੰਤ ਭਾਈ ਪੂਰਨ ਸਿੰਘ ਅਰਸ਼ੀ, ਭਾਈ ਸਵਿੰਦਰ ਸਿੰਘ ਭੰਗੂ, ਭਾਈ ਗੁਰਿੰਦਰਪਾਲ ਸਿੰਘ ਬੈਂਕਾ ਤੇ ਭਾਈ ਜੋਗਾ ਸਿੰਘ ਭਾਗੋਵਾਲੀਆ ਦੇ ਢਾਡੀ ਅਤੇ ਕਵੀਸ਼ਰੀ ਜਥਿਆਂ ਨੇ ਸੰਗਤਾਂ ਨੂੰ ਗੁਰ ਇਤਿਹਾਸ ਸਰਵਣ ਕਰਵਾਇਆ।

ਸੰਗਤਾਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਉਂਦਿਆਂ ਸਿੰਘ ਸਾਹਿਬ ਗਿਆਨੀ ਗੁਰਮੁਖ ਸਿੰਘ ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ ਨੇ ਕਿਹਾ ਕਿ ਸਾਹਿਬੇ ਕਮਾਲ, ਸਰਬੰਸਦਾਨੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮੁਕਤਸਰ ਸਾਹਿਬ ਦੀ ਜੰਗ ਫਤਹਿ ਕਰਨ ਉਪਰੰਤ ਗੁਰਦੁਆਰਾ ਦਮਦਮਾ ਸਾਹਿਬ ਅਸਥਾਨ ਵਿਖੇ ਜੰਗੀ ਕਮਰਕੱਸਾ ਖੋਲ ਕੇ ਦਮ ਲਿਆ ਜਿਸ ਕਰਕੇ ਇਸ ਅਸਥਾਨ ਦਾ ਨਾਮ ਦਮਦਮਾ ਸਾਹਿਬ ਪ੍ਰਸਿੱਧ ਹੋਇਆ। ਉਨ੍ਹਾਂ ਕਿਹਾ ਕਿ ਇਥੇ ਦਸਵੇਂ ਪਾਤਸ਼ਾਹ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਸ਼ਾਮਲ ਕਰਕੇ ਭਾਈ ਮਨੀ ਸਿੰਘ ਪਾਸੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਲਿਖਵਾ ਕੇ ਸੰਪੂਰਨ ਕਰਵਾਈ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਦੀ ਲਿਖਾਈ ਦੇ ਕਾਰਜ ਦੀ ਸੰਪੂਰਨਤਾ ਉਪਰੰਤ ਘਸੀਆਂ ਕਲਮਾਂ ਤੇ ਬਚੀ ਹੋਈ ਸਿਆਹੀ ਤੇ ਕਾਗਜ ਨੂੰ ਲਿਖਣਸਰ ਸਰੋਵਰ ਵਿੱਚ ਜਲ ਪ੍ਰਵਾਹ ਕਰਦਿਆਂ ਦਸਮੇਸ਼ ਪਿਤਾ ਨੇ ਇਸ ਅਸਥਾਨ ਨੂੰ 'ਗੁਰੂ ਕੀ ਕਾਂਸ਼ੀ' ਦਾ ਵਰਦਾਨ ਬਖਸ਼ਿਸ਼ ਕੀਤਾ ਤੇ ਫੁਰਮਾਇਆ ਕਿ ਇਹ ਗਿਆਨ ਦਾ ਮਹਾਨ ਕੇਂਦਰ ਹੋਵੇਗਾ ਜਿਥੇ ਗੁਰਮਤਿ ਵਿੱਚ ਪ੍ਰਬੁੱਧ ਵਿਦਵਾਨ, ਲਿਖਾਰੀ ਪੈਦਾ ਹੋਣਗੇ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਦੇਸ਼ ਸਮੁੱਚੀ ਮਨੁੱਖਤਾ ਲਈ ਕਲਿਆਣਕਾਰੀ ਹੈ। ਉਨ੍ਹਾਂ ਸਮੂਹ ਸੰਗਤਾਂ ਨੂੰ ਗੁਰਸਿੱਖੀ ਜੀਵਨ ਜੀਉਣ ਤੇ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਉਪਦੇਸ਼ 'ਤੇ ਚੱਲਣ ਲਈ ਪ੍ਰੇਰਿਤ ਕੀਤਾ।

ਇਸ ਮੌਕੇ ਸ. ਮੋਹਣ ਸਿੰਘ ਬੰਗੀ ਅੰਤ੍ਰਿੰਗ ਕਮੇਟੀ ਮੈਂਬਰ ਨੇ ਜਥੇਦਾਰ ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ

ਕਮੇਟੀ ਵੱਲੋਂ ਗੁਰਮਤਿ ਸਮਾਗਮ ਵਿੱਚ ਪਹੁੰਚੀਆਂ ਸੰਗਤਾਂ ਦਾ ਧੰਨਵਾਦ ਕੀਤਾ। ਸਮਾਗਮ ਸਮੇਂ ਰਾਗੀ, ਢਾਡੀ ਤੇ ਕਵੀਸ਼ਰੀ ਜਥਿਆਂ ਅਤੇ ਪੰਥਕ ਸ਼ਖਸ਼ੀਅਤਾਂ ਨੂੰ ਗੁਰੂ-ਘਰ ਦੀ ਬਖਸ਼ਿਸ਼ ਸਿਰੋਪਾਓ ਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸ. ਮੋਹਨ ਸਿੰਘ ਬੰਗੀ ਅੰਤ੍ਰਿੰਗ ਕਮੇਟੀ ਮੈਂਬਰ, ਸ. ਜਗਸੀਰ ਸਿੰਘ ਮਾਂਗੇਆਣਾ, ਸ. ਸੁਰਜੀਤ ਸਿੰਘ ਰਾਏਪੁਰ, ਸ. ਅਮਰੀਕ ਸਿੰਘ ਕੋਟਸ਼ਮੀਰ, ਸ. ਗੁਰਤੇਜ ਸਿੰਘ ਢੱਡੇ, ਸ. ਗੁਰਪ੍ਰੀਤ ਸਿੰਘ ਝੱਬਰ, ਬੀਬੀ ਜੋਗਿੰਦਰ ਕੌਰ ਤੇ ਬੀਬੀ ਜਸਪਾਲ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਬੀਬੀ ਦਵਿੰਦਰ ਕੌਰ ਬਠਿੰਡਾ ਸਾਬਕਾ ਮੈਂਬਰ ਸ਼੍ਰੋਮਣੀ ਕਮੇਟੀ, ਸ. ਹਰਚਰਨ ਸਿੰਘ ਮੁੱਖ ਸਕੱਤਰ, ਸ. ਦਿਲਜੀਤ ਸਿੰਘ ਬੇਦੀ, ਸ. ਬਲਵਿੰਦਰ ਸਿੰਘ ਜੌੜਾਸਿੰਘਾ ਤੇ ਸ. ਕੇਵਲ ਸਿੰਘ ਵਧੀਕ ਸਕੱਤਰ, ਸ. ਜਗਜੀਤ ਸਿੰਘ ਮੀਤ ਸਕੱਤਰ, ਬਾਬਾ ਬਲਬੀਰ ਸਿੰਘ ੯੬ਵੇਂ ਕਰੋੜੀ ਮੁਖੀ ਸ਼੍ਰੋਮਣੀ ਅਕਾਲੀ ਬੁੱਢਾ ਦਲ, ਬਾਬਾ ਘਾਲਾ ਸਿੰਘ ਨਾਨਕਸਰ ਵਾਲੇ, ਬਾਬਾ ਹਰਭਜਨ ਸਿੰਘ, ਬਾਬਾ ਛੋਟਾ ਸਿੰਘ ਗੁਰਦੁਆਰਾ ਬੁੰਗਾ ਮਸਤੂਆਣਾ, ਸ. ਜਗਜੀਤ ਸਿੰਘ ਮੈਨੇਜਰ ਤਖ਼ਤ ਸ੍ਰੀ ਦਮਦਮਾ ਸਾਹਿਬ, ਸ. ਸੁਮੇਰ ਸਿੰਘ ਮੈਨੇਜਰ ਗੁਰਦੁਆਰਾ ਹਾਜੀਰਤਨ ਬਠਿੰਡਾ, ਸ. ਗੁਰਮੀਤ ਸਿੰਘ ਮੈਨੇਜਰ ਗੁਰਦੁਆਰਾ ਸਾਹਿਬ ਭੀਖੀ, ਸ. ਦਲਬਾਰਾ ਸਿੰਘ ਮੈਨੇਜਰ ਗੁਰੁਦਆਰਾ ਸਾਹਿਬ ਮਹਿਰਾਜ, ਸ. ਕੁਲਵੰਤ ਸਿੰਘ ਮੈਨੇਜਰ ਗੁਰਦੁਆਰਾ ਜਾਮਨੀ ਸਾਹਿਬ ਬਜੀਦਪੁਰ, ਸ. ਕ੍ਰਿਪਾਲ ਸਿੰਘ ਚੌਹਾਨ ਤੇ ਸ. ਸੁਖਦੇਵ ਸਿੰਘ ਇੰਚਾਰਜ ਤੇ ਸ. ਗੁਰਵੀਰ ਸਿੰਘ ਪ੍ਰਿੰਸੀਪਲ ਗੁਰਮਤਿ ਵਿਦਿਆਲਾ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਆਦਿ ਹਾਜ਼ਰ ਸਨ। *੨੯ ਅਗਸਤ*

## ਜਥੇਦਾਰ ਅਵਤਾਰ ਸਿੰਘ ਨੇ ਅਮਰੀਕੀ ਸਫ਼ਾਰਤਖਾਨੇ ਵੱਲੋਂ ਸਿੱਖ ਨੂੰ ਦਸਤਾਰ ਉਤਾਰਨ ਲਈ ਮਜਬੂਰ ਕਰਨ ਦੀ ਸਖ਼ਤ ਨਿਖੇਧੀ ਕੀਤੀ

ਅੰਮ੍ਰਿਤਸਰ- ਜਥੇਦਾਰ ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅਮਰੀਕੀ ਸਫ਼ਾਰਤਖਾਨੇ ਵੱਲੋਂ ਭਾਜਪਾ ਸੰਸਦ ਮੈਂਬਰ ਸ. ਵਰਿੰਦਰ ਸਿੰਘ ਨੂੰ ਦਸਤਾਰ ਉਤਾਰੇ ਜਾਣ ਲਈ ਮਜਬੂਰ ਕਰਨ 'ਤੇ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ।

ਉਨ੍ਹਾਂ ਕਿਹਾ ਕਿ ਦਸਤਾਰ ਸਿੱਖ ਦੀ ਰਵਾਇਤੀ ਸ਼ਾਨ ਦਾ ਪ੍ਰਤੀਕ ਹੋਣ ਦੇ ਨਾਲ-ਨਾਲ ਉਸ ਦੀ ਪਹਿਚਾਣ ਵੀ ਹੈ, ਜੋ ਕਦਾਚਿਤ ਵੀ ਉਤਾਰੀ ਨਹੀਂ ਜਾ ਸਕਦੀ। ਉਨ੍ਹਾਂ ਕਿਹਾ ਕਿ ਸਿੱਖ ਕੌਮ ਸਰਬੱਤ ਦਾ ਭਲਾ ਚਾਹੁਣ ਵਾਲੀ ਕੌਮ ਹੈ ਤੇ ਇਸ ਨੇ ਅਮਰੀਕਾ ਦੀ ਆਰਥਿਕ ਤਰੱਕੀ ਵਿੱਚ ਬਹੁਤ ਮਹੱਤਵਪੂਰਨ ਯੋਗਦਾਨ ਪਾਇਆ ਹੈ। ਉਨ੍ਹਾਂ ਕਿਹਾ ਕਿ ਸਿੱਖ ਅਮਰੀਕਾ ਵਿੱਚ ਸਨਮਾਨਯੋਗ ਅਹੁਦਿਆਂ 'ਤੇ ਵੀ ਤਾਇਨਾਤ ਹਨ। ਉਨ੍ਹਾਂ ਕਿਹਾ ਕਿ ਬਾਰ-ਬਾਰ ਅਮਰੀਕਾ ਸਫ਼ਾਰਤਖਾਨੇ ਵੱਲੋਂ ਸਿੱਖਾਂ ਨਾਲ ਇਸ ਤਰ੍ਹਾਂ ਦਾ ਵਰਤਾਓ ਕਰਨਾ ਉੱਚਿਤ ਨਹੀਂ ਹੈ।

ਉਨ੍ਹਾਂ ਭਾਰਤ ਦੀ ਵਿਦੇਸ਼ ਮੰਤਰੀ ਸ੍ਰੀਮਤੀ ਸੁਸ਼ਮਾ ਸਵਰਾਜ ਨੂੰ ਕਿਹਾ ਕਿ ਉਹ ਅਮਰੀਕਾ ਦੇ ਸਫ਼ਾਰਤਖਾਨੇ ਨਾਲ ਗੱਲਬਾਤ ਕਰਕੇ ਸਿੱਖਾਂ ਦੀ ਸਖ਼ਸ਼ੀਅਤ, ਰਹਿਣੀ-ਬਹਿਣੀ ਅਤੇ ਪਹਿਰਾਵੇ ਬਾਰੇ ਜਾਣਕਾਰੀ ਮੁਹੱਈਆ ਕਰਵਾਉਣ ਤਾਂ ਜੋ ਅਮਰੀਕੀ ਸਫ਼ਾਰਤਖਾਨੇ ਵੱਲੋਂ ਬਾਰ-ਬਾਰ ਸਿੱਖਾਂ ਨੂੰ ਦਸਤਾਰ ਉਤਾਰਨ ਲਈ ਮਜਬੂਰ ਨਾ ਕੀਤਾ ਜਾਵੇ। *੨੨ ਅਗਸਤ*

## ਇੰਦੌਰ ਦੇ ਪੀੜ੍ਹਤਾਂ ਦੀ ਤਰ੍ਹਾਂ ਦਿੱਲੀ ਦੇ ਸਿੱਖ ਨਸਲਕੁਸ਼ੀਆਂ ਨੂੰ ਵੀ ਇਨਸਾਫ਼ ਮਿਲੇ- ਜਥੇਦਾਰ ਅਵਤਾਰ ਸਿੰਘ

ਅੰਮ੍ਰਿਤਸਰ- ਜਥੇਦਾਰ ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮੱਧ ਪ੍ਰਦੇਸ਼ ਹਾਈ ਕੋਰਟ ਵੱਲੋਂ ਇੰਦੌਰ ਦੇ ਜ਼ਿਲ੍ਹਾ ਪ੍ਰਸ਼ਾਸਨ ਨੂੰ ੧੯੮੪ ਦੇ ਦੋ ਸਿੱਖ ਪੀੜ੍ਹਤਾਂ ਨੂੰ ਹੋਏ ਮਾਲੀ ਨੁਕਸਾਨ ਦੇ ਬਦਲੇ ਵਿਆਜ ਸਮੇਤ ਮੁਆਵਜ਼ਾ ਅਦਾ ਕਰਨ ਦਾ ਹੁਕਮ ਸੁਣਾਉਣ 'ਤੇ ਸ਼ਲਾਘਾ ਕੀਤੀ ਹੈ।

ਜ਼ਿਕਰਯੋਗ ਹੈ ਕਿ ਇੰਦੌਰ ਬੈਂਚ ਦੇ ਜਸਟਿਸ ਐਸ ਸੀ ਸ਼ਰਮਾ ਨੇ ਸੁਰਜੀਤ ਸਿੰਘ (੬੭) ਅਤੇ ਸ਼ਰਨ ਸਿੰਘ (੬੮) ਦੀਆਂ ਪਟੀਸ਼ਨਾਂ ਤੇ ਸੂਬਾ ਸਰਕਾਰ ਨੂੰ ੨੫-੨੫ ਹਜ਼ਾਰ ਦੇ ਜ਼ੁਰਮਾਨੇ ਨਾਲ ਇਹ ਰਕਮ ਅਦਾ ਕਰਨ ਲਈ ਹੁਕਮ ਜਾਰੀ ਕੀਤਾ ਹੈ। ਸਾਲ ੧੯੮੪ ਦੇ ਸਿੱਖ ਕਤਲੇਆਮ ਪੀੜ੍ਹਤਾਂ ਵਿੱਚ ਇੰਦੌਰ ਵਾਸੀ ਸੁਰਜੀਤ ਸਿੰਘ ਦੇ ਟਾਲ ਨੂੰ ਅੱਗ ਲਾ ਦਿੱਤੀ ਗਈ ਸੀ ਜਦ ਕਿ ਸ਼ਰਨ ਸਿੰਘ ਦੀ ਦੁਕਾਨ ਲੁੱਟ ਲਈ ਗਈ ਸੀ। ਪਰ ਦੋਹਾਂ ਨੂੰ ਸਿਰਫ਼ ਇਸ ਅਧਾਰ 'ਤੇ ਮੁਆਵਜ਼ਾ ਨਹੀਂ ਦਿੱਤਾ ਜਾ ਰਿਹਾ ਸੀ, ਕਿਉਂਕਿ ਇਨ੍ਹਾਂ ਦੇ ਨਾ ਸਿੱਖ ਕਤਲੇਆਮ ਪੀੜ੍ਹਤਾਂ ਦੀ ਸਰਕਾਰੀ ਸੂਚੀ ਵਿੱਚ ਦਰਜ ਨਹੀਂ ਸਨ।

ਜਥੇਦਾਰ ਅਵਤਾਰ ਸਿੰਘ ਨੇ ਮਾਨਯੋਗ ਇੰਦੌਰ ਹਾਈ ਕੋਰਟ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇੰਦੌਰ ਦੀ ਤਰ੍ਹਾਂ ਦਿੱਲੀ ਦੇ ੧੯੮੪ ਦੇ ਸਿੱਖ ਨਸਲਕੁਸ਼ੀ ਦੇ ਸ਼ਿਕਾਰ ਲੋਕਾਂ ਨੂੰ ਵੀ ਅਦਾਲਤ ਵੱਲੋਂ ਜਲਦ ਤੋਂ ਜਲਦ ਇਨਸਾਫ਼ ਮਿਲਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜਿਹੜੇ ਲੋਕ ੧੯੮੪ ਦੀ ਸਿੱਖ ਨਸਲਕੁਸ਼ੀ ਵੇਲੇ ਬਰਬਾਦ ਹੋਏ ਸਨ ਉਨ੍ਹਾਂ ਨੂੰ ਜਾਨੀ ਤੇ ਮਾਲੀ ਹੋਏ ਨੁਕਸਾਨ ਦੀ ਭਰਪਾਈ ਦੇ ਨਾਲ-ਨਾਲ ਦਿੱਲੀ ਸਿੱਖ ਕਤਲੇਆਮ ਦੇ ਕਾਤਲਾਂ ਨੂੰ ਸਜ਼ਾਵਾਂ ਦੇ ਕੇ ਇਨਸਾਫ਼ ਮਿਲਣਾ ਚਾਹੀਦਾ ਹੈ ਤਾਂ ਜੋ ਦਿੱਲੀ ਦੇ ਸਿੱਖਾਂ ਦੇ ਮਨਾਂ ਅੰਦਰ ਇਸ ਭਖਦੀ ਚਿੰਗਾਰੀ ਨੂੰ ਸ਼ਾਂਤ ਕੀਤਾ ਜਾ ਸਕੇ।

*੨੯ ਅਗਸਤ*

# ਭਾਰਤੀ ਫੌਜ ਵੱਲੋਂ ਕਸ਼ਮੀਰ ਦੇ ਗੁਰਦੁਆਰਾ ਸਾਹਿਬ ਦੀ ਭੰਨਤੋੜ ਅਤੇ ਸਿੱਖਾਂ ਦੇ ਘਰਾਂ ਨੂੰ ਨੁਕਸਾਨ ਪਹੁੰਚਾਉਣਾ ਨਿੰਦਣਯੋਗ- ਜਥੇ. ਅਵਤਾਰ ਸਿੰਘ

ਅੰਮ੍ਰਿਤਸਰ- ਜਥੇ. ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਭਾਰਤੀ ਫੌਜ ਵੱਲੋਂ ਕਸ਼ਮੀਰ ਦੇ ਜ਼ਿਲ੍ਹਾ ਅਨੰਤਨਾਗ ਦੇ ਪਿੰਡ ਸਾਲ੍ਹੀਆ 'ਤੇ ਹਮਲਾ ਕਰ ਕੇ ਗੁਰਦੁਆਰਾ ਸਾਹਿਬ ਦੀ ਭੰਨਤੋੜ ਅਤੇ ਮਰਯਾਦਾ ਭੰਗ ਕਰਨ ਦੀ ਸਖਤ ਸ਼ਬਦਾਂ ਵਿਚ ਨਿੰਦਾ ਕੀਤੀ ਹੈ। ਉਨ੍ਹਾਂ ਨੇ ਪ੍ਰਧਾਨ ਮੰਤਰੀ ਤੇ ਗ੍ਰਹਿ ਮੰਤਰੀ ਨੂੰ ਫੌਜ ਦੀ ਇਸ ਘਿਨਾਉਣੀ ਕਾਰਵਾਈ ਵੱਲ ਵਿਸ਼ੇਸ਼ ਧਿਆਨ ਦੇਣ ਦੀ ਅਪੀਲ ਕੀਤੀ ਹੈ।

ਇਥੋਂ ਜਾਰੀ ਇਕ ਪ੍ਰੈਸ ਨੋਟ ਵਿਚ ਸ਼੍ਰੋਮਣੀ ਕਮੇਟੀ ਦੇ ਵਧੀਕ ਸਕੱਤਰ ਤੇ ਬੁਲਾਰੇ ਸ. ਦਿਲਜੀਤ ਸਿੰਘ 'ਬੇਦੀ' ਨੇ ਕਿਹਾ ਕਿ ਕਸ਼ਮੀਰ ਵਿਚ ਵੱਸਦੇ ਸਿੱਖਾਂ ਵੱਲੋਂ ਇਹ ਘਟਨਾ ਸਾਡੇ ਧਿਆਨ ਵਿਚ ਲਿਆਂਦੀ ਗਈ ਹੈ। ਇਸ ਪਿੰਡ ਦੇ ਘਰਾਂ ਨੂੰ ਵੀ ਫੌਜੀ ਦਲਾਂ ਵੱਲੋਂ ਨੁਕਸਾਨ ਪਹੁੰਚਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਬੀਤੇ ਕੱਲ੍ਹ ਹੀ ਕਸ਼ਮੀਰੀ ਸਿੱਖਾਂ ਦਾ ਇਕ ਵਫਦ ਜਥੇਦਾਰ ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਕਮੇਟੀ ਨੂੰ ਮਿਲਿਆ ਸੀ ਜਿਸ ਨੇ ਇਹ ਖਦਸ਼ਾ ਜ਼ਾਹਿਰ ਕੀਤਾ ਸੀ ਕਿ ਅਸੀਂ ਦੁਵੱਲੀ ਚੱਕੀ ਵਿਚ ਬੁਰੀ ਤਰ੍ਹਾਂ ਪਿਸ ਰਹੇ ਹਾਂ। ਕਸ਼ਮੀਰ ਵਿਚ ਸਾਡਾ ਜੀਵਨ ਦੁੱਭਰ ਹੋਇਆ ਪਿਆ ਹੈ। ਜਿਸਦਾ ਸਬੂਤ ਭਾਰਤੀ ਫੌਜ ਵੱਲੋਂ ਸਾਡੇ ਉਪਰ ਹਮਲਾ ਕਰ ਕੇ ਦੇ ਦਿੱਤਾ ਗਿਆ ਹੈ। ਸ. ਬੇਦੀ ਨੇ ਕਿਹਾ ਕਿ ਇਸ ਸਾਰੀ ਘਟਨਾ ਬਾਰੇ ਪ੍ਰਧਾਨ ਸ਼੍ਰੋਮਣੀ ਕਮੇਟੀ ਦੇ ਧਿਆਨ ਵਿਚ ਲਿਆ ਦਿੱਤਾ ਗਿਆ ਹੈ। ਉਨ੍ਹਾਂ ਨੇ ਕਸ਼ਮੀਰ ਵਿਚ ਸਿੱਖਾਂ ਨਾਲ ਹੋ ਰਹੀ ਜ਼ਿਆਦਤੀ ਸਬੰਧੀ ਪ੍ਰਧਾਨ ਮੰਤਰੀ ਤੇ ਗ੍ਰਹਿ ਮੰਤਰੀ ਤੋਂ ਮੁਲਾਕਾਤ ਲਈ ਸਮੇਂ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਕਸ਼ਮੀਰੀ ਸਿੱਖ ਇਸ ਨਾਜ਼ੁਕ ਹਾਲਾਤ ਵਿਚ ਏਕਤਾ ਤੇ ਹੌਂਸਲੇ ਦਾ ਸਬੂਤ ਦੇਣ ਸਮੁੱਚੀ ਕੌਮ ਉਨ੍ਹਾਂ ਦੀ ਪਿੱਠ 'ਤੇ ਹੈ।

ਸ. ਬੇਦੀ ਨੇ ਕਿਹਾ ਕਿ ਜਦੋਂ ਸਾਬਕਾ ਗ੍ਰਹਿ ਮੰਤਰੀ ਲਾਲ ਕ੍ਰਿਸ਼ਨ ਅਡਵਾਨੀ ਕਸ਼ਮੀਰ ਦੇ ਦੌਰੇ 'ਤੇ ਸਨ ਤਾਂ ਉਸ ਸਮੇਂ ਚਿੱਠੀਸਿੰਗਪੁਰਾ 'ਤੇ ਅੱਤਵਾਦੀਆਂ ਨੇ ਹਮਲਾ ਕਰਕੇ ਵੱਡੀ ਗਿਣਤੀ ਵਿਚ ਸਿੱਖਾਂ ਨੂੰ ਮਾਰ ਮੁਕਾਇਆ ਸੀ। ਹੁਣ ਇਸ ਸਮੇਂ ਕੇਂਦਰੀ ਗ੍ਰਹਿ ਮੰਤਰੀ ਕਸ਼ਮੀਰ ਫੇਰੀ 'ਤੇ ਹਨ ਤੇ ਸਾਡੇ ਸਿੱਖ ਭਰਾਵਾਂ ਨੂੰ ਫੇਰ ਤਸ਼ੱਦਦ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ।

*੨੪ ਅਗਸਤ*

# ਕੇਂਦਰ ਵੱਲੋਂ ੧੯੮੪ ਦੇ ਸਿੱਖ ਕਤਲੇਆਮ ਨਾਲ ਜੁੜੇ ਮਾਮਲਿਆਂ ਦੀ ਜਾਂਚ ਐਸ. ਆਈ.ਟੀ. ਤੋਂ ਕਰਵਾਉਣੀ ਸ਼ਲਾਘਾਯੋਗ-ਜਥੇ. ਅਵਤਾਰ ਸਿੰਘ

ਅੰਮ੍ਰਿਤਸਰ ਜਥੇਦਾਰ ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕੇਂਦਰ ਸਰਕਾਰ ਵੱਲੋਂ ੧੯੮੪ ਸਿੱਖ ਕਤਲੇਆਮ ਨਾਲ ਜੁੜੇ ੨੮ ਮਾਮਲਿਆਂ ਨੂੰ ਮੁੜ ਤੋਂ ਖੋਲ੍ਹਣ ਅਤੇ ਸਮੁੱਚੇ ਮਾਮਲਿਆਂ ਦੀ ਜਾਂਚ ਐਸ.ਆਈ.ਟੀ. ਤੋਂ ਕਰਵਾਉਣ ਦੇ ਫੈਸਲੇ ਦੀ ਸ਼ਲਾਘਾ ਕੀਤੀ ਹੈ।

ਇਥੋਂ ਜਾਰੀ ਪ੍ਰੈਸ ਬਿਆਨ 'ਚ ਉਨ੍ਹਾਂ ਕਿਹਾ ਕਿ ੧੯੮੪ ਸਿੱਖ ਕਤਲੇਆਮ ਦੇ ਦੋਸ਼ੀਆਂ ਵਿਰੁੱਧ ਇਸ ਤੋਂ ਪਹਿਲਾਂ ਸੀ.ਬੀ.ਆਈ. ਵੱਲੋਂ ਆਪਣੀ ਢਿੱਲੀ ਕਾਰਗੁਜ਼ਾਰੀ ਅਤੇ ਅਣਗਹਿਲੀ ਦਾ ਸਬੂਤ ਦਿੱਤਾ ਜਾ ਚੁੱਕਾ ਹੈ। ਉਨ੍ਹਾਂ ਕਿਹਾ ਕਿ ਹੁਣ ਗ੍ਰਹਿ ਮੰਤਰਾਲੇ ਵੱਲੋਂ ਗਠਿਤ ਸਪੈਸ਼ਲ ਜਾਂਚ ਟੀਮ ਤੋਂ ੩੨ ਸਾਲ ਪੁਰਾਣੇ ਮਾਮਲੇ ਸਬੰਧੀ ਸਿੱਖਾਂ ਨੂੰ ਇਨਸਾਫ ਮਿਲਣ ਦੀ ਆਸ ਬੱਝ ਗਈ ਹੈ। ਉਨ੍ਹਾਂ ਕਿਹਾ ਕਿ ਸਿੱਖ ਕੌਮ ਦੀ ਨਸਲਕੁਸ਼ੀ ਕਰਨ ਵਾਲੇ ਕਾਤਿਲਾਂ ਨੂੰ ਜਿੰਨੀ ਦੇਰ ਤੱਕ ਸਜ਼ਾ ਨਹੀਂ ਮਿਲ ਜਾਂਦੀ ਓਨੀ ਦੇਰ ਉਨ੍ਹਾਂ ਦੇ ਸੀਨੇ ਵਿੱਚ ਹੋਏ ਜ਼ਖ਼ਮ ਰਿਸਦੇ ਰਹਿਣਗੇ। ਉਨ੍ਹਾਂ ਪੜ੍ਹੇ-ਲਿਖੇ ਅਧਿਕਾਰੀਆਂ 'ਤੇ ਆਧਾਰਿਤ ਬਣੀ ਐਸ. ਆਈ. ਟੀ. ਵਿੱਚ ਸ਼ਾਮਲ ਦੋ ਆਈ.ਪੀ.ਐਸ. ਅਤੇ ਇਕ ਨਿਆਂਇਕ ਅਧਿਕਾਰੀ ਤੋਂ ਨਿਰਪੱਖ ਜਾਂਚ ਦੀ ਉਮੀਦ ਪ੍ਰਗਟਾਈ ਹੈ ਤਾਂ ਕਿ ਲੰਮੇ ਸਮੇਂ ਤੋਂ ਇਨਸਾਫ ਦੀ ਉਡੀਕ ਵਿੱਚ ਬੈਠੇ ਸਿੱਖਾਂ ਨੂੰ ਪੂਰਨ ਨਿਆਂ ਮਿਲ ਸਕੇ।

ਉਨ੍ਹਾਂ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਉਹ ਐਸ.ਆਈ.ਟੀ. ਨੂੰ ਇਸ ਮਾਮਲੇ ਦੀ ਤੇਜ਼ੀ ਨਾਲ ਜਾਂਚ ਕਰਵਾਉਣ ਦੇ ਆਦੇਸ਼ ਦੇਣ ਤਾਂ ਕਿ ਇਨਸਾਫ ਦੀ ਪ੍ਰਕਿਰਿਆ ਵਿੱਚ ਹੋਰ ਦੇਰੀ ਨਾ ਹੋਵੇ। *੩੦ ਅਗਸਤ*

# ਕਾਰਜਪਾਲਿਕਾ ਤੇ ਨਿਆਂਪਾਲਿਕਾ '੮੪ ਦੇ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਨਾ ਦੁਆ ਕੇ ਦੋਸ਼ ਮੁਕਤ ਨਹੀਂ ਹੋ ਸਕਦੀਆਂ- ਜਥੇ. ਅਵਤਾਰ ਸਿੰਘ

ਅੰਮ੍ਰਿਤਸਰ- ਜਥੇਦਾਰ ਅਵਤਾਰ ਸਿੰਘ ਨੇ ੧੯੮੪ ਵਿਚ ਸਮੁੱਚੇ ਦੇਸ਼ ਵਿਚ ਖਾਸਕਰ ਦਿੱਲੀ ਵਿਖੇ ਹੋਏ ਸਿੱਖਾਂ ਦੇ ਕਤਲੇਆਮ ਸਬੰਧੀ ਆਪਣੇ ਵਿਚਾਰ ਵਿਅਕਤ ਕਰਦਿਆਂ ਕਿਹਾ ਕਿ ਸਿਆਸੀ ਪਾਰਟੀਆਂ ਤੋਂ ਇਲਾਵਾ ਦੇਸ਼ ਦੀ ਕਾਰਜਪਾਲਿਕਾ ਅਤੇ ਨਿਆਂਪਾਲਿਕਾ ਵੀ ਅਜ਼ਾਦ ਭਾਰਤ ਦੇ ਇਤਿਹਾਸ ਵਿੱਚ ਹੋਏ ਇਸ ਸਭ ਤੋਂ ਕਰੂਰ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਨਾ ਦੇ ਸਕਣ ਦੀ ਆਪਣੀ ਜ਼ਿੰਮੇਵਾਰੀ ਅਤੇ ਫ਼ਰਜ਼ਾਂ ਦੀ ਕੋਤਾਹੀ ਦੇ ਦੋਸ਼ ਤੋਂ ਮੁਕਤ ਨਹੀਂ ਹੋ ਸਕਦੀਆਂ। ਉਨ੍ਹਾਂ ਕਿਹਾ ਕਿ ਜੇ ਇਸ ਕਤਲੇਆਮ ਦੇ ਦੋਸ਼ੀਆਂ ਨੂੰ ਤੁਰੰਤ ਮਿਸਾਲੀ ਸਜ਼ਾਵਾਂ ਦੇ ਦਿੱਤੀਆਂ ਜਾਂਦੀਆਂ ਤਾਂ ਸ਼ਾਇਦ ਇਨ੍ਹਾਂ ਤੋਂ ਬਾਅਦ ਗੁਜਰਾਤ, ਆਸਾਮ ਅਤੇ ਉੱਤਰ ਪ੍ਰਦੇਸ਼ ਸਮੇਤ ਮੁਲਕ ਦੇ ਹੋਰ ਹਿੱਸਿਆਂ ਵਿੱਚ ਹੋਏ ਫ਼ਿਰਕੂ ਦੰਗੇ ਨਾ ਵਾਪਰਦੇ। ਉਨ੍ਹਾਂ ਕਿਹਾ ਕਿ ਇਸ ਘਿਨਾਉਣੇ ਕਤਲੇਆਮ ਨੇ ਸਿੱਖਾਂ ਸਮੇਤ ਮੁਲਕ ਦੀਆਂ ਸਮੁੱਚੀਆਂ ਘੱਟ ਗਿਣਤੀਆਂ ਵਿੱਚ ਡਰ ਅਤੇ ਦਹਿਸ਼ਤ ਦਾ ਵਾਤਾਵਰਣ ਪੈਦਾ ਕਰ ਦਿੱਤਾ ਹੈ।

ਉਨ੍ਹਾਂ ਕਿਹਾ ਕਿ ਸੰਸਦ ਅਤੇ ਵਿਧਾਨ ਸਭਾਵਾਂ ਦੀਆਂ ਚੋਣਾਂ ਸਮੇਂ ਸਿਆਸੀ ਪਾਰਟੀਆਂ ਸਿੱਖ ਭਾਈਚਾਰੇ ਦੀਆਂ ਵੋਟਾਂ ਬਨਾਉਣ ਲਈ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਦੀ ਗੱਲ ਤਾਂ ਕਰਦੀਆਂ ਹਨ, ਪਰ ਜਿੱਤਣ ਤੋਂ ਬਾਅਦ ਗਿਰਗਟ ਵਾਂਗੂੰ ਰੰਗ ਬਦਲ ਲੈਂਦੀਆਂ ਹਨ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਵੱਲੋਂ ਬਣਾਈ ਵਿਸ਼ੇਸ਼ ਜਾਂਚ ਟੀਮ ਨੇ ਇਸ ਕਤਲੇਆਮ ਦੇ ਦਿੱਲੀ ਵਿੱਚ ਦਰਜ ੬੫੦ ਕੇਸਾਂ ਵਿਚੋਂ ੪੯ ਕੇਸ ਖੋਲ੍ਹਣ ਦਾ ਫੈਂਸਲਾ ਇਸ ਦਿਸ਼ਾ ਵੱਲ ਇੱਕ ਸਾਰਥਿਕ ਕਦਮ ਕਿਹਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਦਿੱਲੀ ਪੁਲੀਸ ਨੇ ਸਬੂਤਾਂ ਦੀ ਘਾਟ ਦਾ ਹਵਾਲਾ ਦੇ ਕੇ ੨੪੧ ਕੇਸਾਂ ਨੂੰ ਬੰਦ ਕਰ ਦਿੱਤਾ ਸੀ। ਹੁਣ ਸਰਕਾਰ ਵੱਲੋਂ ੭੭ ਕੇਸਾਂ ਦੀ ਨਵੇਂ ਸਿਰਿਓਂ ਜਾਂਚ ਕਰਨ ਨਾਲ ਕੁਝ ਦੋਸ਼ੀਆਂ ਨੂੰ ਸਜ਼ਾ ਮਿਲਣ ਦੀ ਆਸ ਬੱਝੀ ਹੈ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਵੱਲੋਂ ਲਏ ਗਏ ਇਸ ਫੈਂਸਲੇ ਨਾਲ ਅਗਰ

ਦੋਸ਼ੀਆਂ ਨੂੰ ਸਜ਼ਾਵਾਂ ਮਿਲਦੀਆਂ ਹਨ ਤਾਂ ਇਸ ਨਾਲ ਕਦੇ ਆਪਣੇ ਵਿੱਛੜਿਆਂ ਨੂੰ ਭਾਵੇਂ ਕਦਾਚਿੱਤ ਵੀ ਭੁਲਾਇਆ ਨਹੀਂ ਜਾ ਸਕਦਾ ਪਰ ਸਿੱਖਾਂ ਦੇ ਰਿਸਦੇ ਜ਼ਖਮਾਂ ਤੇ ਕੁਝ ਮਲ੍ਹਮ ਜ਼ਰੂਰ ਲੱਗ ਸਕੇਗੀ।

ਉਨ੍ਹਾਂ ਕਿਹਾ ਕਿ ਇਸ ਫੈਸਲੇ ਨਾਲ ਜਿੱਥੇ ਇਨ੍ਹਾਂ ਕੇਸਾਂ ਨਾਲ ਸਬੰਧਿਤ ਦੋਸ਼ੀਆਂ ਨੂੰ ਸਜ਼ਾਵਾਂ ਮਿਲਣ ਦੀ ਮੁੜ ਤੋਂ ਆਸ ਬੱਝਣੀ ਸੁਭਾਵਿਕ ਹੈ, ਓਥੇ ਪੀੜਤਾਂ ਦੀ ਵਲੂੰਧਰੀ ਹੋਈ ਮਾਨਸਿਕਤਾ ਨੂੰ ਵੀ ਰਾਹਤ ਮਿਲੇਗੀ। ਉਨ੍ਹਾਂ ਕਿਹਾ ਕਿ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ੩੧ ਅਕਤੂਬਰ ੧੯੮੪ ਨੂੰ ਹੱਤਿਆ ਤੋਂ ਬਾਅਦ ਰਾਜਧਾਨੀ ਦਿੱਲੀ ਸਮੇਤ ਮੁਲਕ ਦੇ ਕਈ ਸੂਬਿਆਂ ਵਿੱਚ ਸਰਕਾਰੀ ਸ਼ਹਿ 'ਤੇ ਸਿੱਖਾਂ ਦਾ ਬੇਰਹਿਮੀ ਨਾਲ ਕਤਲੇਆਮ ਕੀਤਾ ਗਿਆ ਸੀ। ਸਰਕਾਰੀ ਰੀਪੋਰਟਾਂ ਅਨੁਸਾਰ ਇਸ ਕਤਲੇਆਮ ਦੌਰਾਨ ਕੁੱਲ ੩੩੨੫ ਸਿੱਖ ਮਾਰੇ ਗਏ ਸਨ ਜਿਨ੍ਹਾਂ ਵਿੱਚੋਂ ੨੭੩੩ ਕੇਵਲ ਦਿੱਲੀ ਵਿੱਚ ਹੀ ਅਣਮਨੁੱਖੀ ਤਸ਼ੱਦਦ ਨਾਲ ਕੋਹ-ਕੋਹ ਕੇ ਕਤਲ ਕਰ ਦਿੱਤੇ ਗਏ ਸਨ। ਉਨ੍ਹਾਂ ਕਿਹਾ ਕਿ ਗੈਰ ਸਰਕਾਰੀ ਰੀਪੋਰਟਾਂ ਅਨੁਸਾਰ ਇਹ ਗਿਣਤੀ ੧੦,੦੦੦ ਤੋਂ ਵੱਧ ਦੱਸੀ ਜਾਂਦੀ ਹੈ ਜਦੋਂ ਕਿ ਸਿੱਖਾਂ ਦਾ ਅਰਬਾਂ ਰੁਪਏ ਦਾ ਮਾਲੀ ਨੁਕਸਾਨ ਵੀ ਇਸ ਕਤਲੇਆਮ ਦੌਰਾਨ ਹੋਇਆ। ਉਨ੍ਹਾਂ ਕਿਹਾ ਕਿ ਅਫ਼ਸੋਸਨਾਕ ਗੱਲ ਇਹ ਹੋਈ ਕਿ ਸਰਕਾਰ, ਪ੍ਰਸ਼ਾਸਨ ਅਤੇ ਪੁਲੀਸ ਇਹ ਸਭ ਕੁਝ ਮੂਕ ਦਰਸਕ ਬਣ ਕੇ ਦੇਖਦੀ ਰਹੀ। ਹੋਰ ਤਾ ਹੋਰ ਹੱਤਿਆਵਾਂ, ਸਾੜ-ਫੂਕ, ਬਲਾਤਕਾਰ ਅਤੇ ਲੁੱਟ-ਖੋਹ ਦੀਆਂ ਘਟਨਾਵਾਂ ਦੀਆਂ ਮੁੱਢਲੀਆਂ ਰੀਪੋਰਟਾਂ ਵੀ ਪੁਲੀਸ ਸਟੇਸ਼ਨਾਂ ਵਿੱਚ ਦਰਜ ਨਾ ਕੀਤੀਆਂ ਗਈਆਂ। ਉਨ੍ਹਾਂ ਕਿਹਾ ਕਿ ੩੨ ਸਾਲ ਬੀਤ ਜਾਣ ਦੇ ਬਾਵਜੂਦ ਵੀ ਹਾਲੇ ਤੱਕ ਸਮੇਂ ਦੀ ਕੋਈ ਵੀ ਸਰਕਾਰ ਦੋਸ਼ੀਆਂ ਨੂੰ ਸਜ਼ਾ ਨਹੀਂ ਦਿਵਾ ਸਕੀ। ਹਾਲਾਤਾਂ ਦਾ ਸ਼ਿਕਾਰ ਹੋਏ ਸਿੱਖ ਪਰਿਵਾਰ ਦਰ-ਦਰ ਦੀਆਂ ਠੋਕਰਾਂ ਖਾਂਦੇ ਇਨਸਾਫ਼ ਦੀ ਉਮੀਦ ਵਿੱਚ ਭਟਕ ਰਹੇ ਹਨ, ਪਰ ਇਸ ਕਤਲੇਆਮ ਦੇ ਮੁੱਖ ਦੋਸ਼ੀ ਵੱਡੇ-ਵੱਡੇ ਅਹੁਦਿਆਂ ਤੇ ਬਿਰਾਜਮਾਨ ਹੋ ਕੇ ਸਿੱਖਾਂ ਦਾ ਮਜ਼ਾਕ ਉਡਾ ਰਹੇ ਹਨ। *੩੧ ਅਗਸਤ*

## ਅਮਰੀਕੀ ਸੰਸਦ ਮੈਂਬਰਾਂ ਵੱਲੋਂ ਫੀਬਾ ਨੂੰ ਸਿੱਖ ਖਿਡਾਰੀਆਂ ਵਿਰੁੱਧ ਵਿਤਕਰਾ ਖ਼ਤਮ ਕਰਨ ਲਈ ਕਹਿਣਾ ਸ਼ਲਾਘਾਯੋਗ- ਜਥੇ. ਅਵਤਾਰ ਸਿੰਘ

ਅੰਮ੍ਰਿਤਸਰ- ਜਥੇਦਾਰ ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕਿਹਾ ਕਿ ਅਮਰੀਕੀ ਸੰਸਦ ਮੈਂਬਰਾਂ ਵੱਲੋਂ ਕੌਮਾਂਤਰੀ ਬਾਸਕਿਟਬਾਲ ਐਸੋਸੀਏਸ਼ਨ (ਫੀਬਾ) ਨੂੰ ਪੱਗੜੀ ਸਬੰਧੀ ਸਿੱਖ ਖਿਡਾਰੀਆਂ ਵਿਰੁੱਧ ਵਿਤਕਰੇ ਵਾਲੀ ਨੀਤੀ ਖ਼ਤਮ ਕਰਨ ਲਈ ਕਹਿਣਾ ਸ਼ਲਾਘਾਯੋਗ ਹੈ।

ਇਥੋਂ ਜਾਰੀ ਪ੍ਰੈਸ ਬਿਆਨ ਵਿੱਚ ਉਨ੍ਹਾਂ ਕਿਹਾ ਕਿ 'ਫੀਬਾ' ਵੱਲੋਂ ਭੇਦਭਾਵ ਦੀ ਨੀਤੀ ਹੇਠ ਜਾਪਾਨ 'ਚ ਹੋਏ ਏਸ਼ੀਆ ਕੱਪ ਦੌਰਾਨ ਦੋ ਸਿੱਖ ਖਿਡਾਰੀਆਂ ਸ. ਅੰਮ੍ਰਿਤਪਾਲ ਸਿੰਘ ਤੇ ਸ. ਅਮਜੋਤ ਸਿੰਘ ਅਤੇ ਅਰਬੀ ਦੇਸ਼ ਦੋਹਾ-ਕਤਰ ਵਿੱਚ ਅੰਡਰ-੧੯ ਏਸ਼ੀਆ ਬਾਸਕਿਟਬਾਲ ਚੈਂਪੀਅਨਸ਼ਿਪ ਵਿੱਚ ਸ. ਅਨਮੋਲ ਸਿੰਘ ਨੂੰ ਸਿਰ 'ਤੇ ਪਟਕਾ (ਛੋਟੀ ਦਸਤਾਰ) ਬੰਨ੍ਹਿਆ ਹੋਣ ਕਰਕੇ ਖੇਡਣ ਤੋਂ ਰੋਕਿਆ ਗਿਆ ਸੀ, ਜਿਸ ਦਾ ਸ਼੍ਰੋਮਣੀ ਕਮੇਟੀ ਵੱਲੋਂ ਸਖ਼ਤ ਵਿਰੋਧ ਕਰਦਿਆਂ ਫੀਬਾ ਨੂੰ ਆਪਣੇ ਨਿਯਮਾਂ 'ਚ ਸੋਧ ਕਰਨ ਲਈ ਕਿਹਾ ਗਿਆ ਸੀ।ਉਨ੍ਹਾਂ ਕਿਹਾ ਕਿ ਫੀਬਾ ਵੱਲੋਂ ਅਜਿਹੀਆਂ ਕਾਰਵਾਈਆਂ ਨਾਲ ਜਿਥੇ ਸਿੱਖ ਖਿਡਾਰੀਆਂ ਦੇ ਵਕਾਰ ਨੂੰ ਭਾਰੀ ਸੱਟ ਵੱਜ ਰਹੀ ਹੈ ਉਥੇ ਦੇਸ਼-ਵਿਦੇਸ਼ ਵੱਸਦੇ ਸਿੱਖ ਭਾਈਚਾਰੇ 'ਚ ਗੁੱਸੇ ਦੀ ਲਹਿਰ ਪਾਈ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਦਸਤਾਰ ਸਿੱਖ ਦੀ ਪਹਿਚਾਣ ਹੈ ਇਸ ਨੂੰ ਬੰਨ੍ਹ ਕੇ ਖੇਡਣ ਨਾਲ ਖੇਡ 'ਤੇ ਕੋਈ ਅਸਰ ਨਹੀਂ ਪੈਂਦਾ ਤੇ ਨਾ ਹੀ ਕਿਸੇ ਨੂੰ ਕੋਈ ਨੁਕਸਾਨ ਪਹੁੰਚਦਾ ਹੈ। ਉਨ੍ਹਾਂ ਫੀਬਾ ਦੇ ਮੁਖੀ ਹੋਰਾਸਿਓ ਮੁਰਾਤੋਰੀ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਇਸ ਮਾਮਲੇ ਨੂੰ ਅੱਗੇ ਪਾਉਣ ਦੀ ਥਾਂ ਦਸਤਾਰਧਾਰੀ ਸਿੱਖਾਂ ਖਿਲਾਫ ਭੇਦਭਾਵ ਦੀ ਨੀਤੀ ਤਿਆਗ ਕੇ ਉਨ੍ਹਾਂ ਨੂੰ ਬਾਸਕਿਟਬਾਲ ਖੇਡਣ ਦੀ ਇਜ਼ਾਜਤ ਦੇਣ।

*੨੫ ਅਗਸਤ*

# ਭਾਰਤ ਸਰਕਾਰ ਵੱਲੋਂ ਕਾਲੀ ਸੂਚੀ 'ਚੋਂ ਸਿੱਖਾਂ ਦਾ ਨਾਮ ਹਟਾਉਣਾ ਸਵਾਗਤਯੋਗ- ਜਥੇਦਾਰ ਅਵਤਾਰ ਸਿੰਘ

ਅੰਮ੍ਰਿਤਸਰ- ਭਾਰਤ ਸਰਕਾਰ ਵੱਲੋਂ ਪਿਛਲੇ ਚਾਰ ਸਾਲਾਂ ਦੌਰਾਨ ੨੨੫ ਸਿੱਖਾਂ ਦਾ ਨਾਮ ਕਾਲੀ ਸੂਚੀ 'ਚੋਂ ਹਟਾਉਣਾ ਸਵਾਗਤਯੋਗ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਜਥੇਦਾਰ ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਥੋਂ ਜਾਰੀ ਪ੍ਰੈਸ ਬਿਆਨ 'ਚ ਕੀਤਾ।

ਉਨ੍ਹਾਂ ਕਿਹਾ ਕਿ ਸਾਲ ੧੯੮੦ ਤੋਂ ਬਾਅਦ ਉਸ ਵੇਲੇ ਦੀ ਕਾਂਗਰਸ ਸਰਕਾਰ ਨੇ ੨੯੮ ਸਿੱਖਾਂ ਦੀ ਕਾਲੀ ਸੂਚੀ ਬਣਾਈ ਸੀ ਜਿਸ ਕਾਰਨ ਜ਼ਿਆਦਾਤਾਰ ਸਿੱਖਾਂ ਨੂੰ ਆਪਣੇ ਪਰਿਵਾਰਾਂ ਸਮੇਤ ਵਿਦੇਸ਼ਾਂ ਵਿੱਚ ਵੱਸਣ ਲਈ ਮਜ਼ਬੂਰ ਹੋਣਾ ਪਿਆ ਅਤੇ ਇਨ੍ਹਾਂ ਨੂੰ ਭਾਰਤ ਆਉਣ ਦੀ ਇਜ਼ਾਜਤ ਨਹੀਂ ਮਿਲੀ। ਉਨ੍ਹਾਂ ਕਿਹਾ ਕਿ ਇਸ ਕਾਲੀ ਸੂਚੀ ਵਿਚੋਂ ਉਕਤ ਸਿੱਖਾਂ ਦਾ ਨਾਮ ਹਟਾਉਣ ਨਾਲ ਹੁਣ ਇਹ ਭਾਰਤ ਆ ਸਕਣਗੇ ਜੋ ਬਹੁਤ ਖੁਸ਼ੀ ਦੀ ਗੱਲ ਹੈ। ਉਨ੍ਹਾਂ ਸ. ਪਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਪੰਜਾਬ ਅਤੇ ਸ. ਸੁਖਬੀਰ ਸਿੰਘ ਬਾਦਲ ਉਪ ਮੁੱਖ ਮੰਤਰੀ ਦਾ ਵੀ ਧੰਨਵਾਦ ਕੀਤਾ ਜਿਨ੍ਹਾਂ ਇਸ ਮੁੱਦੇ ਨੂੰ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਕੋਲ ਗੰਭੀਰਤਾ ਨਾਲ ਉਠਾਇਆ।

ਉਨ੍ਹਾਂ ਭਾਰਤ ਸਰਕਾਰ ਤੋਂ ਮੰਗ ਕਰਦਿਆਂ ਕਿਹਾ ਕਿ ਜਿਸ ਤਰ੍ਹਾਂ ੨੨੫ ਸਿੱਖਾਂ ਨੂੰ ਕਾਲੀ ਸੂਚੀ ਵਿਚੋਂ ਹਟਾਇਆ ਗਿਆ ਹੈ, ਉਸੇ ਤਰਜ 'ਤੇ ਬਾਕੀ ਰਹਿੰਦੇ ੭੩ ਸਿੱਖਾਂ ਨੂੰ ਵੀ ਜਲਦ ਤੋਂ ਜਲਦ ਇਸ ਸੂਚੀ ਤੋਂ ਬਾਹਰ ਕੀਤਾ ਜਾਵੇ ਤਾਂ ਕਿ ਇਨ੍ਹਾਂ 'ਤੇ ਆਪਣੇ ਮੁਲਕ ਭਾਰਤ ਆਉਣ ਦੀ ਲੱਗੀ ਪਾਬੰਦੀ ਨੂੰ ਹਮੇਸ਼ਾ ਲਈ ਖ਼ਤਮ ਕੀਤਾ ਜਾ ਸਕੇ।

*੧੯ ਅਗਸਤ*

# ਜਥੇਦਾਰ ਅਵਤਾਰ ਸਿੰਘ ਨੇ ਆਕਾਸ਼ਵਾਣੀ ਦਿੱਲੀ ਤੋਂ ਪੰਜਾਬੀ ਖ਼ਬਰਾਂ ਦਾ ਪ੍ਰਸਾਰਣ ਬੰਦ ਕਰਨ ਦੀ ਸਖ਼ਤ ਸ਼ਬਦਾਂ 'ਚ ਨਿਖੇਧੀ ਕੀਤੀ

ਅੰਮ੍ਰਿਤਸਰ- ਜਥੇਦਾਰ ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕੇਂਦਰ ਸਰਕਾਰ ਵੱਲੋਂ ਆਕਾਸ਼ਵਾਣੀ ਦਿੱਲੀ ਤੋਂ ਪੰਜਾਬੀ ਖ਼ਬਰਾਂ ਦਾ ਪ੍ਰਸਾਰਣ ਬੰਦ ਕਰਨ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ। ਇਥੋਂ ਜਾਰੀ ਪ੍ਰੈਸ ਬਿਆਨ 'ਚ ਉਨ੍ਹਾਂ ਕਿਹਾ ਕਿ ਦਿੱਲੀ ਵਿੱਚ ਸੰਸਕ੍ਰਿਤ ਤੇ ਉਰਦੂ ਬੋਲਣ ਤੇ ਸੁਣਨ ਵਾਲਿਆਂ ਦੀ ਗਿਣਤੀ ਨਾਮਾਤਰ ਹੈ, ਜਦੋਕਿ ੩੫ ਫੀਸਦੀ ਪੰਜਾਬੀ ਭਾਸ਼ਾ ਬੋਲਣ ਵਾਲੇ ਰਹਿੰਦੇ ਹਨ ਜਿਨ੍ਹਾਂ ਨਾਲ ਪੱਖਪਾਤੀ ਰਵੱਈਏ ਤਹਿਤ ਮਤਰੇਈ ਮਾਂ ਵਾਲਾ ਸਲੂਕ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਆਲ ਇੰਡੀਆ ਰੇਡੀਓ ਤੋਂ ਕਾਫੀ ਸਮੇਂ ਤੋਂ ਚੱਲ ਰਹੀਆਂ ਪੰਜਾਬੀ ਖ਼ਬਰਾਂ ਨੂੰ ਸਟਾਫ ਦੀ ਘਾਟ ਦਾ ਬਹਾਨਾ ਲਾ ਕੇ ਦਿੱਲੀ ਤੋਂ ਤਬਦੀਲ ਕਰਨਾ ਮਾਂ-ਬੋਲੀ ਪੰਜਾਬੀ ਭਾਸ਼ਾ ਨਾਲ ਵੱਡਾ ਧੱਕਾ ਹੈ। ਉਨ੍ਹਾਂ ਕਿਹਾ ਕਿ ਵਿਦੇਸ਼ਾਂ ਵਿੱਚ ਪੰਜਾਬੀ ਭਾਸ਼ਾ ਨੂੰ ਵੱਡੇ ਪੱਧਰ 'ਤੇ ਬਣਦਾ ਮਾਣ ਸਤਿਕਾਰ ਮਿਲ ਰਿਹਾ ਹੈ, ਪਰ ਆਪਣੇ ਮੁਲਕ ਵਿੱਚ ਪੰਜਾਬੀ ਭਾਸ਼ਾ ਨਾਲ ਵਿਤਕਰਾ ਜਾਇਜ਼ ਨਹੀਂ ਹੈ।

ਉਨ੍ਹਾਂ ਕੇਂਦਰੀ ਸੂਚਨਾ ਤੇ ਪ੍ਰਸਾਰਣ ਮੰਤਰੀ ਸ੍ਰੀ ਰਵੀ ਸ਼ੰਕਰ ਪ੍ਰਸ਼ਾਦ ਤੋਂ ਮੰਗ ਕੀਤੀ ਕਿ ਪੰਜਾਬੀ ਖ਼ਬਰਾਂ ਦੇ ਪ੍ਰਸਾਰਣ ਨੂੰ ਬੰਦ ਕਰਨ ਦੇ ਫੈਸਲੇ ਨੂੰ ਤੁਰੰਤ ਵਾਪਸ ਲਿਆ ਜਾਵੇ ਤੇ ਪੂਰੀ ਸੁਹਿਰਦਤਾ ਨਾਲ ਇਸ ਨੂੰ ਬਣਦਾ ਮਾਣ ਸਤਿਕਾਰ ਦੇਣ। ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬੀ ਭਾਸ਼ਾ ਬੋਲਣ ਵਾਲੇ ਸਟਾਫ ਦੀ ਘਾਟ ਨੂੰ ਪੂਰਾ ਕਰਕੇ ਇਸ ਸਮੱਸਿਆ ਦਾ ਹੱਲ ਕੀਤਾ ਜਾ ਸਕਦਾ ਹੈ ਜਿਸ ਲਈ ਕੇਂਦਰ ਸਰਕਾਰ ਵੱਲੋਂ ਠੋਸ ਯਤਨਾਂ ਦੀ ਜ਼ਰੂਰਤ ਹੈ।

*੨੦ ਅਗਸਤ*

# ਕਾਂਗਰਸ ਵੱਲੋਂ ਰਾਜੀਵ ਗਾਂਧੀ ਦੇ ਵਿਵਾਦਿਤ ਬਿਆਨ ਨੂੰ ਟਵੀਟ ਕਰਨਾ ਸਿੱਖ ਵਿਰੋਧੀ ਸੋਚ ਦਾ ਪ੍ਰਗਟਾਵਾ- ਜਥੇ. ਅਵਤਾਰ ਸਿੰਘ

ਅੰਮ੍ਰਿਤਸਰ- ਜਥੇਦਾਰ ਅਵਤਾਰ ਸਿੰਘ ਨੇ ਪੱਛਮੀ ਬੰਗਾਲ ਕਾਂਗਰਸ ਵੱਲੋਂ ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦਾ ਜਨਮ ਦਿਨ ਮਨਾਉਣ ਸਮੇਂ ਉਨ੍ਹਾਂ ਦਾ ੧੯੮੪ ਦੇ ਦੰਗਿਆਂ ਵੇਲੇ ਦਿੱਤਾ ਵਿਵਾਦਿਤ ਬਿਆਨ ਟਵੀਟ ਕਰਕੇ ਇੱਕ ਵਾਰ ਫੇਰ ਸਿੱਖਾਂ ਦੇ ਜ਼ਖ਼ਮਾਂ ਨੂੰ ਕੁਰੇਦਿਆ ਹੈ। ਉਨ੍ਹਾਂ ਕਿਹਾ ਕਿ ਇਹ ਬਿਆਨ ਭਾਰਤ ਦੀ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਮੌਤ ਦੇ ਬਾਅਦ ਉਸ ਸਮੇਂ ਦੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਦਿੱਤਾ ਸੀ ਤੇ ਇਸ ਤੋਂ ਮਗਰੋਂ ਦਿੱਲੀ ਵਿੱਚ ਬਹੁਤ ਹੀ ਦਰਦਨਾਕ ਤਰੀਕੇ ਨਾਲ ਸਿੱਖ ਨਸਲਕੁਸ਼ੀ ਕੀਤੀ ਗਈ, ਜਿਸ ਦਾ ਅਜੇ ਤੱਕ ਕਿਸੇ ਵੀ ਸਰਕਾਰ ਵੱਲੋਂ ਇਨਸਾਫ਼ ਨਹੀਂ ਮਿਲ ਪਾਇਆ। ਉਨ੍ਹਾਂ ਕਿਹਾ ਕਿ ਇਸ ਵਾਪਰੀ ਮੰਦਭਾਗੀ ਘਟਨਾ ਦੀ ਅੱਗ ਅਜੇ ਵੀ ਸਿੱਖ ਹਿਰਦਿਆਂ ਵਿੱਚ ਚੰਗਿਆੜੀ ਬਣ ਕੇ ਭੜਕ ਰਹੀ ਹੈ। ਉਨ੍ਹਾਂ ਕਿਹਾ ਕਿ ਪੂਰੇ ਦੇਸ਼-ਵਿਦੇਸ਼ ਦੇ ਸਿੱਖਾਂ ਵਿੱਚ ਇਸ ਬਿਆਨ ਸਬੰਧੀ ਭਾਰੀ ਰੋਸ ਤੇ ਰੋਹ ਪਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਜਮਾਤ ਹਮੇਸ਼ਾਂ ਸਿੱਖ ਵਿਰੋਧੀ ਰਹੀ ਹੈ ਤੇ ਉਸ ਨੇ ਰਾਜੀਵ ਗਾਂਧੀ ਦੇ ਵਿਵਾਦਿਤ ਬਿਆਨ ਨੂੰ ਦੁਹਰਾ ਕੇ ਆਪਣੀ ਬੇਸ਼ਰਮੀ ਦਾ ਸਬੂਤ ਇਕ ਵਾਰ ਫੇਰ ਦੇ ਦਿੱਤਾ ਹੈ। ਉਨ੍ਹਾਂ ਕਾਂਗਰਸ ਦੇ ਬੁਲਾਰੇ ਪ੍ਰਿਅੰਕਾ ਚਤੁਰਵੇਦੀ ਦੇ ਇਸ ਬਿਆਨ ਨੂੰ ਝੁਠਲਾਉਂਦੇ ਹੋਏ ਕਿਹਾ ਕਿ ਕੋਈ ਵੀ ਪਾਰਟੀ ਇਸ ਬਿਆਨ 'ਤੇ ਸਿਆਸੀ ਰੋਟੀਆਂ ਨਹੀਂ ਸੇਕ ਰਹੀ ਬਲਕਿ ਕਾਂਗਰਸ ਹੀ ਸਿੱਖਾਂ ਦੀਆਂ ਸੁਲਗਦੀਆਂ ਲਾਸ਼ਾਂ ਤੇ ਆਪਣੀਆਂ ਰੋਟੀਆਂ ਸੇਕ ਕੇ ਜਸ਼ਨ ਮਨਾ ਰਹੀ ਹੈ ਤੇ ਕਾਂਗਰਸ ਆਪਣੀ ਇਸ ਹਰਕਤ ਤੇ ਸ਼ਰਮਸਾਰ ਹੋਣ ਦੀ ਬਿਜਾਏ ਦੂਸਰੀਆਂ ਪਾਰਟੀਆਂ ਤੇ ਦੋਸ਼ ਮੜ੍ਹ ਰਹੀ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਦੇ ਇਸ ਬਿਆਨ ਨੇ ਇੱਕ ਵਾਰ ਫੇਰ ਇਹ ਸਾਬਤ ਕਰ ਦਿੱਤਾ ਹੈ ਕਿ ਉਹ ਕਦੇ ਵੀ ਸਿੱਖਾਂ ਦੀ ਹਿਤੈਸ਼ੀ ਨਹੀਂ ਹੋ ਸਕਦੀ। *੨੧ ਅਗਸਤ*

# ਵਿਦੇਸ਼ਾਂ ਦੀਆਂ ਸਰਕਾਰਾਂ ਤੇ ਅੰਬੈਸੀਆਂ ਨੂੰ ਸਿੱਖਾਂ ਦੀ ਪਹਿਚਾਣ ਸਬੰਧੀ ਕਿਤਾਬਚਾ ਭੇਜਿਆ ਜਾਵੇਗਾ- ਜਥੇ. ਅਵਤਾਰ ਸਿੰਘ

## ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਤਸਵੀਰ ਹਵਾਈ ਅੱਡਿਆਂ 'ਤੇ ਲਗਾਉਣ ਲਈ ਸਰਕਾਰਾਂ ਨਾਲ ਰਾਬਤਾ ਕਾਇਮ ਕੀਤਾ ਜਾਵੇਗਾ

ਅੰਮ੍ਰਿਤਸਰ- ਜਥੇਦਾਰ ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨਗੀ ਹੇਠ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਦੇ ਗਿਆਨੀ ਗੁਰਮੁਖ ਸਿੰਘ ਯਾਦਗਾਰੀ ਇਕੱਤਰਤਾ ਘਰ ਵਿਖੇ ਹੋਈ। ਜਿਸ ਵਿੱਚ ਅਮਲਾ ਵਿਭਾਗ, ਟਰੱਸਟ ਵਿਭਾਗ, ਵਿਦਿਅਕ ਅਦਾਰੇ ਅਤੇ ਸੈਕਸ਼ਨ ੮੫ ਤੇ ੮੭ ਦੇ ਗੁਰਦੁਆਰਾ ਸਾਹਿਬਾਨ ਦੇ ਕੇਸਾਂ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ। ਇਕੱਤਰਤਾ ਦੀ ਆਰੰਭਤਾ ਮੂਲ ਮੰਤਰ ਦੇ ਜਾਪ ਕਰਕੇ ਕੀਤੀ ਗਈ।

ਇਕੱਤਰਤਾ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜਥੇਦਾਰ ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਕਮੇਟੀ ਨੇ ਕਿਹਾ ਕਿ ਕੈਲੀਫੋਰਨੀਆਂ ਦੇ ਯੂਨੀਅਨ ਸਿਟੀ ਵਿੱਚ ਕਿਸੇ ਅਣਪਛਾਤੇ ਵਿਅਕਤੀ ਵੱਲੋਂ ਸ੍ਰੀ ਸੁਖਮਨੀ ਸਾਹਿਬ ਜੀ ਦੀ ਪਾਵਨ ਬਾਣੀ ਦਾ ਗੁਟਕਾ ਸਾਹਿਬ ਪਾੜ ਕੇ ਸੁੱਟਣ 'ਤੇ ਡੂੰਘੇ ਦੁੱਖ ਦਾ ਇਜ਼ਹਾਰ ਕਰਦਿਆਂ ਨਿਖੇਧੀ ਕੀਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਭਾਰਤ ਦੀ ਵਿਦੇਸ਼ ਮੰਤਰੀ ਸ੍ਰੀ ਮਤੀ ਸੁਸ਼ਮਾ ਸਵਰਾਜ ਨੂੰ ਕੈਲੀਫੋਰਨੀਆਂ ਸਰਕਾਰ ਨਾਲ ਰਾਫ਼ਤਾ ਕਾਇਮ ਕਰਕੇ ਜਿਸ ਵੀ ਕਿਸੇ ਵਿਅਕਤੀ ਨੇ ਇਸ ਸ਼ਰਮਨਾਕ ਘਟਨਾ ਨੂੰ ਅੰਜ਼ਾਮ ਦਿੱਤਾ ਹੈ ਉਸ ਨੂੰ

ਤੁਰੰਤ ਗ੍ਰਿਫ਼ਤਾਰ ਕਰਕੇ ਕਾਨੂੰਨ ਅਨੁਸਾਰ ਸਜ਼ਾ ਦਿਵਾਉਣ ਲਈ ਅਪੀਲ ਕੀਤੀ ਗਈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਜਲਦ ਹੀ ਇਕ ਕਿਤਾਬਚਾ ਤਿਆਰ ਕੀਤਾ ਜਾਵੇਗਾ ਜਿਸ ਵਿੱਚ ਸਿੱਖਾਂ ਦੀ ਪਹਿਚਾਣ, ਮਰਿਯਾਦਾ ਅਤੇ ਪ੍ਰੰਪਰਾਵਾਂ ਬਾਰੇ ਜਾਣਕਾਰੀ ਦਿੱਤੀ ਜਾਵੇਗੀ ਅਤੇ ਇਹ ਬਰੋਸ਼ਰ ਵਿਦੇਸ਼ਾਂ ਦੀਆਂ ਸਰਕਾਰਾਂ ਤੇ ਅੰਬੈਸੀਆਂ ਨੂੰ ਭੇਜਿਆ ਜਾਵੇਗਾ ਤਾਂ ਜੋ ਉਥੋਂ ਦੇ ਬਸ਼ਿੰਦਿਆਂ ਨੂੰ ਸਿੱਖਾਂ ਬਾਰੇ ਸਹੀ ਜਾਣਕਾਰੀ ਮੁਹੱਈਆ ਕਰਵਾਈ ਜਾ ਸਕੇ। ਉਨ੍ਹਾਂ ਕਿਹਾ ਕਿ ਜਦ ਵੀ ਕੋਈ ਸਿੱਖ ਅਮਰੀਕਾ ਜਾਂਦਾ ਹੈ ਜੇਕਰ ਉਸ ਦੇ ਪਾਸਪੋਰਟ ਉਪਰ ਪਾਕਿਸਤਾਨ ਦਾ ਵੀਜ਼ਾ ਲੱਗਾ ਹੁੰਦਾ ਹੈ ਤਾਂ ਉਸ ਨੂੰ ਅਮਰੀਕਾ ਦਾ ਇਮੀਗ੍ਰੇਸ਼ਨ ਵਿਭਾਗ ਪ੍ਰੇਸ਼ਾਨ ਕਰਦਾ ਹੈ ਅਤੇ ਸ਼ੱਕ ਦੀ ਨਜ਼ਰ ਨਾਲ ਦੇਖਦਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਨੂੰ ਪੱਤਰ ਲਿਖ ਕੇ ਇਹ ਦੱਸਣ ਦਾ ਯਤਨ ਕੀਤਾ ਜਾਵੇਗਾ ਕਿ ਦੁਨੀਆਂ ਭਰ ਦੇ ਸਿੱਖ ਅਕਸਰ ਹੀ ਆਪਣੇ ਇਤਿਹਾਸਕ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ ਕਰਨ ਲਈ ਪਾਕਿਸਤਾਨ ਜਾਂਦੇ ਰਹਿੰਦੇ ਹਨ। ਇਸ ਕਰਕੇ ਅਮਰੀਕਾ ਦੇ ਇਮੀਗ੍ਰੇਸ਼ਨ ਵਿਭਾਗ ਵੱਲੋਂ ਸਿੱਖਾਂ ਨੂੰ ਉਨ੍ਹਾਂ ਦੇ ਪਾਸਪੋਰਟ 'ਤੇ ਪਾਕਿਸਤਾਨ ਦਾ ਵੀਜ਼ਾ ਲੱਗਾ ਹੋਣ ਕਾਰਨ ਪ੍ਰੇਸ਼ਾਨ ਨਾ ਕੀਤਾ ਜਾਵੇ। ਉਨ੍ਹਾਂ ਰਾਏਕੋਟ ਤੋਂ ਚੱਲੀ ਜਗਰਾਓਂ ਰੋਡਵੇਜ ਦੀ ਬੱਸ ਵਿੱਚ ਕਿਸੇ ਵਿਅਕਤੀ ਵੱਲੋਂ ਗੁਰਬਾਣੀ ਦੇ ਗੁਟਕਾ ਸਾਹਿਬ ਦੇ ਪਤਰੇ ਪਾੜ ਕੇ ਸੁੱਟੇ ਜਾਣ ਦੀ ਵੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ। ਉਨ੍ਹਾਂ ਦੱਸਿਆ ਕਿ ਅੰਮ੍ਰਿਤਸਰ ਦੇ ਅਟਾਰੀ ਰੇਲਵੇ ਸਟੇਸ਼ਨ, ਇੰਟਰਨੈਸ਼ਨਲ ਏਅਰਪੋਰਟ ਦਿੱਲੀ, ਚੰਡੀਗੜ੍ਹ, ਅੰਮ੍ਰਿਤਸਰ ਤੋਂ ਇਲਾਵਾ ਪੰਜਾਬ ਦੇ ਹੋਰ ਡੋਮੈਸਟਿਕ ਹਵਾਈ ਅੱਡਿਆਂ 'ਤੇ ਉਥੋਂ ਦੀਆਂ ਸਰਕਾਰਾਂ ਨਾਲ ਰਾਬਤਾ ਕਾਇਮ ਕਰਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਤਸਵੀਰ ਲਗਾਈ ਜਾਵੇਗੀ ਤਾਂ ਕਿ ਦੇਸ਼-ਵਿਦੇਸ਼ ਤੋਂ ਆਉਣ ਵਾਲੇ ਯਾਤਰੂਆਂ ਨੂੰ ਸਿੱਖੀ ਦੇ ਮੁਕੱਦਸ ਅਸਥਾਨ ਦੇ ਇਤਿਹਾਸ ਤੋਂ ਜਾਣੂ ਕਰਵਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਪਾਕਿਸਤਾਨ ਵਿਖੇ ਗੁਰਦੁਆਰਾ ਸਾਹਿਬਾਨਾਂ ਦੇ ਦਰਸ਼ਨਾਂ ਨੂੰ ਜਾਣ ਵਾਲੀਆਂ ਸੰਗਤਾਂ ਦੀ ਸ਼ਰਧਾ ਭਾਵਨਾ ਨੂੰ ਧਿਆਨ ਵਿੱਚ ਰੱਖਦਿਆਂ ਹੋਇਆ ਪਾਕਿਸਤਾਨ ਸਰਕਾਰ ਤੇ ਅੰਬੈਂਸੀ ਨਾਲ ਰਾਬਤਾ ਕਾਇਮ ਕਰਕੇ ਵੱਧ ਤੋਂ ਵੱਧ ਵੀਜ਼ਿਆਂ ਦੀ ਪ੍ਰਵਾਨਗੀ ਲਈ ਅਪੀਲ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਭਾਰਤ ਦੇ ਵੱਖ-ਵੱਖ ਰਾਜਾਂ ਦੇ ਸ਼ਹਿਰਾਂ ਵਿੱਚ ਜਿੰਨੇ ਵੀ ਗੁਰਦੁਆਰਾ ਸਾਹਿਬਾਨ ਹਨ ਉਥੇ ਸਥਾਪਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਰਜਿਸਟਰੇਸ਼ਨ ਤੇ ਉਨ੍ਹਾਂ ਦੀ ਸਾਂਭ-ਸੰਭਾਲ ਲਈ ਡਾਟਾ ਇੱਕਠਾ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸਬੰਧਤ ਗੁਰਦੁਆਰਾ ਸਾਹਿਬਾਨ ਵਿਖੇ ਡਿਊਟੀ ਨਿਭਾਉਂਦੇ ਰਹੇ ਕਰਮਚਾਰੀ ਜੋ ਸਰਵਿਸ ਦੌਰਾਨ ਸਵਰਗਵਾਸ ਹੋ ਗਏ ਹਨ ਦੇ ਪੰਜ ਪਰਿਵਾਰਾਂ ਵੱਲੋਂ ਪੁੱਜੀ ਮੰਗ ਦੇ ਆਧਾਰ ਪੁਰ ਉਨ੍ਹਾਂ ਦੇ ਇਕ ਮੈਂਬਰ ਨੂੰ ਤਰਸ ਦੇ ਆਧਾਰ ਤੇ ਸਰਵਿਸ ਵਿਚ ਰੱਖਣ ਲਈ ਪ੍ਰਵਾਨਗੀ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਸਵ: ਸ਼ਿਵ ਸਿੰਘ ਖੁਸ਼ੀਪੁਰ ਤੇ ਜਥੇਦਾਰ ਅਮਰਜੀਤ ਸਿੰਘ ਭਾਟੀਆ ਸਾਬਕਾ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ ਵਿੱਚ ਲਗਾਉਣ ਨੂੰ ਪ੍ਰਵਾਨਗੀ ਦਿੱਤੀ ਗਈ ਹੈ।

ਜੰਮੂ-ਕਸ਼ਮੀਰ ਵਿੱਚ ਸਿੱਖਾਂ ਦੇ ਹਾਲਾਤ ਬਾਰੇ ਪੁੱਛੇ ਸਵਾਲ ਦੇ ਜਵਾਬ ਵਿੱਚ ਜਥੇਦਾਰ ਅਵਤਾਰ ਸਿੰਘ ਨੇ ਕਿਹਾ ਕਿ ਇਸ ਸਬੰਧੀ ਭਾਰਤ ਦੇ ਗ੍ਰਹਿ ਮੰਤਰੀ ਸ੍ਰੀ ਰਾਜਨਾਥ ਸਿੰਘ, ਜੰਮੂ-ਕਸ਼ਮੀਰ ਦੇ ਰਾਜਪਾਲ ਐਨ ਐਨ ਵੋਹਰਾ ਤੇ ਮੁੱਖ ਮੰਤਰੀ ਮਹਿਬੂਬਾ ਮੁਫਤੀ ਸੱਯਦ ਨੂੰ ਪੱਤਰ ਲਿਖ ਕੇ ਸਿੱਖਾਂ ਦੀ ਜਾਨ ਮਾਲ ਦੀ ਰਾਖੀ ਕਰਨ ਲਈ ਅਪੀਲ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਸਿੱਖਾਂ ਦੀ ਨੁਮਾਇੰਦਾ ਜਥੇਬੰਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮੋਹਰੀ ਰੋਲ ਨਿਭਾਉਂਦੇ ਹੋਏ ਜੰਮੂ-ਕਸ਼ਮੀਰ ਵਿਖੇ ਪਿਛੇ ਜਿਹੇ ਆਏ ਹੜ੍ਹਾਂ ਦੀ ਭਾਰੀ ਮਾਰ ਕਾਰਨ ਹੋਏ ਨੁਕਸਾਨ ਸਬੰਧੀ ਕਸ਼ਮੀਰੀ ਲੋਕਾਂ ਦੀ ਮੰਗ ਅਨੁਸਾਰ ਹਰ ਸੰਭਵ (ਡਾਕਟਰੀ ਸਹਾਇਤਾ, ਕੱਪੜੇ-ਬਿਸਤਰੇ, ਸੁੱਕੀ ਰਸਦ, ਲੰਗਰ, ਮਕਾਨਾਂ ਦੀ ਮੁਰੰਮਤ, ਬੱਚਿਆਂ ਦੀ ਪੜਾਈ ਅਤੇ ਨਗਦ ਰਾਸ਼ੀ) ਸਹਾਇਤਾ ਕੀਤੀ ਗਈ ਸੀ, ਪਰ ਉਥੇ ਰਹਿ ਰਹੇ ਸਿੱਖਾਂ ਨੂੰ ਘਰਾਂ ਵਿੱਚ ਕੈਦੀਆਂ ਵਾਂਗ ਬੰਦ ਰਹਿਣ ਲਈ ਮਜ਼ਬੂਰ ਕਰਨਾ ਕਿਸੇ ਵੀ ਕੀਮਤ ਤੇ ਜਾਇਜ਼ ਨਹੀਂ ਹੈ।

ਇਕੱਤਰਤਾ 'ਚ ਲਏ ਗਏ ਫੈਸਲਿਆਂ ਬਾਰੇ ਜਾਣਕਾਰੀ ਦਿੰਦਿਆਂ ਜਥੇਦਾਰ ਅਵਤਾਰ ਸਿੰਘ ਨੇ ਕਿਹਾ ਕਿ ਧਾਰਮਿਕ ਅਸਥਾਨਾਂ ਦੀ ਯਾਤਰਾ ਕਰਕੇ ਪਰਤ ਰਹੇ ੧੧ ਸਿੱਖ ਯਾਤਰੀਆਂ ਨੰ ਪੀਲੀਭੀਤ (ਯੂ.ਪੀ) ਵਿਖੇ ਝੂਠੇ ਪੁਲਿਸ

ਮੁਕਾਬਲੇ ਵਿੱਚ ਮਾਰ ਦੇਣ ਕਾਰਨ ਸਬੰਧਤਾਂ ਦੇ ਪਰਿਵਾਰਾਂ ਨੂੰ ੧-੧ ਲੱਖ ਰੁਪਏ ਦੀ ਸਹਾਇਤਾ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਸ੍ਰੀ ਫਤਹਿਗੜ੍ਹ ਸਾਹਿਬ ਵਿਖੇ ਲੜਕੀਆਂ ਦੀ ਹਾਕੀ ਅਕੈਡਮੀ ਨੂੰ ੩੦ ਲੱਖ ਰੁਪਏ ਦੀ ਸਹਾਇਤਾ ਦੇਣ ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਚੈਰੀਟੇਬਲ ਟਰੱਸਟ ਪਟਿਆਲਾ ਦੇ ਵਿਦਿਆਰਥੀਆਂ ਦੀ ਆਰਥਿਕ ਸਹਾਇਤਾ, ਖ਼ੂਨਦਾਨ ਕੈਂਪ ਅਤੇ ਧਾਰਮਿਕ ਗਤੀਵਿਧੀਆਂ ਕਰਵਾਉਣ ਲਈ ੧ ਲੱਖ ਰੁਪਏ ਦੀ ਸਹਾਇਤਾ ਪ੍ਰਵਾਨ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਅਧੀਨ ਆਉਂਦੇ ਏ ਗਰੇਡ ਕਟਾਗਿਰੀ ਦੇ ਗੁਰਦੁਆਰਾ ਸਾਹਿਬਾਨਾਂ ਵਿੱਚ ਬਾਰਸ਼ਾਂ ਦੇ ਪਾਣੀ ਨੂੰ ਸੰਭਾਲਣ ਲਈ ਵਾਟਰ ਸੇਵ ਟਰੀਟਮੈਂਟ ਪਲਾਂਟ ਲਗਾਏ ਜਾਣਗੇ। ਉਨ੍ਹਾਂ ਕਿਹਾ ਕਿ ਪ੍ਰਧਾਨ ਅਤੇ ਸਾਧ ਸੰਗਤ ਗੁਰਦੁਆਰਾ ਸਾਹਿਬ ਪਿੰਡ ਦਰਗਾਵਾਲ, ਤਹਿਸੀਲ ਨਕੋਦਰ (ਜਲੰਧਰ) ਦੇ ਗ੍ਰੰਥੀ ਸਿੰਘ ਦਾ ਐਕਸੀਡੈਂਟ ਹੋਣ ਕਾਰਨ ਇਲਾਜ ਕਰਵਾਉਣ ਲਈ ਧਰਮ ਅਰਥ ਫੰਡਾਂ ਵਿਚੋਂ ੨੦ ਹਜ਼ਾਰ ਰੁਪਏ ਸਹਾਇਤਾ ਦੇਣ ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਸ. ਜਨਕ ਸਿੰਘ ਪ੍ਰਧਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਜ਼ਿਲ੍ਹਾ ਬਾਰਾਮੂਲਾ (ਕਸ਼ਮੀਰ) ਦੀ ਮੰਗ ਅਨੁਸਾਰ ਅੰਮ੍ਰਿਤਸਰ ਕਾਲਜ ਆਫ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਮਾਨਾਂਵਾਲਾ ਵਿਖੇ ਬੀ. ਟੈਕ ਸਿਵਲ ਇੰਜੀਨੀਅਰਿੰਗ ਸਮੈਸਟਰ ਤੀਜੇ ਵਿੱਚ ਪੜ੍ਹਾਈ ਕਰ ਰਹੀ ਵਿਦਿਆਰਥਣ ਸਮਰਪ੍ਰੀਤ ਕੌਰ ਨੂੰ ੩੦ ਹਜ਼ਾਰ ਰੁਪਏ ਦੀ ਸਹਾਇਤਾ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਪਾਕਿਸਤਾਨ ਦੀ ਯਾਤਰਾ ਨਵੰਬਰ ੨੦੧੬ ਸਮੇਂ ਭੇਜੇ ਜਾਣ ਵਾਲੇ ਯਾਤਰੀ ਜਥੇ ਪੁਰ ਹੋਣ ਵਾਲੇ ਸਮੁੱਚੇ ਖਰਚਿਆਂ ਨੂੰ ਪ੍ਰਵਾਨਗੀ ਦਿੱਤੀ ਗਈ ਹੈ।

ਜਥੇਦਾਰ ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵਾਤਾਵਰਣ ਦੀ ਸਾਂਭ-ਸੰਭਾਲ ਸਬੰਧੀ ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਵਿਖੇ ਬੂਟੇ ਲਗਾਉਣ ਦੀ ਮੁਹਿੰਮ ਦੀ ਸ਼ੁਰੂਆਤ ਵੀ ਕੀਤੀ। ਉਨ੍ਹਾਂ ਕਿਹਾ ਕਿ ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਅਤੇ ਇਸ ਨਾਲ ਸਬੰਧਤ ਹੋਰ ਇਤਿਹਾਸਕ ਗੁਰਦਆਰਾ ਸਾਹਿਬਾਨਾਂ ਵਿੱਚ ਹਰੇ-ਭਰੇ, ਸ਼ਾਨਦਾਰ ਤੇ ਫੁੱਲਦਾਰ ਬੂਟੇ ਲਗਾਏ ਜਾਣਗੇ।

ਇਕੱਤਰਤਾ ਵਿੱਚ ਸ. ਰਘੂਜੀਤ ਸਿੰਘ ਵਿਰਕ ਸੀਨੀਅਰ ਮੀਤ ਪ੍ਰਧਾਨ, ਸ. ਕੇਵਲ ਸਿੰਘ ਬਾਦਲ ਜੂਨੀਅਰ ਮੀਤ ਪ੍ਰਧਾਨ, ਸ. ਸੁਖਦੇਵ ਸਿੰਘ ਭੌਰ ਜਨਰਲ ਸਕੱਤਰ, ਅੰਤ੍ਰਿੰਗ ਮੈਂਬਰਾਨ ਸ. ਰਜਿੰਦਰ ਸਿੰਘ ਮਹਿਤਾ, ਸ. ਦਿਆਲ ਸਿੰਘ ਕੋਲਿਆਂਵਾਲੀ, ਸ. ਕਰਨੈਲ ਸਿੰਘ ਪੰਜੋਲੀ, ਸ. ਗੁਰਬਚਨ ਸਿੰਘ ਕਰਮੂੰਵਾਲ, ਸ. ਰਾਮਪਾਲ ਸਿੰਘ ਬਹਿਣੀਵਾਲ, ਸ. ਨਿਰਮੈਲ ਸਿੰਘ ਜੌਲਾਂ ਕਲਾਂ ਤੇ ਸ. ਸੁਰਜੀਤ ਸਿੰਘ ਗੜ੍ਹੀ, ਬੀਬੀ ਸੁਰਿੰਦਰ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਸ. ਹਰਚਰਨ ਸਿੰਘ ਮੁੱਖ ਸਕੱਤਰ, ਡਾ. ਰੂਪ ਸਿੰਘ, ਸ. ਮਨਜੀਤ ਸਿੰਘ ਤੇ ਸ. ਅਵਤਾਰ ਸਿੰਘ ਸਕੱਤਰ, ਸ. ਦਿਲਜੀਤ ਸਿੰਘ ਬੇਦੀ, ਸ. ਪਰਮਜੀਤ ਸਿੰਘ ਸਰੋਆ, ਸ. ਬਿਜੈ ਸਿੰਘ, ਸ. ਕੇਵਲ ਸਿੰਘ, ਸ. ਮਹਿੰਦਰ ਸਿੰਘ ਆਹਲੀ ਤੇ ਸ. ਸੁਖਦੇਵ ਸਿੰਘ ਭੂਰਾਕੋਹਨਾ ਵਧੀਕ ਸਕੱਤਰ, ਸ. ਪਰਮਜੀਤ ਸਿੰਘ ਮੁੰਡਾਪਿੰਡ ਨਿਜੀ ਸਹਾਇਕ, ਸ. ਇੰਦਰ ਮੋਹਣ ਸਿੰਘ 'ਅਨਜਾਣ' ਇੰਚਾਰਜ ਪਬਲੀਸਿਟੀ, ਸ. ਗੁਰਮੀਤ ਸਿੰਘ ਮੈਨੇਜਰ ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ, ਭਾਈ ਹਰਪਾਲ ਸਿੰਘ ਹੈਡ ਗ੍ਰੰਥੀ ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ, ਸ. ਬਲਜਿੰਦਰ ਸਿੰਘ ਮੈਨੇਜਰ ਤੇ ਸ. ਰਜਿੰਦਰ ਸਿੰਘ ਐਡੀਸ਼ਨਲ ਮੈਨੇਜਰ ਗੁਰਦੁਆਰਾ ਸ੍ਰੀ ਜੋਤੀ ਸਰੂਪ, ਸ. ਮਨਿੰਦਰ ਮੋਹਣ ਸਿੰਘ, ਸ. ਗੁਰਨਾਮ ਸਿੰਘ ਤੇ ਸ. ਗੁਰਦਿਆਲ ਸਿੰਘ ਇੰਚਾਰਜ ਅਤੇ ਸ. ਹਰਜਿੰਦਰ ਸਿੰਘ ਸੁਪਰਵਾਈਜ਼ਰ ਆਦਿ ਮੌਜੂਦ ਸਨ। *੧੨ ਅਗਸਤ*

## ਪੀਲੀਭੀਤ ਸਿੱਖਾਂ ਦੇ ਕਤਲ ਮਾਮਲੇ ਨੂੰ ਦਬਾਉਣ 'ਚ ਉੱਤਰ ਪ੍ਰਦੇਸ਼ ਸਰਕਾਰ ਦੀ ਮਿਲੀ ਭੁਗਤ ਹੋਣ ਦਾ ਖਦਸ਼ਾ- ਜਥੇਦਾਰ ਅਵਤਾਰ ਸਿੰਘ

ਅੰਮ੍ਰਿਤਸਰ- ਪੀਲੀਭੀਤ ਜੇਲ੍ਹ ਮਾਮਲੇ 'ਚ ਮਾਰੇ ਗਏ ਸਿੱਖਾਂ ਦੇ ਦੋਸ਼ੀਆਂ ਨੂੰ ਇਲਾਹਾਬਾਦ ਹਾਈ ਕੋਰਟ ਵੱਲੋਂ ਸਖ਼ਤ ਤੋਂ ਸਖ਼ਤ ਸਜ਼ਾ ਦਿੱਤੀ ਜਾਵੇ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਜਥੇਦਾਰ ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਥੋਂ ਜਾਰੀ ਪ੍ਰੈਸ ਬਿਆਨ 'ਚ ਕੀਤਾ।

ਉਨ੍ਹਾਂ ਕਿਹਾ ਕਿ ਇਲਾਹਾਬਾਦ ਹਾਈਕੋਰਟ ੧੯੯੪ ਵਿੱਚ ਜੇਲ੍ਹ ਅੰਦਰ ਅਣਮਨੁੱਖੀ ਤਸ਼ੱਦਦ ਕਰਕੇ ਮਾਰੇ ਗਏ ੭ ਸਿੱਖ ਕੈਦੀਆਂ ਦੇ ਮਾਮਲੇ ਵਿੱਚ ਯੂ.ਪੀ.ਸਰਕਾਰ ਦੇ ਜਵਾਬ ਦੀ ਉਡੀਕ ਵਿੱਚ ਹੈ। ਇਸ ਬਾਰੇ ਯੂ.ਪੀ. ਸਰਕਾਰ ਨੂੰ ਹਾਈ ਕੋਰਟ ਵੱਲੋਂ ੧੩ ਜੁਲਾਈ ਨੂੰ ਨੋਟਿਸ ਆਫ ਮੋਸ਼ਨ ਭੇਜਿਆ ਗਿਆ ਸੀ, ਪਰ ਹਾਲੇ ਤੱਕ ਸਰਕਾਰ ਕੋਲੋਂ ਕੋਈ ਜਵਾਬ ਨਾ ਆਉਣ ਕਰਕੇ ਹਾਈ ਕੋਰਟ ਨੇ ਸਰਕਾਰ ਨੂੰ ਮੁੜ ਨੋਟਿਸ ਭੇਜ ਕੇ ਜਵਾਬ ਮੰਗਿਆ ਹੈ। ਜਿਸ ਵਿੱਚ ਅਦਾਲਤ ਨੇ ਪੁੱਛਿਆ ਕਿ ਪੀਲੀਭੀਤ ਵਿੱਚ ੭ ਸਿੱਖ ਕੈਦੀਆਂ ਦੇ ਮਾਮਲੇ ਨੂੰ ਉਸ ਵੇਲੇ ਦੀ ਸਰਕਾਰ ਨੇ ਚੁੱਪ-ਚਪੀਤੇ ਕਿਉਂ ਬੰਦ ਕਰ ਦਿੱਤਾ। ਉਨ੍ਹਾਂ ਕਿਹਾ ਕਿ ਯੂ.ਪੀ. ਸਰਕਾਰ ਵੱਲੋਂ ਹਾਈ ਕੋਰਟ ਦੇ ਹੁਕਮਾਂ ਨੂੰ ਅੱਖੋਂ-ਪਰੋਖੇ ਕਰਨਾ ਠੀਕ ਨਹੀਂ ਹੈ। ਇਸ ਤਰ੍ਹਾਂ ਲੱਗਦਾ ਹੈ ਕਿ ਸਰਕਾਰ ਦੀ ਮਿਲੀ ਭੁਗਤ ਨਾਲ ਹੀ ਅਜਿਹਾ ਹੋ ਰਿਹਾ ਹੈ। ਉਨ੍ਹਾਂ ਯੂ.ਪੀ. ਸਰਕਾਰ ਨੂੰ ਆੜੇ ਹੱਥੀਂ ਲੈਂਦਿਆਂ ਕਿਹਾ ਕਿ ਅਗਰ ਇਸ ਵਾਰ ਵੀ ਮਾਣਯੋਗ ਹਾਈ ਕੋਰਟ ਦੇ ਹੁਕਮਾਂ ਦੀ ਉਲੰਘਣਾ ਹੁੰਦੀ ਹੈ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਸਰਕਾਰ ਇਸ ਗੰਭੀਰ ਮਾਮਲੇ ਪ੍ਰਤੀ ਹਰਗਿੱਜ ਸੰਜੀਦਾ ਨਹੀਂ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿਰੁੱਧ ਲੰਮੇ ਸਮੇਂ ਤੋਂ ਕਾਨੂੰਨੀ ਲੜਾਈ ਲੜ ਰਹੇ ਪੀਲੀਭੀਤ ਨਿਵਾਸੀ ਸ. ਹਰਜਿੰਦਰ ਸਿੰਘ ਕਾਹਲੋਂ ਤੇ ਚੁੱਪ ਚਪੀਤੇ ਕੇਸ ਵਾਪਸ ਲੈਣ ਲਈ ਦਬਾਅ ਪਾਉਣਾ ਅਤੇ ਪੁਲਿਸ ਅਧਿਕਾਰੀਆਂ ਵੱਲੋਂ ਤੰਗ ਪ੍ਰੇਸ਼ਾਨ ਕਰਨਾ ਉੱਤਰ ਪ੍ਰਦੇਸ਼ ਸਰਕਾਰ ਵੱਲੋਂ ਰਚੀ ਗਈ ਸਾਜਿਸ਼ ਨੂੰ ਜ਼ਾਹਿਰ ਕਰਦਾ ਹੈ। ਉਨ੍ਹਾਂ ਕਿਹਾ ਕਿ ਇਸ ਦਾ ਸਮੁੱਚਾ ਸਿੱਖ ਜਗਤ ਵਿਰੋਧ ਕਰੇਗਾ। ਉਨ੍ਹਾਂ ਕਿਹਾ ਕਿ ਸਿੱਖ ਕੌਮ ਸਰਬੱਤ ਦਾ ਭਲਾ ਚਾਹੁਣ ਵਾਲੀ ਕੌਮ ਹੈ, ਪਰ ਅੱਜ ਤੱਕ ਸਿੱਖਾਂ ਤੇ ਜਿਥੇ ਕਿਤੇ ਵੀ ਜ਼ੁਲਮ ਹੋਏ ਹਨ ਉਨ੍ਹਾਂ ਨੂੰ ਕਦੇ ਇਨਸਾਫ ਨਹੀਂ ਮਿਲਿਆ। ਉਨ੍ਹਾਂ ਕਿਹਾ ਕਿ ਉੱਤਰ ਪ੍ਰਦੇਸ਼ ਦੀ ਸਰਕਾਰ ਨੇ ਕਈ ਸਾਲ ਇਸ ਮਾਮਲੇ ਨੂੰ ਦਬਾਅ ਕੇ ਸਿੱਖਾਂ ਨਾਲ ਬੇਵਿਸ਼ਵਾਸ਼ੀ ਤੇ ਧੋਖਾ ਕੀਤਾ ਹੈ। ਉਨ੍ਹਾਂ ਕਿਹਾ ਕਿ ਝੂਠ ਅੱਗੇ ਸੱਚਾਈ ਦੀ ਹਮੇਸ਼ਾਂ ਜਿੱਤ ਹੁੰਦੀ ਆਈ ਹੈ ਜਿਸ ਦਾ ਸਬੂਤ ਇਲਾਹਾਬਾਦ ਹਾਈ ਕੋਰਟ ਵੱਲੋਂ ਸਬੰਧਤ ਸਰਕਾਰ ਨੂੰ ਨੋਟਿਸ ਜਾਰੀ ਕਰਨ ਤੋਂ ਮਿਲਦਾ ਹੈ। ਉਨ੍ਹਾਂ ਕਿਹਾ ਕਿ ਇਲਾਹਾਬਾਦ ਹਾਈ ਕੋਰਟ ਵੱਲੋਂ ਇਸ ਫੈਸਲੇ ਨਾਲ ਪੀੜ੍ਹਤ ਸਿੱਖਾਂ ਦੇ ਪਰਿਵਾਰਾਂ ਨੂੰ ਇਨਸਾਫ਼ ਦੀ ਆਸ ਬੱਝ ਗਈ ਹੈ। ਉਨ੍ਹਾਂ ਕਿਹਾ ਕਿ ਪੀਲੀਭੀਤ ਮਾਮਲੇ ਦੇ ਇਨ੍ਹਾਂ ਦੋਸ਼ੀਆਂ ਨੂੰ ਇਲਾਹਬਾਦ ਹਾਈ ਕੋਰਟ ਵੱਲੋਂ ਸਖ਼ਤ ਤੋਂ ਸਖ਼ਤ ਸਜ਼ਾਵਾਂ ਮਿਲਣੀਆਂ ਚਾਹੀਦੀਆਂ ਹਨ ਤਾਂ ਜੋ ਲੋਕਾਂ ਦਾ ਕਾਨੂੰਨੀ ਪ੍ਰਕਿਰਿਆ ਵਿੱਚ ਵਿਸ਼ਵਾਸ ਮਜ਼ਬੂਤ ਹੋ ਸਕੇ। ਉਨ੍ਹਾਂ ਕਿਹਾ ਕਿ ਪੀਲੀਭੀਤ ਮਾਮਲੇ ਸਬੰਧੀ ਜੋ ਪਰਿਵਾਰ ਉਨ੍ਹਾਂ ਨੂੰ ਆ ਕੇ ਮਿਲੇ ਹਨ ਉਨ੍ਹਾਂ ਨੂੰ ਸਿੱਖਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਕ-ਇਕ ਲੱਖ ਰੁਪਏ ਦੀ ਸਹਾਇਤਾ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਅੱਗੋਂ ਵੀ ਪੀਲੀਭੀਤ ਮਾਮਲੇ ਨਾਲ ਜੁੜੇ ਪੀੜ੍ਹਤ ਸਿੱਖਾਂ ਦੇ ਨਾਲ ਹਰ ਤਰ੍ਹਾਂ ਖੜ੍ਹੀ ਹੈ। *੨੫ ਅਗਸਤ*

## ਪੀਲੀਭੀਤ ਵਿਖੇ ਝੂਠੇ ਪੁਲੀਸ ਮੁਕਾਬਲੇ ਵਿੱਚ ਮਾਰੇ ਗਏ ਸਿੱਖਾਂ ਦੇ ਪਰਿਵਾਰਾਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਸਹਾਇਤਾ ਦਿੱਤੀ ਜਾਵੇਗੀ- ਬੇਦੀ

ਅੰਮ੍ਰਿਤਸਰ- ਜਥੇਦਾਰ ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅਗਵਾਈ ਵਿੱਚ ੧੨ ਅਗਸਤ ਨੂੰ ਸੱਦੀ ਗਈ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਵਿੱਚ ਪੀਲੀਭੀਤ (ਯੂ.ਪੀ.) ਵਿਖੇ ਝੂਠੇ ਪੁਲੀਸ ਮੁਕਾਬਲੇ ਵਿੱਚ ਮਾਰੇ ਗਏ ਯਾਤਰੀਆਂ ਨੂੰ ਇੱਕ-ਇੱਕ ਲੱਖ ਰੁਪਏ ਸਹਾਇਤਾ ਦੇਣ ਦਾ ਫੈਂਸਲਾ ਕੀਤਾ ਗਿਆ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸ਼੍ਰੋਮਣੀ ਕਮੇਟੀ ਦੇ ਬੁਲਾਰੇ ਤੇ ਵਧੀਕ ਸਕੱਤਰ ਸ. ਦਿਲਜੀਤ ਸਿੰਘ ਬੇਦੀ ਨੇ ਪ੍ਰੈਸ ਦੇ ਨਾਮ ਬਿਆਨ ਜਾਰੀ ਕਰਦਿਆਂ ਕੀਤਾ। ਸ. ਬੇਦੀ ਨੇ ਦੱਸਿਆ ਕਿ ੧੯੯੧ ਨੂੰ ਗੁਰਦੁਆਰਾ ਸ੍ਰੀ ਨਾਨਕ ਮਤਾ ਸਾਹਿਬ, ਤਖ਼ਤ ਸ੍ਰੀ ਪਟਨਾ ਸਾਹਿਬ ਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਅਤੇ ਹੋਰਨਾ ਗੁਰ ਅਸਥਾਨਾ ਦੀ ਯਾਤਰਾ ਕਰਦੇ ਹੋਏ ੨੫ ਸਿੱਖ ਯਾਤਰੀਆਂ ਦਾ ਜਥਾ ਬੱਸ ਨੰਬਰ ਯੂ ਪੀ ੨੬/੦੨੪੫ ਤੋਂ ਵਾਪਸ ਪਰਤ ਰਿਹਾ ਸੀ ਤਦ ਕਛਾਲਾ ਘਾਟ ਦੇ ਨਜਦੀਕ ਤੋਂ ਪੁਲੀਸ ਕਰਮਚਾਰੀਆਂ ਨੇ ਬੱਸ ਵਿਚੋਂ ੧੦ ਸਿੱਖ ਯਾਤਰੀਆਂ ਨੂੰ ਉਤਾਰ ਲਿਆ ਅਤੇ ਤਿੰਨ ਥਾਣਾ

ਖੇਤਰਾਂ 'ਚ ਪੁਲੀਸ ਮੁਕਾਬਲਾ ਦਿਖਾ ਕੇ ਉਨ੍ਹਾਂ ਦੀ ਹੱਤਿਆ ਕਰ ਦਿੱਤੀ ਸੀ। ਉਨ੍ਹਾਂ ਕਿਹਾ ਕਿ ਇਸ ਝੂਠੇ ਪੁਲੀਸ ਮੁਕਾਬਲੇ ਵਿੱਚ ਮਾਰੇ ਜਾਣ ਵਾਲੇ ਸਿੱਖ ਯਾਤਰੀਆਂ ਦੇ ਪ੍ਰੀਵਾਰਾਂ ਦੀ ਹਾਲਤ ਬਹੁਤ ਖਸਤਾ ਹੋਣ ਕਾਰਣ ਉਨ੍ਹਾਂ ਵਿੱਚੋਂ ਛੇ ਪੀੜ੍ਹਤ ਪ੍ਰੀਵਾਰਾਂ ਬੀਬੀ ਰਣਜੀਤ ਕੌਰ ਸੁਪਤਨੀ ਸ. ਕਰਤਾਰ ਸਿੰਘ ਸਪੁੱਤਰ ਸ. ਅਜੈਬ ਸਿੰਘ, ਪਿੰਡ ਰੋੜ ਖੈਹਰਾ, ਡਾ: ਵਡਾਲਾ ਬਾਂਗਰ, ਤਹਿ: ਬਟਾਲਾ, ਜ਼ਿਲ੍ਹਾ ਗੁਰਦਾਸਪੁਰ, ਸ. ਸੁੰਦਰ ਸਿੰਘ ਸਪੁੱਤਰ ਸ. ਰਣਧੀਰ ਸਿੰਘ ਧੀਰਾ, ਪਿੰਡ ਮੀਰ ਕਚਾਣਾ, ਡਾ: ਵਡਾਲਾ ਬਾਂਗਰ, ਤਹਿ: ਬਟਾਲਾ (ਗੁਰਦਾਸਪੁਰ), ਸ. ਕਰਨੈਲ ਸਿੰਘ ਸਪੁੱਤਰ ਸ. ਸੁਰਜਨ ਸਿੰਘ ਬਿੱਟੂ ਪਿੰਡ ਮਾਨੇਪੁਰ (ਗੁਰਦਾਸਪੁਰ), ਬੀਬੀ ਬਲਵਿੰਦਰਜੀਤ ਕੌਰ ਸੁਪਤਨੀ ਸ਼ਹੀਦ ਭਾਈ ਬਲਜੀਤ ਸਿੰਘ ਪੱਪੂ, ਮਾਰਫ਼ਤ ਸ. ਸੁਰਜੀਤ ਸਿੰਘ ਸਪੁੱਤਰ ਸ. ਬਿਸ਼ਨ ਸਿੰਘ, ਪਿੰਡ ਖੋਖਰ, ਡਾ: ਹਯਾਤ ਨਗਰ (ਗੁਰਦਾਸਪੁਰ), ਬੀਬੀ ਸਵਰਨਜੀਤ ਕੌਰ ਸੁਪਤਨੀ ਸ. ਹਰੀਮੰਦਰ ਸਿੰਘ ਮਿੰਟਾ ਸਪੁੱਤਰ ਸ. ਅਜੀਤ ਸਿੰਘ, ਪਿੰਡ ਸਤਕੋਰਾ, ਡਾ: ਖਾਸ (ਗੁਰਦਾਸਪੁਰ), ਸ. ਸੰਤੋਖ ਸਿੰਘ ਸਪੁੱਤਰ ਸ. ਮੁਖਵਿੰਦਰ ਸਿੰਘ, ਪਿੰਡ ਰੋੜ ਖੈਹਰਾ, ਡਾ: ਵਡਾਲਾ ਬਾਂਗਰ, ਤਹਿ: ਬਵਾਲਾ (ਗੁਰਦਾਸਪੁਰ) ਦੀਆਂ ਦਰਖਾਸਤਾਂ ਦੇ ਅਧਾਰਪੁਰ ਜਥੇ. ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨਗੀ ਹੇਠ ਅੰਤ੍ਰਿੰਗ ਕਮੇਟੀ ਵਿਚ ਹੋਏ ਫੈਂਸਲੇ ਅਨੁੰਸਾਰ ਇਨ੍ਹਾਂ ਪ੍ਰੀਵਾਰਾਂ ਨੂੰ ਇੱਕ-ਇਕੱ ਲੱਖ ਰੁਪਏ ਦੀ ਸਹਾਇਤਾ ਰਾਸ਼ੀ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖਾਂ ਦੀ ਇਕ ਐਸੀ ਨੁਮਾਇੰਦਾ ਜਮਾਤ ਹੈ ਜੋ ਹਰ ਮੁਸ਼ਕਲ ਸਮੇਂ ਉਨ੍ਹਾਂ ਦੇ ਦੁੱਖ-ਸੁੱਖ 'ਚ ਸ਼ਰੀਕ ਹੁੰਦੀ ਹੈ। ਉਨ੍ਹਾਂ ਕਿਹਾ ਕਿ ਪੀਲੀਭੀਤ ਝੂਠੇ ਪੁਲੀਸ ਮੁਕਾਬਲੇ 'ਚ ਮਾਰੇ ਗਏ ਬਾਕੀ ਸਿੱਖਾਂ ਦੇ ਪ੍ਰੀਵਾਰਾਂ ਨੂੰ ਵੀ ਉਨ੍ਹਾਂ ਦੀਆਂ ਦਰਖਾਸਤਾਂ ਪੁੱਜਣ ਤੇ ਸਹਾਇਤਾ ਦਿੱਤੀ ਜਾਵੇਗੀ।

*੧੩ ਅਗਸਤ*

## ਜੰਮੂ-ਕਸ਼ਮੀਰ ਵਸਦੇ ਘੱਟ ਗਿਣਤੀ ਸਿੱਖਾਂ ਦੀ ਸੁਰੱਖਿਆ ਬਾਰੇ ਜਥੇ. ਅਵਤਾਰ ਸਿੰਘ ਨੇ ਭਾਰਤ ਦੇ ਗ੍ਰਹਿ ਮੰਤਰੀ ਨੂੰ ਪੱਤਰ ਲਿਖਿਆ

ਅੰਮ੍ਰਿਤਸਰ- ਜਥੇਦਾਰ ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਜੰਮੂ-ਕਸ਼ਮੀਰ ਵਾਦੀ ਵਿੱਚ ਵਸਦੇ ਸਿੱਖਾਂ ਦੀ ਸੁਰੱਖਿਆ ਲਈ ਭਾਰਤ ਦੇ ਗ੍ਰਹਿ ਮੰਤਰੀ ਸ੍ਰੀ ਰਾਜਨਾਥ ਸਿੰਘ, ਜੰਮੂ-ਕਸ਼ਮੀਰ ਦੇ ਰਾਜਪਾਲ ਐਨ.ਐਨ.ਵੋਹਰਾ ਤੇ ਮੁੱਖ ਮੰਤਰੀ ਸ੍ਰੀਮਤੀ ਮਹਿਬੂਬਾ ਮੁਫਤੀ ਸੱਯਦ ਨੂੰ ਪੱਤਰ ਲਿਖਿਆ।

ਸ. ਦਿਲਜੀਤ ਸਿੰਘ ਬੇਦੀ ਵਧੀਕ ਸਕੱਤਰ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੂੰ ਕਸ਼ਮੀਰ ਵਾਦੀ ਤੋਂ ਵੱਖ-ਵੱਖ ਸਿੱਖ ਜਥੇਬੰਦੀਆਂ ਤੇ ਨਿਜੀ ਸਿੱਖਾਂ ਵੱਲੋਂ ਫੋਨ ਪੁਜੇ ਹਨ ਕਿ ਕਸ਼ਮੀਰ ਵਾਦੀ ਦੇ ਹਾਲਾਤ ਬਦਤਰ ਹਨ ਤੇ ਸਿੱਖਾਂ ਨੂੰ ਤੰਗ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜੰਮੂ-ਕਸ਼ਮੀਰ ਦੇ ਸਿੱਖ ਸੰਗਠਨਾਂ ਨੇ ਉਨ੍ਹਾਂ ਦੇ ਧਿਆਨ ਵਿੱਚ ਇਹ ਮਾਮਲਾ ਲਿਆਂਦਾ ਹੈ ਕਿ ਕਸ਼ਮੀਰ ਘਾਟੀ ਵਿੱਚ ਰਹਿਣ ਵਾਲੇ ਸਿੱਖ ਭਾਈਚਾਰੇ ਦੇ ਲੋਕ ਆਪਣੇ ਆਪ ਨੂੰ ਦਹਿਸ਼ਤ ਭਰੇ ਹਾਲਾਤਾਂ ਵਿੱਚ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਸਿੱਖਾਂ ਨੂੰ ਆਪਣੇ ਘਰਾਂ ਤੇ ਅਦਾਰਿਆਂ ਤੋਂ ਬਾਹਰ ਆ ਕੇ ਪਾਕਿਸਤਾਨ ਦੇ ਹੱਕ ਵਿੱਚ ਨਾਅਰੇਬਾਜ਼ੀ ਕਰਨ ਲਈ ਮਜ਼ਬੂਰ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਹਾਲਾਤ ਇੰਨੇ ਖ਼ਰਾਬ ਹੋ ਗਏ ਹਨ ਕਿ ਸਿੱਖ ਆਪਣੇ ਘਰ ਵਿੱਚ ਕੈਦੀਆਂ ਵਾਂਗ ਬੰਦ ਹਨ ਤੇ ਖਾਣ-ਪੀਣ ਦੀਆਂ ਵਸਤਾਂ ਲਿਆਉਣ ਵਾਸਤੇ ਇਨ੍ਹਾਂ ਨੂੰ ਕਾਫੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਪਿਛਲੇ ਦਿਨੀਂ ਜਦ ਕਸ਼ਮੀਰ ਨੂੰ ਹੜ੍ਹਾਂ ਕਾਰਨ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ, ਤਦ ਇਸ ਦੁੱਖ ਦੀ ਘੜੀ ਵਿੱਚ ਸ਼ਰੀਕ ਹੁੰਦਿਆਂ ਸਿੱਖਾਂ ਦੀ ਨੁਮਾਇੰਦਾ ਜਥੇਬੰਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਬਿਨਾਂ ਕਿਸੇ ਭਿੰਨ-ਭੇਦ ਦੇ ਪੀੜਤ ਕਸ਼ਮੀਰੀਆਂ ਦੀ ਮਦਦ ਕਰਦਿਆਂ ਉਨ੍ਹਾਂ ਨੂੰ ਭੋਜਨ, ਕੱਪੜੇ ਤੇ ਦਵਾਈਆਂ ਤੋਂ ਇਲਾਵਾ ਮੰਗ ਅਨੁਸਾਰ ਹਰ ਇਕ ਚੀਜ਼ ਮੁਹੱਈਆਂ ਕਰਵਾਈ ਗਈ।

ਸ. ਬੇਦੀ ਨੇ ਕਿਹਾ ਕਿ ਜਥੇਦਾਰ ਅਵਤਾਰ ਸਿੰਘ ਨੇ ਮੌਜੂਦਾ ਗੰਭੀਰ ਹਾਲਾਤਾਂ ਨੂੰ ਦੇਖਦਿਆਂ ਸ਼੍ਰੋਮਣੀ

ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਹੋਣ ਦੇ ਨਾਤੇ ਕੇਂਦਰੀ ਗ੍ਰਹਿ ਮੰਤਰੀ ਸ੍ਰੀ ਰਾਜਨਾਥ ਸਿੰਘ, ਕਸ਼ਮੀਰ ਦੇ ਰਾਜਪਾਲ ਤੇ ਮੁੱਖ ਮੰਤਰੀ ਨੂੰ ਪੱਤਰ ਰਾਹੀਂ ਅਪੀਲ ਕੀਤੀ ਕਿ ਇਸ ਮਾਮਲੇ ਵਿੱਚ ਤੁਰੰਤ ਦਖਲ ਦੇਵੋ ਤਾਂ ਕਿ ਕਸ਼ਮੀਰ ਘਾਟੀ ਵਿੱਚ ਰਹਿਣ ਵਾਲੇ ਸਿੱਖ ਭਾਈਚਾਰੇ ਦੇ ਲੋਕ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰਨ ਅਤੇ ਉਨ੍ਹਾਂ ਨਾਲ ਕਿਸੇ ਵੀ ਕਿਸਮ ਦੀ ਰਾਸ਼ਟਰ ਵਿਰੋਧੀ ਗਤੀਵਿਧੀ ਵਿੱਚ ਸ਼ਾਮਲ ਹੋਣ ਲਈ ਜ਼ਬਰਦਸਤੀ ਨਾ ਕੀਤੀ ਜਾਵੇ।

*੯ ਅਗਸਤ*

## ਕਸ਼ਮੀਰ ਅਤੇ ਭਾਰਤ ਦੀ ਸਰਕਾਰ ਸਿੱਖਾਂ ਦੀ ਜਾਨ-ਮਾਲ ਦੀ ਰਾਖੀ ਲਈ ਢੁਕਵੇਂ ਪ੍ਰਬੰਧ ਕਰੇ- ਜਥੇਦਾਰ ਅਵਤਾਰ ਸਿੰਘ

ਅੰਮ੍ਰਿਤਸਰ- ਗੁਰਦੁਆਰਾ ਪ੍ਰਬੰਧਕ ਕਮੇਟੀ ਜ਼ਿਲ੍ਹਾ ਪੁਲਵਾਮਾ (ਕਸ਼ਮੀਰ) ਦੇ ਪ੍ਰਧਾਨ ਸ. ਜੋਗਿੰਦਰ ਸਿੰਘ ਸ਼ਾਨ ਦੀ ਅਗਵਾਈ 'ਚ ਸ. ਰਤਨ ਸਿੰਘ ਮੈਂਬਰ, ਸ. ਦੀਦਾਰ ਸਿੰਘ ਸਕੱਤਰ, ਸ. ਜਰਨੈਲ ਸਿੰਘ ਖਜਾਨਚੀ, ਸ. ਮਿੱਠਾ ਸਿੰਘ ਜੁਆਇੰਟ ਸਕੱਤਰ, ਸ. ਖਜੂਰ ਸਿੰਘ ਮੈਂਬਰ, ਸ. ਸੁੰਦਰਪਾਲ ਸਿੰਘ, ਸ. ਦਿਲਜੀਤ ਸਿੰਘ ਤੇ ਸ. ਇੰਦਰ ਸਿੰਘ ਮੈਂਬਰ ਅਧਾਰਤ ਵਫ਼ਦ ਨੇ ਜਥੇਦਾਰ ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਦਫ਼ਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਖੇ ਮਿਲ ਕੇ ਜੰਮੂ ਕਸ਼ਮੀਰ ਦੇ ਦਿਨ ਪ੍ਰਤੀ ਦਿਨ ਵਿਗੜ ਰਹੇ ਹਾਲਾਤਾਂ ਅਤੇ ਸਿੱਖਾਂ ਨੂੰ ਆਉਂਦੀਆਂ ਦਰਪੇਸ਼ ਮੁਸ਼ਕਲਾਂ ਦਾ ਕੋਈ ਢੁਕਵਾਂ ਹੱਲ ਲੱਭਣ ਲਈ ਇਕ ਪੱਤਰ ਦਿੱਤਾ।

ਜਥੇਦਾਰ ਅਵਤਾਰ ਸਿੰਘ ਨੇ ਕਸ਼ਮੀਰੀ ਸਿੱਖਾਂ ਦੀ ਗੱਲਬਾਤ ਸੁਣ ਕੇ ਵਿਚਾਰਨ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਕਸ਼ਮੀਰੀ ਸਿੱਖਾਂ ਦੀ ਜਾਨ-ਮਾਲ ਦੀ ਰਾਖੀ ਲਈ ਕਸ਼ਮੀਰ ਦੀ ਸਰਕਾਰ ਤੇ ਕੇਂਦਰੀ ਸਰਕਾਰ ਨੂੰ ਕੋਈ ਠੋਸ ਉਪਰਾਲਾ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ੧੯੪੭ ਤੋਂ ਲੈ ਕੇ ਇਸ ਵਕਤ ਤੱਕ ਕਸ਼ਮੀਰ ਦੀ ਧਰਤੀ ਤੇ ਰਹਿ ਰਹੇ ਸਿੱਖਾਂ ਦੇ ਹਾਲਾਤ ਹਮੇਸ਼ਾਂ ਮਾੜੇ ਰਹੇ। ਉਨ੍ਹਾਂ ਕਿਹਾ ਕਿ ਕਸ਼ਮੀਰੀ ਸਿੱਖਾਂ ਦੇ ਬੱਚੇ ਪੜ੍ਹ ਲਿਖ ਕੇ ਵੀ ਬੇਕਾਰ ਹਨ ਅਤੇ ਸਰਕਾਰਾਂ ਨੇ ਘੱਟ ਗਿਣਤੀ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਨੂੰ ਵੀ ਲਾਗੂ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ੧੯੪੭ ਵਿੱਚ ਸ਼ਹੀਦ ਹੋਏ ਪੰਜਾਹ ਹਜ਼ਾਰ ਸਿੰਘਾਂ ਦਾ ਖੂਨ ਕਸ਼ਮੀਰ ਦੀ ਧਰਤੀ ਤੇ ਤਿੱਬਤ, ਗਿਲਗਤ, ਆਸਕਰਦੂਮ ਕਾਰਗਿਲ, ਚਕਾਰ, ਮੁਜ਼ੱਫਰਾਬਾਦ ਚਕੋਠੀ, ਬਾਰਾਮੂਲਾ, ਬਡਗਾਮ ਦਿਆਂ ਪਿੰਡਾਂ ਵਿੱਚ ਡੁੱਲਿਆ ਹੈ, ਪਰ ਏਨੀਆਂ ਕੁਰਬਾਨੀਆ ਦੇਣ ਦੇ ਬਾਵਜੂਦ ਵੀ ਕਸ਼ਮੀਰੀ ਸਿੱਖਾਂ ਨੂੰ ਉਨ੍ਹਾਂ ਦੇ ਹੱਕ ਨਹੀਂ ਮਿਲ ਸਕੇ। ਉਨ੍ਹਾਂ ਕਿਹਾ ਕਿ ਕਸ਼ਮੀਰੀ ਸਿੱਖ ਗੁਰੂ ਨਾਨਕ ਸਾਹਿਬ ਦੀ ਦੂਜੀ ਕਸ਼ਮੀਰ ਫੇਰੀ ਤੋਂ ਕਸ਼ਮੀਰ ਵਿੱਚ ਪੀੜ੍ਹੀ ਦਰ ਪੀੜ੍ਹੀ ਰਹਿ ਰਹੇ ਹਨ ਤੇ ਕਸ਼ਮੀਰ ਦੀ ਖੁਸ਼ਹਾਲੀ ਤੇ ਬਿਹਤਰੀ ਲਈ ਸਿੱਖਾਂ ਨੇ ਵੱਡੀ ਭੂਮਿਕਾ ਨਿਭਾਈ ਹੈ। ਉਨ੍ਹਾਂ ਕਿਹਾ ਕਿ ਕਸ਼ਮੀਰ ਵਿੱਚ ਘੱਟ ਗਿਣਤੀ ਸਿੱਖਾਂ ਦੀ ਜਾਨ ਮਾਲ ਦੀ ਰਾਖੀ ਕਰਨਾ ਤੇ ਉਨ੍ਹਾਂ ਦੀਆਂ ਬਹੂ-ਬੇਟੀਆਂ ਦਾ ਖਿਆਲ ਰੱਖਣਾ ਕਸ਼ਮੀਰ ਅਤੇ ਭਾਰਤ ਸਰਕਾਰ ਦਾ ਪਹਿਲਾ ਫ਼ਰਜ਼ ਹੈ। ਉਨ੍ਹਾਂ ਕਿਹਾ ਕਿ ਕਸ਼ਮੀਰ ਵਿੱਚ ਰਹਿੰਦੇ ਸਿੱਖਾਂ ਨੂੰ ਆਰਥਿਕ ਤੌਰ ਤੇ ਮਜਬੂਤ ਕਰਨ ਲਈ ਸਰਕਾਰ ਵੱਲੋਂ ਸਪੈਸ਼ਲ ਕੋਟੇ ਵਿੱਚ ਨੌਕਰੀਆਂ ਦੇਣੀਆਂ ਚਾਹੀਦੀਆਂ ਹਨ।

ਜਥੇਦਾਰ ਅਵਤਾਰ ਸਿੰਘ ਨੇ ਕਿਹਾ ਕਿ ਭਾਰਤ ਦੇ ਗ੍ਰਹਿ ਮੰਤਰੀ ਸ੍ਰੀ ਰਾਜਨਾਥ ਸਿੰਘ ਨੂੰ ਸਿੱਖਾਂ ਨੂੰ ਦਰਪੇਸ਼ ਮੁਸ਼ਕਿਲਾਂ ਅਤੇ ਉਨ੍ਹਾਂ ਦੀ ਜਾਨ-ਮਾਲ ਦੀ ਰੱਖਿਆ ਲਈ ਵਿਸ਼ੇਸ਼ ਵਿਵਸਥਾ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਕਸ਼ਮੀਰ ਇਕ ਸੈਕੂਲਰ ਸਟੇਟ (ਧਰਮ ਨਿਰਪੱਖ ਰਾਜ) ਹੈ ਅਤੇ ਓਥੋਂ ਦੀ ਸਰਕਾਰ ਨੂੰ ਹਰ ਧਰਮ ਦੇ ਵਿਅਕਤੀਆਂ ਤੇ ਖਾਸ ਕਰ ਸਿੱਖ ਸਮੁਦਾਏ ਦਾ ਵਿਸ਼ੇਸ਼ ਧਿਆਨ ਰੱਖਣਾ ਚਾਹੀਦਾ ਹੈ। ਉਨ੍ਹਾਂ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ, ਗ੍ਰਹਿ ਮੰਤਰੀ ਸ੍ਰੀ ਰਾਜਨਾਥ ਸਿੰਘ, ਵਿਦੇਸ਼ ਮੰਤਰੀ ਸ੍ਰੀ ਮਤੀ ਸੁਸ਼ਮਾ ਸਵਰਾਜ, ਚੀਫ਼ ਮਨਿਸਟਰ ਮਹਿਬੂਬਾ ਮੁਫ਼ਤੀ ਤੇ ਗਵਰਨਰ ਕਸ਼ਮੀਰ ਸ੍ਰੀ ਨਰਿੰਦਰ ਨਾਥ ਵੋਹਰਾ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਕਸ਼ਮੀਰ ਵਿੱਚ ਰਹਿੰਦੇ ਸਿੱਖਾਂ ਦੇ ਭਵਿੱਖ ਦੀ ਚਿੰਤਾ ਕਰਦਿਆਂ ਉਨ੍ਹਾਂ ਦੀ ਜਾਨ ਮਾਲ ਦੀ ਰਾਖੀ ਦੇ ਨਾਲ-ਨਾਲ ਹਰ ਪ੍ਰਕਾਰ ਦੀਆਂ ਸਹੂਲਤਾਂ ਪ੍ਰਦਾਨ ਕਰਨ ਤਾਂ ਜੋ ਕਸ਼ਮੀਰੀ ਸਿੱਖ ਫਿਰ ਤੋਂ ਖੁਸ਼ਹਾਲ ਜ਼ਿੰਦਗੀ ਜਿਊਂਦੇ ਹੋਏ ਆਪਣੇ ਆਪ ਨੂੰ

ਸੁਰੱਖਿਅਤ ਮਹਿਸੂਸ ਕਰ ਸਕਣ। ਉਨ੍ਹਾ ਕਸ਼ਮੀਰ ਤੋਂ ਆਏ ਸਿੱਖਾਂ ਦੇ ਵਫ਼ਦ ਨੂੰ ਭਰੋਸਾ ਦੇਂਦਿਆਂ ਕਿਹਾ ਕਿ ਸਿੱਖਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹਮੇਸ਼ਾਂ ਉਨ੍ਹਾਂ ਦੇ ਨਾਲ ਰਹੀ ਹੈ ਤੇ ਹੁਣ ਵੀ ਨਾਲ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਵੀ ਸ਼੍ਰੋਮਣੀ ਕਮੇਟੀ ਆਪਣੇ ਸਕੂਲਾਂ ਕਾਲਜਾਂ ਵਿੱਚ ਕਸ਼ਮੀਰੀ ਸਿੱਖਾਂ ਦੀਆਂ ਬੇਟੀਆਂ ਨੂੰ ਫਰੀ ਸਿੱਖਿਆ ਦੇ ਰਹੀ ਹੈ ਤੇ ਅਗੋਂ ਵੀ ਕਮਜੋਰ ਵਰਗ ਦੇ ਸਿੱਖਾਂ ਦੀਆਂ ਬੇਟੀਆਂ ਨੂੰ ਮੁਫ਼ਤ ਵਿਦਿਆ ਦੇ ਨਾਲ-ਨਾਲ ਰਿਹਾਇਸ਼ ਆਦਿ ਦੇਵੇਗੀ।

ਇਸ ਮੌਕੇ ਸ. ਰਾਜਿੰਦਰ ਸਿੰਘ ਮਹਿਤਾ ਅੰਤ੍ਰਿੰਗ ਮੈਂਬਰ, ਸ. ਖੁਸ਼ਵਿੰਦਰ ਸਿੰਘ ਭਾਟੀਆ ਮੈਂਬਰ, ਸ. ਦਿਲਜੀਤ ਸਿੰਘ ਬੇਦੀ ਵਧੀਕ ਸਕੱਤਰ, ਸ. ਪਰਮਜੀਤ ਸਿੰਘ ਮੁੰਡਾ ਪਿੰਡ ਨਿਜੀ ਸਹਾਇਕ, ਸ. ਸੁਲੱਖਣ ਸਿੰਘ ਤੇ ਸ. ਗੁਰਿੰਦਰ ਸਿੰਘ ਮੈਨੇਜਰ, ਸ. ਲਖਬੀਰ ਸਿੰਘ ਡੋਗਰ ਵਧੀਕ ਮੈਨੇਜਰ, ਸ. ਸੁਖਦੇਵ ਸਿੰਘ ਇੰਚਾਰਜ ਤੇ ਸ. ਗੁਰਵਿੰਦਰ ਸਿੰਘ ਨਿਜੀ ਸਹਾਇਕ ਆਦਿ ਮੌਜੂਦ ਸਨ। *੨੩ ਅਗਸਤ*

## ਗੁਰਦੁਆਰਾ ਸਾਹਿਬ ਦੀ ਹੱਦ ਅੰਦਰ ਸ਼ਰਾਬ ਵੇਚਣ ਵਾਲਿਆਂ ਨੂੰ ਕਦਾਚਿਤ ਵੀ ਮੁਆਫ਼ ਨਾ ਕੀਤਾ ਜਾਵੇ- ਜਥੇਦਾਰ ਅਵਤਾਰ ਸਿੰਘ

ਅੰਮ੍ਰਿਤਸਰ- ਜਥੇਦਾਰ ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਫ਼ਰੀਦਕੋਟ ਦੇ ਸਾਦਿਕ ਨਜਦੀਕ ਪਿੰਡ ਚੰਨੀਆਂ ਦੇ ਗੁਰਦੁਆਰਾ ਸਾਹਿਬ ਦੀ ਹਦੂਦ 'ਚ ਸ਼ਰਾਬ ਦੇ ਠੇਕੇਦਾਰਾਂ ਵੱਲੋਂ ਸ਼ਰਾਬ ਵੇਚੇ ਜਾਣ 'ਤੇ ਸਖ਼ਤ ਨਿਖੇਧੀ ਕੀਤੀ ਹੈ।

ਉਨ੍ਹਾਂ ਕਿਹਾ ਕਿ ਇਹ ਉਸ ਸ਼ੈਤਾਨੀ ਦਿਮਾਗ ਦੀ ਕਾਢ ਹੈ ਜੋ ਪੰਜਾਬ ਅੰਦਰ ਅਸ਼ਾਂਤੀ ਫੈਲਾਉਣਾ ਚਾਹੁੰਦਾ ਹੈ। ਉਨ੍ਹਾਂ ਕਿਹਾ ਕਿ ਐਸੈ ਅਨਸਰ ਜਿਨ੍ਹਾਂ ਇਹ ਸ਼ਰਮਨਾਕ ਕਰਤੂਤ ਕੀਤੀ ਹੈ ਨੂੰ ਕਦਾਚਿਤ ਵੀ ਮੁਆਫ਼ ਨਹੀਂ ਕੀਤਾ ਜਾਣਾ ਚਾਹੀਦਾ। ਉਨ੍ਹਾਂ ਕਿਹਾ ਕਿ ਇਸ ਮੰਦਭਾਗੀ ਘਟਨਾ ਨਾਲ ਸਿੱਖਾਂ ਵਿੱਚ ਭਾਰੀ ਰੋਸ ਤੇ ਰੋਹ ਪਾਇਆ ਜਾ ਰਿਹਾ ਹੈ। ਜਥੇਦਾਰ ਅਵਤਾਰ ਸਿੰਘ ਨੇ ਸਰਕਾਰ ਤੇ ਪੁਲੀਸ ਪ੍ਰਸ਼ਾਸਨ ਨੂੰ ਅਪੀਲ ਕਰਦਿਆਂ ਕਿਹਾ ਕਿ ਜਿਨ੍ਹਾਂ ਲੋਕਾਂ ਨੇ ਇਹ ਕਾਰਾ ਕੀਤਾ ਹੈ ਉਨ੍ਹਾਂ 'ਤੇ ਕਾਨੂੰਨ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇ ਤਾਂ ਜੋ ਅੱਗੇ ਤੋਂ ਕਿਸੇ ਵੀ ਵਿਅਕਤੀ ਦਾ ਇਸ ਤਰ੍ਹਾਂ ਦੀ ਮੰਦਭਾਗੀ ਘਟਨਾ ਨੂੰ ਅੰਜ਼ਾਮ ਦੇਣ ਦਾ ਹੀਆ ਨਾ ਪਵੇ। *੨੫ ਅਗਸਤ*

## ਤ੍ਰੈ ਸ਼ਤਾਬਦੀ ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਜ ਦੀ ਵਿਦਿਆਰਥਣ ਨੇ ਐਮ.ਏ. ਇਕਨਾਮਿਕਸ ਸਮੈਸਟਰ ਦੂਜੇ 'ਚ ਪਹਿਲਾ ਸਥਾਨ ਹਾਸਲ ਕੀਤਾ

ਅੰਮ੍ਰਿਤਸਰ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਤ੍ਰੈ ਸ਼ਤਾਬਦੀ ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਜ ਸ੍ਰੀ ਅੰਮ੍ਰਿਤਸਰ ਦੀ ਵਿਦਿਆਰਥਣ ਸਿਮਰਨਜੀਤ ਕੌਰ ਨੇ ਐਮ.ਏ. ਇਕਨਾਮਿਕਸ ਸਮੈਸਟਰ ਦੂਜੇ ਵਿੱਚ ਪਹਿਲਾ ਸਥਾਨ ਹਾਸਲ ਕੀਤਾ।

ਇਸ ਮੌਕੇ ਕਾਲਜ ਦੀ ਪ੍ਰਿੰਸੀਪਲ ਸ੍ਰੀਮਤੀ ਜਤਿੰਦਰ ਕੌਰ, ਸ. ਅਮਰ ਸਿੰਘ ਸੁਪ੍ਰਿੰਟੈਂਡੈਂਟ, ਡਾ. ਹਰਜੀਵ ਕੌਰ, ਪ੍ਰੋ. ਰਣਦੀਪ ਕੌਰ, ਡਾ. ਗੁਰਸ਼ਰਨ ਕੌਰ ਤੇ ਸ. ਗੁਰਜਿੰਦਰ ਸਿੰਘ ਨੇ ਸਾਂਝੇ ਤੌਰ 'ਤੇ ਜਥੇਦਾਰ ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵਧਾਈ ਦਿੰਦਿਆਂ ਕਿਹਾ ਕਿ ਸਾਡੇ ਕਾਲਜ ਦੀ ਵਿਦਿਆਰਥਣ ਸਿਮਰਨਜੀਤ ਕੌਰ ਨੇ ੯੨ ਫੀਸਦੀ ਅੰਕ ਪ੍ਰਾਪਤ ਕਰਕੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚੋਂ ਪਹਿਲੀ ਪੁਜੀਸ਼ਨ ਅਤੇ ਪੂਰੇ ਅੰਮ੍ਰਿਤਸਰ ਜ਼ਿਲ੍ਹੇ ਵਿਚੋਂ ਪਹਿਲਾ ਸਥਾਨ ਹਾਸਲ ਕੀਤਾ ਹੈ।

ਉਨ੍ਹਾਂ ਕਿਹਾ ਕਿ ਇਹ ਚੰਗਾ ਨਤੀਜਾ ਵਿਭਾਗ ਦੇ ਅਧਿਆਪਕਾਂ ਤੇ ਵਿਦਿਆਰਥਣ ਦੀ ਅਣਥੱਕ ਮਿਹਨਤ ਦਾ ਸਿੱਟਾ ਹੈ। ਉਨ੍ਹਾਂ ਵਿਦਿਆਰਥਣ ਨੂੰ ਅੱਗੇ ਤੋਂ ਇਸੇ ਤਰ੍ਹਾਂ ਹੋਰ ਮਿਹਨਤ ਕਰਕੇ ਮਾਪਿਆਂ ਤੇ ਕਾਲਜ ਦਾ ਨਾਮ ਰੌਸ਼ਨ ਕਰਦੇ ਰਹਿਣ ਦੀ ਪ੍ਰੇਰਨਾ ਦਿੱਤੀ। *੩ ਅਗਸਤ*

# ਜਥੇਦਾਰ ਅਵਤਾਰ ਸਿੰਘ ਨੇ ਸ੍ਰੀ ਪੁਸ਼ਪ ਕਮਲ ਦਾਹਲ ਪ੍ਰਚੰਡ ਨੂੰ ਨੇਪਾਲ ਦਾ ਪ੍ਰਧਾਨ ਮੰਤਰੀ ਬਣਨ 'ਤੇ ਵਧਾਈ ਪੱਤਰ ਲਿਖਿਆ

ਅੰਮ੍ਰਿਤਸਰ- ਜਥੇਦਾਰ ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ੍ਰੀ ਪੁਸ਼ਪ ਕਮਲ ਦਾਹਲ ਪ੍ਰਚੰਡ ਨੂੰ ਆਪਣੇ ਸੱਤ ਸਾਲਾ ਦੇ ਕਾਰਜਕਾਲ ਦੌਰਾਨ ਦੂਜੀ ਵਾਰ ਨੇਪਾਲ ਦਾ ਪ੍ਰਧਾਨ ਮੰਤਰੀ ਬਣਨ 'ਤੇ ਵਧਾਈ ਦਿੰਦਿਆਂ ਪੱਤਰ ਲਿਖਿਆ।

ਆਪਣੇ ਪੱਤਰ ਵਿੱਚ ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਹੋਣ ਦੇ ਨਾਤੇ ਮੈਂ ਤੁਹਾਨੂੰ ਆਪਣੀਆਂ ਦਿਲ ਦੀਆਂ ਗਹਿਰਾਈਆਂ ਤੋਂ ਨੇਪਾਲ ਦਾ ਪ੍ਰਧਾਨ ਮੰਤਰੀ ਬਣਨ 'ਤੇ ਮੁਬਾਰਕਬਾਦ ਦਿੰਦਾ ਹਾਂ। ਉਨ੍ਹਾਂ ਕਿਹਾ ਕਿ ਇਸ ਅਵਸਰ ਤੇ ਮੈਂ ਤੁਹਾਨੂੰ ਰੂਹਾਨੀਅਤ ਦੇ ਕੇਂਦਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਆਉਣ ਦਾ ਸੱਦਾ ਦਿੰਦਾ ਹਾਂ। ਉਨ੍ਹਾਂ ਕਿਹਾ ਕਿ ਮੈਂ ਤੁਹਾਨੂੰ ਆਪਣੀਆਂ ਸ਼ੁਭ ਕਾਮਨਾਵਾਂ ਦਿੰਦਿਆਂ ਪਰਮਾਤਮਾ ਤੋਂ ਤੁਹਾਡੀ ਹਰ ਸਫਲਤਾ ਦੀ ਅਰਦਾਸ ਕਰਦਾ ਹਾਂ। ਉਨ੍ਹਾਂ ਕਿਹਾ ਕਿ ਮੈਨੂੰ ਯਕੀਨ ਹੈ ਕਿ ਜੋ ਵਿਸ਼ਵਾਸ਼ ਤੁਹਾਡੇ ਦੇਸ਼ ਦੇ ਲੋਕਾਂ ਨੇ ਦਿਖਾਇਆ ਹੈ ਤੁਸੀਂ ਉਸ ਤੋਂ ਪ੍ਰੇਰਨਾ ਲੈ ਕੇ ਉਨ੍ਹਾਂ ਦੇ ਸਰਵਪੱਖੀ ਵਿਕਾਸ, ਖੁਸ਼ਹਾਲੀ ਤੇ ਸੁਰੱਖਿਆ ਲਈ ਅਹਿਮ ਭੂਮਿਕਾ ਨਿਭਾਉਣ ਵਿੱਚ ਕਾਰਗਰ ਸਾਬਤ ਹੋਵੋਗੇ।

ਆਪਣੇ ਪੱਤਰ ਵਿੱਚ ਉਨ੍ਹਾਂ ਨੇਪਾਲ ਦੇ ਪ੍ਰਧਾਨ ਮੰਤਰੀ ਨੂੰ ਇਹ ਵੀ ਦੱਸਿਆ ਕਿ ਸ.ਪ੍ਰੀਤਮ ਸਿੰਘ ਪ੍ਰਧਾਨ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਕਾਠਮੰਡੂ ਨਾਲ ਉਨ੍ਹਾਂ ਦੇ ਚੰਗੇ ਸਬੰਧ ਹਨ। ਉਨ੍ਹਾਂ ਨੇਪਾਲ ਦੇ ਪ੍ਰਧਾਨ ਮੰਤਰੀ ਨੂੰ ਗੁਰਦੁਆਰਾ ਸਾਹਿਬ ਲਈ ਹਰ ਸੰਭਵ ਸਹਾਇਤਾ ਅਤੇ ਸਿੱਖ ਭਾਈਚਾਰੇ ਨਾਲ ਸਬੰਧਿਤ ਮਾਮਲਿਆਂ ਵਿੱਚ ਸਹਿਯੋਗ ਦੇਣ ਦੀ ਬੇਨਤੀ ਵੀ ਕੀਤੀ।

*੬ ਅਗਸਤ*

# ਇੰਗਲੈਂਡ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਦੀ ਬੇਅਦਬੀ ਨਿੰਦਣਯੋਗ- ਜਥੇਦਾਰ ਅਵਤਾਰ ਸਿੰਘ

ਅੰਮ੍ਰਿਤਸਰ- ਇੰਗਲੈਂਡ ਦੇ ਸ਼ਹਿਰ ਬਰੈਡਫੋਰਡ ਵਿਖੇ ਕੁਝ ਸ਼ਰਾਰਤੀ ਅਨਸਰਾਂ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਨੂੰ ਗੁਰਦੁਆਰਾ ਸਾਹਿਬ ਦੀ ਇਮਾਰਤ ਤੋਂ ਬਾਹਰ ਸੁੱਟਣਾ ਨਿੰਦਣਯੋਗ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਜਥੇਦਾਰ ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਥੋਂ ਜਾਰੀ ਪ੍ਰੈਸ ਬਿਆਨ ਵਿੱਚ ਕੀਤਾ।

ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਭ ਦੇ ਸਾਂਝੇ ਗੁਰੂ ਹਨ ਪਰ ਕੁਝ ਸਿਰਫਿਰੇ ਵਿਅਕਤੀ ਗੁਰੂ ਸਾਹਿਬ ਦਾ ਅਪਮਾਨ ਕਰਕੇ ਅਮਨ ਅਤੇ ਸ਼ਾਂਤੀ ਨੂੰ ਭੰਗ ਕਰਨਾ ਚਾਹੁੰਦੇ ਹਨ, ਜੋ ਕਦਾਚਿਤ ਵੀ ਬਰਦਾਸ਼ਤ ਯੋਗ ਨਹੀਂ ਹੈ। ਉਨ੍ਹਾਂ ਕਿਹਾ ਕਿ ਆਪਣੇ ਦੇਸ਼ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਘਟਨਾਵਾਂ ਰੁਕਣ ਦਾ ਨਾਮ ਨਹੀਂ ਲੈ ਰਹੀਆਂ ਤੇ ਹੁਣ ਵਿਦੇਸ਼ਾਂ ਵਿੱਚ ਪਾਵਨ ਸਰੂਪਾਂ ਦਾ ਨਿਰਾਦਰ ਸ਼ੁਰੂ ਹੋਣਾ ਚਿੰਤਾ ਦਾ ਵਿਸ਼ਾ ਹੈ।

ਉਨ੍ਹਾਂ ਇੰਗਲੈਂਡ ਦੀ ਸਰਕਾਰ ਨੂੰ ਪੁਰਜ਼ੋਰ ਅਪੀਲ ਕੀਤੀ ਕਿ ਉਹ ਗੁਰਦੁਆਰਾ ਸਾਹਿਬ ਵਿੱਚ ਲੱਗੇ ਸੀ.ਸੀ.ਟੀ.ਵੀ. ਕੈਮਰਿਆਂ ਦੀ ਮਦਦ ਨਾਲ ਇਸ ਘਟਨਾ ਨੂੰ ਅੰਜ਼ਾਮ ਦੇਣ ਵਾਲੇ ਦੋਸ਼ੀਆਂ ਦੀ ਪਹਿਚਾਣ ਕਰਕੇ ਉਨ੍ਹਾਂ ਨੂੰ ਜਲਦ ਤੋਂ ਜਲਦ ਗ੍ਰਿਫਤਾਰ ਕਰਨ ਤੇ ਕਾਨੂੰਨ ਅਨੁਸਾਰ ਬਣਦੀ ਸਖਤ ਸਜ਼ਾ ਦਿੱਤੀ ਜਾਵੇ।

*੧੭ ਅਗਸਤ*

# ਟਹਿਲ ਸਿੰਘ ਨਗਰ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਅਗਨ ਭੇਟ ਹੋਣੇ ਦੁਖਦਾਈ- ਜਥੇਦਾਰ ਅਵਤਾਰ ਸਿੰਘ

ਅੰਮ੍ਰਿਤਸਰ- ਜਥੇਦਾਰ ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਗੁਰਦੁਆਰਾ ਬਾਬਾ ਟਹਿਲ ਸਿੰਘ ਪਿੰਡ ਟਹਿਲ ਸਿੰਘ ਨਗਰ ਨੇੜੇ ਮੀਰਾਂਕੋਟ ਅੰਮ੍ਰਿਤਸਰ ਵਿਖੇ ਸਰਕਟ ਸ਼ਾਰਟ ਹੋਣ ਕਾਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ੩ ਪਾਵਨ ਸਰੂਪ ਅਗਨ ਭੇਟ ਹੋਣ ਦੀ ਘਟਨਾ ਨੂੰ ਦੁਖਦਾਈ ਦੱਸਿਆ ਹੈ।

ਇਥੋਂ ਜਾਰੀ ਪ੍ਰੈਸ ਬਿਆਨ ਵਿੱਚ ਸ਼੍ਰੋਮਣੀ ਕਮੇਟੀ ਦੇ ਬੁਲਾਰੇ ਤੇ ਵਧੀਕ ਸਕੱਤਰ ਸ. ਦਿਲਜੀਤ ਸਿੰਘ ਬੇਦੀ ਨੇ ਜਥੇਦਾਰ ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਕਮੇਟੀ ਦੇ ਹਵਾਲੇ ਨਾਲ ਕਿਹਾ ਕਿ ਮੀਰਾਂਕੋਟ ਦੇ ਗੁਰਦਆਰਾ ਸਾਹਿਬ ਵਿਖੇ ਸਰਕਟ ਸ਼ਾਰਟ ਹੋਣ ਕਾਰਨ ਵਾਪਰੀ ਘਟਨਾ ਵਿੱਚ ਅਗਨ ਭੇਟ ਹੋਏ ਪਾਵਨ ਸਰੂਪਾਂ ਨੂੰ ਸ਼੍ਰੋਮਣੀ ਕਮੇਟੀ ਤੇ ਧਰਮ ਪ੍ਰਚਾਰ ਕਮੇਟੀ ਵੱਲੋਂ ਮੌਕੇ ਤੇ ਪਹੁੰਚੇ ਸ. ਮਗਵਿੰਦਰ ਸਿੰਘ ਖਾਪੜਖੇੜੀ ਤੇ ਸ. ਗੁਲਜ਼ਾਰ ਸਿੰਘ ਰਣੀਕੇ ਮੈਂਬਰ ਸ਼੍ਰੋਮਣੀ ਕਮੇਟੀ, ਸ. ਅਜੀਤ ਸਿੰਘ ਇੰਚਾਰਜ ਧਾਰਮਿਕ ਪੜਤਾਲਾਂ, ਭਾਈ ਸੁਰਜੀਤ ਸਿੰਘ, ਭਾਈ ਤਰਸੇਮ ਸਿੰਘ, ਭਾਈ ਹਰਪ੍ਰੀਤ ਸਿੰਘ ਤੇ ਭਾਈ ਗੁਰਮੀਤ ਸਿੰਘ ਪ੍ਰਚਾਰਕ ਨੇ ਸ੍ਰੀ ਗੋਵਿੰਦਵਾਲ ਸਾਹਿਬ ਪਹੁੰਚਾ ਦਿੱਤਾ ਹੈ।

ਸ. ਬੇਦੀ ਨੇ ਦੱਸਿਆ ਕਿ ਜਥੇਦਾਰ ਅਵਤਾਰ ਸਿੰਘ ਨੇ ਅਕਾਲੀ ਦਲ ਮੰਤਰੀਆਂ, ਵਿਧਾਇਕਾਂ ਤੇ ਜ਼ਿਲ੍ਹਾਂ ਜਥੇਦਾਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਗੁਰਦੁਆਰਾ ਸਾਹਿਬਾਨ ਵਿਖੇ ਧਾਰਮਿਕ ਇਕੱਤਰਤਾਵਾਂ ਸਮੇਂ ਗੁਰਦੁਆਰਾ ਸਾਹਿਬ ਦੀ ਮਾਣ ਮਰਯਾਦਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਾਂਭ-ਸੰਭਾਲ ਬਾਰੇ ਸੰਗਤਾਂ ਨੂੰ ਸੁਚੇਤ ਕਰਨ। ਉਨ੍ਹਾਂ ਸ਼੍ਰੋਮਣੀ ਕਮੇਟੀ ਮੈਂਬਰਾਂ ਨੂੰ ਵੀ ਕਿਹਾ ਕਿ ਉਹ ਆਪੋ-ਆਪਣੇ ਇਲਾਕਿਆਂ ਵਿੱਚ ਗੁਰਦੁਆਰਾ ਸਾਹਿਬਾਨ ਵਿਖੇ ਵਿਸ਼ੇਸ਼ ਇਕੱਠ ਕਰਕੇ ਲੋਕਲ ਕਮੇਟੀਆਂ ਤੇ ਗ੍ਰੰਥੀਆਂ ਨੂੰ ਅਪੀਲ ਕਰਨ ਕਿ ਉਹ ਸੁੱਖ ਆਸਨ ਤੇ ਪ੍ਰਕਾਸ਼ ਅਸਥਾਨ ਵਿਖੇ ਕਿਸੇ ਕਿਸਮ ਦੇ ਬਿਜਲਈ ਉਪਕਰਨ ਦੀ ਵਰਤੋਂ ਨਾ ਕਰਨ। *੬ ਅਗਸਤ*

# ਕੈਲੀਫੋਰਨੀਆ ਵਿਚ ਗੁਰਬਾਣੀ ਦੇ ਗੁਟਕਾ ਸਾਹਿਬ ਦੀ ਹੋਈ ਬੇਅਦਬੀ ਮੰਦਭਾਗੀ- ਜਥੇਦਾਰ ਅਵਤਾਰ ਸਿੰਘ

ਅੰਮ੍ਰਿਤਸਰ- ਜਥੇਦਾਰ ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅਮਰੀਕਾ ਦੀ ਸਟੇਟ ਕੈਲੀਫੋਰਨੀਆ ਦੇ ਸ਼ਹਿਰ 'ਯੂਨੀਅਨ ਸਿਟੀ' ਵਿੱਚ ਕਿਸੇ ਅਣਪਛਾਤੇ ਵਿਅਕਤੀ ਵੱਲੋਂ ਸ੍ਰੀ ਸੁਖਮਨੀ ਸਾਹਿਬ ਜੀ ਦੀ ਪਾਵਨ ਬਾਣੀ ਦਾ ਗੁਟਕਾ ਸਾਹਿਬ ਪਾੜ ਕੇ ਸੁੱਟਣ ਤੇ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ ਹੈ। ਦਫ਼ਤਰ ਤੋਂ ਜਾਰੀ ਪ੍ਰੈਸ ਬਿਆਨ ਵਿੱਚ ਜਥੇਦਾਰ ਅਵਤਾਰ ਸਿੰਘ ਨੇ ਕਿਹਾ ਕਿ ਪੰਜਾਬ ਵਿੱਚ ਵਾਪਰੀਆਂ ਘਟਨਾਵਾਂ ਤੋਂ ਬਾਅਦ ਹੁਣ ਵਿਦੇਸ਼ਾਂ ਵਿੱਚ ਵੀ ਗੁਰਬਾਣੀ ਦੀ ਬੇਅਦਬੀ ਦੀਆਂ ਘਟਨਾਵਾਂ ਹੋਣ ਲੱਗ ਪਈਆਂ ਹਨ। ਉਨ੍ਹਾਂ ਕਿਹਾ ਕਿ ਅਗਰ ਆਪਣੇ ਘਰ ਵਿੱਚ ਪ੍ਰਸ਼ਾਸਨ ਵੱਲੋਂ ਕੋਈ ਸਖ਼ਤ ਐਕਸ਼ਨ ਲੈ ਕੇ ਇਨ੍ਹਾਂ ਮੰਦਭਾਗੀਆਂ ਘਟਨਾਵਾਂ ਨੂੰ ਠੱਲ੍ਹ ਪਾਈ ਹੁੰਦੀ ਤਾਂ ਅੱਜ ਵਿਦੇਸ਼ਾਂ ਵਿੱਚ ਇਹ ਘਟਨਾਵਾਂ ਦੇਖਣ ਨੂੰ ਨਾ ਮਿਲਦੀਆ।

ਉਨ੍ਹਾਂ ਭਾਰਤ ਦੀ ਵਿਦੇਸ਼ ਮੰਤਰੀ ਸ੍ਰੀਮਤੀ ਸੁਸ਼ਮਾ ਸਵਰਾਜ ਨੂੰ ਕੈਲੀਫੋਰਨੀਆ ਸਰਕਾਰ ਨਾਲ ਰਾਬਤਾ ਕਾਇਮ ਕਰਕੇ ਅਤੇ ਓਥੋਂ ਦੀ ਸਰਕਾਰ ਨੂੰ ਵੀ ਸਿੱਧੇ ਤੌਰ ਤੇ ਅਪੀਲ ਕਰਦਿਆਂ ਕਿਹਾ ਹੈ ਕਿ ਸਿੱਖਾਂ ਨੇ ਪਿਛਲੇ ਲੰਬੇ ਸਮੇਂ ਤੋਂ ਅਮਰੀਕਾ ਦੀ ਆਰਥਿਕ ਤਰੱਕੀ ਤੇ ਖੁਸ਼ਹਾਲੀ ਵਾਸਤੇ ਬਹੁਤ ਮਹੱਤਵਪੂਰਨ ਯੋਗਦਾਨ ਪਾਇਆ ਹੈ। ਉਨ੍ਹਾਂ ਕਿਹਾ ਕਿ ਜਿਵੇਂ ਅਮਰੀਕਾ ਦੀ ਸਰਕਾਰ ਸਿੱਖਾਂ ਤੇ ਹੁੰਦੇ ਨਸਲੀ ਹਮਲਿਆਂ ਲਈ ਉਨ੍ਹਾਂ ਦੀ ਮਦਦ ਕਰ ਰਹੀ ਹੈ ਉਸੇ ਤਰ੍ਹਾਂ ਇਸ ਅਪਰਾਧੀ ਨੂੰ ਜਲਦ ਤੋਂ ਜਲਦ ਤਲਾਸ਼ ਕਰਕੇ ਉਸ ਨੂੰ ਕਾਨੂੰਨ ਅਨੁੰਸਾਰ ਸਖ਼ਤ ਸਜ਼ਾ ਦਿਵਾਈ ਜਾਵੇ ਤਾਂ ਜੋ ਅੱਗੇ ਤੋਂ ਕੋਈ ਵਿਅਕਤੀ ਪਾਵਨ ਪਵਿੱਤਰ ਗੁਰਬਾਣੀ ਦੀ ਬੇਅਦਬੀ ਨਾ ਕਰੇ। ਉਨ੍ਹਾਂ ਅਮਰੀਕਾ ਵਿੱਚ ਰਹਿੰਦੇ ਸਿੱਖ ਭਾਈਚਾਰੇ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਪੂਰੀ ਤਰ੍ਹਾਂ ਨਾਲ ਸ਼ਾਂਤੀ ਬਣਾਈ ਰੱਖਣ ਤੇ ਓਥੋਂ ਦੀ ਸਰਕਾਰ ਨਾਲ ਰਾਫ਼ਤਾ ਕਾਇਮ ਕਰਕੇ ਦੋਸ਼ੀ ਨੂੰ ਤੁਰੰਤ ਗ੍ਰਿਫ਼ਤਾਰ ਕਰਨ ਲਈ ਜੋਰ ਦੇਣ। *੧੧ ਅਗਸਤ*

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਬੇਅਦਬੀ ਦੀਆਂ ਘਟਨਾਵਾਂ ਅਸਹਿਣਯੋਗ- ਜਥੇਦਾਰ ਅਵਤਾਰ ਸਿੰਘ

ਅੰਮ੍ਰਿਤਸਰ- ਜਥੇਦਾਰ ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਬਟਾਲਾ ਦੇ ਪਿੰਡ ਮਰੜ ਨਵੀਂ ਪੱਤੀ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗਾਂ ਦੀ ਬੇਅਦਬੀ ਅਤੇ ਟਾਂਡਾ ਉੜਮੁੜ ਦੇ ਪਿੰਡ ਬਾਬਕ ਦੇ ਗੁਰਦੁਆਰਾ ਸਾਹਿਬ ਵਿਖੇ ਸਰਕਟ ਸ਼ਾਰਟ ਹੋਣ ਕਾਰਨ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਿੰਨ ਪਾਵਨ ਸਰੂਪ ਅਗਨ ਭੇਟ ਹੋ ਜਾਣ ਦੀਆਂ ਘਟਨਾਵਾਂ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ।

